ਪ੍ਰੋ. ਪ੍ਰੀਤਮ

PANJAB U

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬੀਊਰੋ

ਚੰਡੀਗੜ੍ਹ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ALL LEGITIMATELY SOLD COPIES OF THIS BOOK BEAR THE SIGNATURE SEAL OF THE REGISTRAR, PANJAB UNIVERSITY.

# ਗੱਦ ਪਰਵੇਸ਼

—ਸੰਪਾਦਕ—

ਪ੍ਰੋ. ਪ੍ਰੀਤਮ ਸਿੰਘ

ਪੰਜਾਬ ਯੂਨੀਵਰਸਿਟੀ

Digitized by Panjab Digital Library | www.panjabdigilib.org

*Published by :*

**Prof. Raghunandan Shastri,** M.A., M.O.L.
Secretary, Publication Bureau,
Panjab University, Chandigarh.

**First Edition**
**1958**

ਮੁੱਲ : ੧. ੫੦ ਨ. ਪੈ.
ਇਕ ਰੁਪਿਆ ੫੦ ਨਵੇਂ ਪੈਸੇ

ਸਭ ਹੱਕ ਰਾਖਵੇਂ ਹਨ

All rights including those of translation, reproduction and annotation, etc. are reserved by the Panjab University.

*Printed by:*
Shri P. N. Varma,
At The Tribune Press,
Ambala Cantt.

Digitized by Panjab Digital Library | www.panjabdigilib.org

# ਲੇਖ-ਸੂਚੀ


| ਨੰ: | ਲੇਖ | ਲੇਖਕ | ਸਫ਼ਾ |
|---|---|---|---|
| ੧. | ਭੂਮਿਕਾ | ਸੰਪਾਦਕ | ੳ |
| ੨. | ਸਰਹੰਦ ਦੀ ਫ਼ਤਿਹ | ਗਿਆਨੀ ਗਿਆਨ ਸਿੰਘ | ੧ |
| ੩. | ਗੰਗਾ ਇਸ਼ਨਾਨ | ਪੰ. ਸ਼ਰਧਾ ਰਾਮ ਫਲੌਰੀ | ੧੦ |
| ੪. | ਪੋਸਤੀ ਦੀ ਕਮਾਈ | ਡਾ. ਚਰਨ ਸਿੰਘ | ੧੯ |
| ੫. | ਨਾਲੇ ਗੁਰ ਬੰਧਪ, ਨਾਲੇ ਗੁਰ ਸਿੱਖ | ਭਾ. ਵੀਰ ਸਿੰਘ | ੨੬ |
| ੬. | ਸਿਆਮੀ ਜੰਗਲਾਂ ਵਿਚ | ਸ. ਲਾਲ ਸਿੰਘ 'ਕਮਲਾ ਅਕਾਲੀ' | ੩੩ |
| ੭. | ਸਾਉਪੁਣਾ | ਪ੍ਰਿੰ. ਤੇਜਾ ਸਿੰਘ | ੪੫ |
| ੮. | ਰੋਜ਼ਾਨਾ ਮਨੁੱਖਾ ਜੀਵਨ ਤ ਧਰਮ | ਪ੍ਰਿੰ. ਸਾਹਿਬ ਸਿੰਘ | ੬੦ |
| ੯. | ਰਾਵਣ ਦਾ ਅੰਤ | ਪ੍ਰੋ. ਬ੍ਰਿਜ ਲਾਲ ਸ਼ਾਸਤ੍ਰੀ | ੬੬ |
| ੧੦. | ਜ਼ਿੰਦਗੀ ਦਾ ਹੱਸਦਾ ਪਾਸਾ | ਸ. ਗੁਰਬਖ਼ਸ਼ ਸਿੰਘ | ੮੧ |
| ੧੧. | ਸਭਰਾਵਾਂ ਦੀ ਲੜਾਈ | ਡਾ. ਗੰਡਾ ਸਿੰਘ | ੮੮ |
| ੧੨. | ਸੱਪ | ਸ. ਹਰਿੰਦਰ ਸਿੰਘ 'ਰੂਪ' | ੧੦੩ |
| ੧੩. | ਹਜ਼ਰਤ ਮੁਹੰਮਦ | ਪ੍ਰੋ. ਸੰਤ ਸਿੰਘ ਸੇਖੋਂ | ੧੧੩ |
| ੧੪. | ਬਰਾਗੀ | ਸ. ਈਸ਼ਵਰ ਸਿੰਘ ਚਿਤ੍ਰਕਾਰ | ੧੨੪ |
| ੧੫. | ਸੇਵਾ ਪੰਥ | ਪ੍ਰੋ. ਪ੍ਰੀਤਮ ਸਿੰਘ | ੧੩੩ |
| ੧੬. | ਭਗਤ ਸਿੰਘ ਸ਼ਹੀਦ | ਸ਼੍ਰੀ ਬਲਵੰਤ ਗਾਰਗੀ | ੧੪੫ |
| ੧੭. | ਜਾਣ ਪਛਾਣ | ਸੰਪਾਦਕ | ੧੫੫ |
| ੧੮. | ਸ਼ਬਦਾਰਥ | ਸੰਪਾਦਕ | ੧੬੬ |


Digitized by Panjab Digital Library | www.panjabdigilib.org

# ਧੰਨਵਾਦ

ਪੰਜਾਬ ਯੂਨੀਵਰਸਿਟੀ ਹੇਠ-ਲਿਖੇ ਲੇਖਕਾਂ ਤੇ ਪ੍ਰਕਾਸ਼ਕਾਂ ਦੀ ਰਿਣੀ ਹੈ ਜਿਨ੍ਹਾਂ ਨੇ ਇਸ ਸੰਗ੍ਰਹਿ ਵਿਚ ਸ਼ਾਮਲ ਕਾਪੀ-ਰਾਈਟ ਲੇਖਾਂ ਨੂੰ ਛਾਪਣ ਦੀ ਆਗਿਆ ਦਿੱਤੀ ਹੈ :—

ਸਕੱਤਰ, ਖ਼ਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ (ਗਿਆਨੀ ਗਿਆਨ ਸਿੰਘ ਰਚਿਤ 'ਸ਼ਮਸ਼ੇਰ ਖ਼ਾਲਸਾ' ਵਿੱਚੋਂ 'ਸਰਹੰਦ ਦੀ ਫ਼ਤਿਹ' ਲਈ); ਡਾ. ਬਲਬੀਰ ਸਿੰਘ (ਡਾ. ਚਰਨ ਸਿੰਘ ਰਚਿਤ 'ਮਹਾਰਾਣੀ ਸ਼ਰਾਬ ਕੌਰ' ਵਿੱਚੋਂ 'ਪੋਸਤੀ ਦੀ ਕਮਾਈ' ਤੇ ਡਾ. ਵੀਰ ਸਿੰਘ ਰਚਿਤ 'ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ' ਵਿੱਚੋਂ 'ਨਾਲੇ ਗੁਰ ਬੰਧਪ ਨਾਲੇ ਗੁਰ ਸਿੱਖ' ਲਈ); ਸ. ਲਾਲ ਸਿੰਘ 'ਕਮਲਾ ਅਕਾਲੀ' (ਲਾਹੌਰ ਬੁੱਕ ਸ਼ਾਪ, ਲੁਧਿਆਣਾ ਪ੍ਰਕਾਸ਼ਿਤ 'ਸੈਲਾਨੀ ਦੇਸ਼-ਭਗਤ' ਵਿੱਚੋਂ 'ਸਿਆਮੀ ਜੰਗਲਾਂ ਵਿਚ' ਲਈ); ਸਰਦਾਰਨੀ ਧਨ ਕੌਰ (ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਨਵੀਂ ਦਿੱਲੀ, ਪ੍ਰਕਾਸ਼ਿਤ 'ਪ੍ਰਿੰ. ਤੇਜਾ ਸਿੰਘ ਦੇ ਚੋਣਵੇਂ ਲੇਖ' ਵਿੱਚੋਂ 'ਸਾਊਪੁਣਾ' ਲਈ); ਪ੍ਰਿੰ. ਸਾਹਿਬ ਸਿੰਘ (ਲਾਹੌਰ ਬੁੱਕ ਸ਼ਾਪ ਪ੍ਰਕਾਸ਼ਿਤ 'ਧਾਰਮਿਕ ਲੇਖ' ਵਿੱਚੋਂ 'ਵੈਜ਼ਾਨਾ ਮਨੁੱਖਾ ਜੀਵਨ ਤੇ ਧਰਮ' ਲਈ); ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ (ਪ੍ਰੋ. ਬ੍ਰਿਜ ਲਾਲ ਰਚਿਤ 'ਰਾਮ ਕਥਾ' ਵਿੱਚੋਂ 'ਰਾਵਣ ਦਾ ਅੰਤ' ਲਈ); ਸ. ਗੁਰਬਖ਼ਸ਼ ਸਿੰਘ ('ਚੰਗੇਰ ਦਨੀਆਂ' ਵਿੱਚੋਂ 'ਜ਼ਿੰਦਗੀ ਦਾ ਹੱਸਦਾ ਪਾਸਾ' ਲਈ); ਡਾ. ਗੰਡਾ

Digitized by Panjab Digital Library | www.panjabdigilib.org

(ਮਾ. ਕਰਮ ਸਿੰਘ ਗੰਗਾਵਾਲਾ, ਅੰਮ੍ਰਿਤਸਰ, ਪ੍ਰਕਾਸ਼ਿਤ 'ਸ. ਸ਼ਾਮ ਸਿੰਘ ਅਟਾਰੀਵਾਲਾ' ਵਿੱਚੋਂ 'ਸਭਰਾਵਾਂ ਦੀ ਲੜਾਈ' ਲਈ); ਸ. ਗੁਰਕੀਰਤ ਸਿੰਘ (ਸ. ਹਰਿੰਦਰ ਸਿੰਘ 'ਰੂਪ' ਰਚਿਤ 'ਰੂਪ ਰੰਗ', ਪ੍ਰਕਾਸ਼ਕ: ਲਾਹੌਰ ਬੁੱਕ ਸ਼ਾਪ, ਵਿੱਚੋਂ 'ਸੱਪ' ਲਈ); ਪ੍ਰੋ. ਸੰਤ ਸਿੰਘ ਸੇਖੋਂ (ਪੰਜਾਬੀ ਬੁੱਕ ਸੋਸਾਇਟੀ, ਦਿੱਲੀ ਦੀ ਛਾਪੀ ਪੁਸਤਕ 'ਪ੍ਰਗਤੀ ਪੰਧ' ਵਿੱਚੋਂ 'ਹਜ਼ਰਤ ਮੁਹੰਮਦ' ਲਈ); ਸ. ਈਸ਼ਵਰ ਸਿੰਘ ਚਿਤ੍ਰਕਾਰ (ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, ਪ੍ਰਕਾਸ਼ਿਤ 'ਗੱਲ ਬਾਤ' ਵਿੱਚੋਂ 'ਬਰਾਗੀ' ਲਈ) ਤੇ ਸ੍ਰੀ ਬਲਵੰਤ ਗਾਰਗੀ ('ਭਗਤ ਸਿੰਘ ਸ਼ਹੀਦ' ਲਈ)।

'ਸੇਵਾ ਪੰਥ' ਵਾਲਾ ਲੇਖ ਸੰਪਾਦਕ ਦੀ ਕਿਤਾਬ 'ਪਾਰਸ ਭਾਗ' (ਲਾਹੌਰ ਬੁੱਕ ਸ਼ਾਪ) ਦੀ ਭੂਮਿਕਾ ਵਿੱਚੋਂ ਲਿਆ ਗਿਆ ਹੈ।

Digitized by Panjab Digital Library | www.panjabdigilib.org

# ਭੂਮਿਕਾ

ਪੰਜਾਬੀ ਵਾਰਤਕ ਦੀ ਇਹ ਚੋਣ ਹਾਇਅਰ ਸੈਕਿੰਡਰੀ ਇਮਤਿਹਾਨ ਦੇ ਵਿਦਿਆਰਥੀਆਂ ਲਈ ਉਚੇਚੀ ਤਿਆਰ ਕੀਤੀ ਗਈ ਹੈ। ਇਸ ਵਿਚ ਪਿਛਲੇ ਲਗ ਭਗ ਸੌ ਵਰ੍ਹੇ ਦੀ ਵਾਰਤਕ ਦੇ ਨਮੂਨੇ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਤੋਂ ਨਵੀਂ ਪੰਜਾਬੀ ਵਾਰਤਕ ਦੇ ਵਿਕਾਸ ਤੇ ਘੇਰੇ ਦਾ ਪਤਾ ਲਗ ਜਾਂਦਾ ਹੈ। ਇਸ ਤੋਂ ਪਹਿਲਾਂ ਦੀ ਵਾਰਤਕ ਨੂੰ, 'ਨਵੀਂ' ਤੋਂ ਨਿਖੇੜਨ ਲਈ, 'ਪੁਰਾਣੀ' ਵਾਰਤਕ ਕਿਹਾ ਜਾਂਦਾ ਹੈ।

ਇਸ ਸੰਗ੍ਰਹਿ ਵਿਚ ਵਿਦਿਆਰਥੀਆਂ ਦੀ ਉਮਰ ਤੇ ਪੱਧਰ ਨੂੰ ਮੁਖ ਰੱਖ ਕੇ ਵਿਸ਼ੇ ਦੀਆਂ ਕਈ ਵੰਨਗੀਆਂ ਪੇਸ਼ ਕੀਤੀਆਂ ਗਈਆਂ ਹਨ, ਤੇ ਸੰਪਾਦਕ ਨੂੰ ਇਹ ਦੱਸਣ ਵਿਚ ਸੰਕੋਚ ਨਹੀਂ ਕਿ ਇਨ੍ਹਾਂ ਦੀ ਚੋਣ ਵਿਚ ਉਸ ਨੇ ਦੋ ਕਸਵੱਟੀਆਂ ਆਪਣੇ ਸਾਹਮਣੇ ਰੱਖਣ ਦਾ ਜਤਨ ਕੀਤਾ ਹੈ। ਪਹਿਲੀ ਇਹ ਕਿ ਹਰ ਲੇਖ ਜ਼ਿੰਦਗੀ ਬਾਰੇ ਕਿਸੇ ਸਦਾਚਾਰਕ, ਤੰਦਰੁਸਤ ਤੇ ਉਤਸ਼ਾਹ-ਭਰਿਆ ਨਜ਼ਰੀਆ ਧਾਰਨ ਦੀ ਪ੍ਰੇਰਨਾ ਦੇਵੇ ਤੇ ਦੂਜੀ ਇਹ ਕਿ ਇਨ੍ਹਾਂ ਲੇਖਾਂ ਰਾਹੀਂ ਵਿਦਿਆਰਥੀ ਦੀ ਵਾਕਫ਼ੀ ਪੰਜਾਬੀ ਗੱਦ ਦੇ ਸ੍ਰੇਸ਼ਟ ਲੇਖਕਾਂ ਤੇ ਲਿਖਣ-ਢੰਗਾਂ ਨਾਲ ਹੋ ਜਾਵੇ।

ਤੰਦਰੁਸਤ ਜ਼ਿੰਦਗੀ ਦੇ ਅਨੇਕਾਂ ਪੱਖ ਹੁੰਦੇ ਹਨ, ਜਿਨ੍ਹਾਂ ਵਿੱਚੋਂ ਕੁੱਝ ਬਾਰੇ, ਇਨ੍ਹਾਂ ਲੇਖਾਂ ਵਿਚੋਂ ਯੋਗ ਨੁਕਤੇ ਮਿਲ ਸੱਕਣਗੇ, ਸੋ ਅਸੀਂ ਇਸ ਸੰਬੰਧ ਵਿਚ ਹੋਰ ਕੁੱਝ ਕਹਿਣ ਦੀ ਲੋੜ ਨਹੀਂ ਸਮਝਦੇ; ਪਰ ਵਾਰਤਕ ਜਾਂ ਲਿਖਣ-ਢੰਗ ਬਾਰੇ ਵਿਦਿਆਰਥੀ ਨੂੰ ਥੋੜ੍ਹਾ ਬਹੁਤ ਸੁਚੇਤ ਕਰ ਦੇਣਾ ਅਯੋਗ ਨਹੀਂ ਹੋਵੇਗਾ।

ਤਕਰੀਬਨ ਹਰ ਬੋਲੀ ਦਾ ਪਹਿਲਾ ਸਾਹਿੱਤ ਕਵਿਤਾ ਵਿਚ ਹੀ ਮਿਲਦਾ ਹੈ। ਗੱਦ-ਰਚਨਾ ਬਹੁਤ ਪਿੱਛੋਂ ਜਾ ਕੇ ਹੋਈ ਪਰਤੀਤ ਹੁੰਦੀ

Digitized by Panjab Digital Library | www.panjabdigilib.org

ਹੈ ਤੇ ਮਿਲਦੇ ਨਮੂਨਿਆਂ ਤੋਂ ਸਪਸ਼ਟ ਹੈ ਕਿ ਮੁੱਢਲੇ ਲੇਖਕਾਂ ਨੂੰ, ਵਾਰਤਕ ਵਿਚ ਲਿਖਣ ਦਾ ਕੰਮ, ਛੰਦ ਰਚਣ ਨਾਲੋਂ ਵਧੇਰੇ ਔਖਾ ਲਗਦਾ ਸੀ। ਪਰ ਜਿਉਂ ਜਿਉਂ ਤਹਿਜ਼ੀਬ ਉੱਨਤੀ ਕਰਦੀ ਗਈ, ਸਾਇੰਸ ਤੇ ਹੋਰ ਦਿਮਾਗੀ ਇਲਮਾਂ ਵਿਚ ਵਾਧਾ ਹੁੰਦਾ ਗਿਆ, ਤਿਉਂ ਤਿਉਂ ਵਾਰਤਕ ਦੀ ਵਰਤੋਂ ਵੀ ਵਧਦੀ ਗਈ—ਸਗੋਂ ਵਾਰਤਕ ਆਪ ਇਨ੍ਹਾਂ ਇਲਮਾਂ ਵਿਚ ਵਾਧੇ ਦਾ ਇਕ ਕਾਰਨ ਬਣੀ। ਹੁਣ ਅਸੀਂ ਸਾਰੇ ਜਿਸ ਜੁੱਗ ਵਿਚ ਰਹਿ ਰਹੇ ਹਾਂ, ਉਹ ਵਾਰਤਕ ਦਾ ਜੁੱਗ ਹੈ; ਦਸਾਂ ਵਿੱਚੋਂ ਨੌਂ ਲਿਖਤ ਦੇ ਕੰਮ ਵਾਰਤਕ ਵਿਚ ਹੁੰਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅੱਜ ਦਾ ਹਰ ਜਣਾ ਖਣਾ ਕਿਸੇ ਸਾਹਿਤਿਕ ਲਿਖਣ-ਢੰਗ ਦਾ ਮਾਲਕ ਬਣ ਚੁੱਕਾ ਹੈ। ਅਸਲ ਗੱਲ ਇਹ ਹੈ ਕਿ ਇਸ ਸਾਰੀ ਬਹੁਲਤਾ ਦੇ ਬਾਵਜੂਦ, ਜੇ ਵਾਰਤਕ ਦੇ ਕਿਸੇ ਸਾਧਾਰਣ ਟੋਟੇ ਨੂੰ ਜ਼ਰਾ ਗਹੁ ਨਾਲ ਵਿਚਾਰਨਾ ਸ਼ੁਰੂ ਕਰ ਦਿੱਤਾ ਜਾਵੇ ਤਾਂ ਉਸ ਵਿਚੋਂ ਵਿਆਕਰਣ, ਢਿਉਂਤ ਤੇ ਵਿਚਾਰ ਦੀਆਂ ਕਈ ਥੁੜਾਂ ਜਾਂ ਗ਼ਲਤੀਆਂ ਝੱਟ ਦਿੱਸਣ ਲੱਗ ਪੈਂਦੀਆਂ ਹਨ। ਇਸ ਲਈ ਸਾਨੂੰ ਇਹ ਕਹਿਣ ਵਿਚ ਕੋਈ ਸੰਗ ਨਹੀਂ ਕਿ ਵਧੀਆ ਵਾਰਤਕ ਹੁਣ ਵੀ ਥੋੜ੍ਹੀ ਹੀ ਮਿਲਦੀ ਹੈ।

ਇਹ ਵਧੀਆ ਵਾਰਤਕ ਕਿਹੜੀ ਹੁੰਦੀ ਹੈ? ਕੀ ਕੋਈ ਖ਼ਾਸ ਨਿਸਚਿਤ ਲੱਛਣ ਐਸੇ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਸਾਹਿੱਤ ਦਾ ਕੋਈ ਵਿਦਿਆਰਥੀ ਉੱਤਮ ਵਾਰਤਕ ਨੂੰ ਨਖਿੱਧ ਵਾਰਤਕ ਤੋਂ ਨਿਖੇੜ ਸਕੇ? ਇਸ ਪ੍ਰਸ਼ਨ ਦਾ ਉੱਤਰ ਇਕ ਪ੍ਰਸ਼ਨ ਦੇ ਰੂਪ ਵਿਚ ਹੀ ਦੇਣਾ ਹੋਵੇ ਤਾਂ ਅਸੀਂ ਪੁੱਛਾਂਗੇ, ਕੀ ਮਰਦਾਵੇਂ ਜਾਂ ਤ੍ਰੀਮਤੀ ਰੂਪ ਦੀ ਪਛਾਣ ਲਈ ਕੋਈ ਨਿਸਚਿਤ ਮਾਪ ਨਿਯਤ ਹੈ, ਜਾਂ ਹੋ ਸਕਦਾ ਹੈ? ਤੁਹਾਡਾ ਉੱਤਰ ਸ਼ਾਇਦ ਨਾਂਹ ਵਿਚ ਹੀ ਹੋਵੇ, ਕਿਉਂਕਿ ਹੁਸਨ ਬਾਰੇ ਹਰ ਦੇਸ, ਕਾਲ ਤੇ ਵਿਅਕਤੀ ਦੇ ਮਿਆਰ ਵਿਚ ਢੇਰ ਫ਼ਰਕ ਹੁੰਦਾ ਹੈ। ਤਿੱਬਤੀ ਜਿਸ ਨੂੰ ਆਪਣੀ ਸਭ ਤੋਂ ਮਨਮੋਹਣੀ ਸੁੰਦਰੀ ਸਮਝਦੇ ਹਨ, ਹੋ ਸਕਦਾ ਹੈ ਸਾਧਾਰਣ ਪੰਜਾਬੀ ਉਸ ਨੂੰ ਵੇਖ ਕੇ ਨੱਕ ਚਾੜ੍ਹ ਲਵੇ; ਜੋ ਕੋਈ, ਸਾਡੇ ਹਜ਼ਾਰਾਂ ਵਰ੍ਹੇ ਪਹਿਲਾਂ ਦੇ ਵੱਡੇ ਵਡੇਰਿਆਂ ਵਾਸਤੇ ਹੁਸਨ ਦਾ ਪੁੰਜ ਸੀ, ਉਹ ਅੱਜ ਦੇ ਫ਼ੈਸ਼ਨ ਅਨੁਸਾਰ

Digitized by Panjab Digital Library | www.panjabdigilib.org

ਸ਼ਾਇਦ ਮਾਮੂਲੀ ਪੱਧਰ ਦਾ ਵੀ ਨਾ ਮੰਨਿਆ ਜਾ ਸਕੇ; ਇਸੇ ਤਰ੍ਹਾਂ ਤੁਹਾਡੀ ਤੇ ਤੁਹਾਡੇ ਗਵਾਂਢੀ ਦੀ ਪਸੰਦ ਵਿਚ ਵੀ ਫ਼ਰਕ ਹੋ ਸਕਦਾ ਹੈ । ਕੁੱਝ ਇਹੋ ਜਿਹੇ ਹੀ ਫ਼ਰਕ ਵਾਰਤਕ ਜਾਂ ਸਾਰੇ ਸਾਹਿੱਤ ਦੀ ਖ਼ੂਬਸੂਰਤੀ ਦੀ ਪਛਾਣ ਦੇ ਸੰਬੰਧ ਵਿਚ ਮੌਜੂਦ ਹੁੰਦੇ ਹਨ । ਸੋ ਕੋਈ ਸਰਬ-ਪਰਵਾਨ ਲੱਛਣ ਲੱਭਣ ਵਾਲਾ ਕੰਮ ਸੌਖਾ ਨਹੀਂ । ਨਾਲੇ ਜਿਸ ਉਮਰ ਦੇ ਵਿਦਿਆਰਥੀ ਹਾਇਅਰ ਸੈਕਿੰਡਰੀ ਦੀ ਪ੍ਰੀਖਿਆ ਵਿਚ ਬੈਠਦੇ ਹਨ, ਉਨ੍ਹਾਂ ਨੂੰ ਸਭ ਤੋਂ ਸੁਹਣੀ ਜਾਂ ਵਧੀਆ ਵਾਰਤਕ ਰਚਨਾ ਦੇ ਗੁਰ ਲੱਭਣ ਨਾਲੋਂ ਵਧ ਤੋਂ ਵਧ ਨਿਰਦੋਸ਼ ਵਾਰਤਕ ਦੀ ਪਛਾਣ ਤੇ ਉਸ ਦੇ ਅਭਿਆਸ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ । ਇਸ ਅਭਿਆਸ ਵਿਚ ਸਹਾਇਕ ਹੋਣ ਲਈ ਅਸੀਂ ਕੁੱਝ ਦੋਸ਼ ਨਿਸਚਿਤ ਕਰਦੇ ਹਾਂ ਜਿਹੜੇ ਅੱਛੀ ਵਾਰਤਕ ਵਿਚ ਨਹੀਂ ਹੋਣੇ ਚਾਹੀਦੇ :

ਪਹਿਲਾ ਵੱਡਾ ਦੋਸ਼ ਹੈ ਐਸੇ ਸ਼ਬਦਾਂ ਜਾਂ ਮੁਹਾਵਰਿਆਂ ਦੀ ਵਰਤੋਂ, ਜਿਨ੍ਹਾਂ ਦੇ ਅਰਥ ਲੇਖਕ ਨੂੰ ਪੂਰੀ ਤਰ੍ਹਾਂ ਨਹੀਂ ਆਉਂਦੇ ਹੁੰਦੇ । ਵੱਡੇ ਵੱਡੇ ਸ਼ਬਦ ਵਰਤ ਕੇ ਆਪਣੀ ਲਿਆਕਤ ਦਾ ਫੋਕਾ ਰੁਅਬ ਪਾਉਣ ਵਾਲੇ ਗ਼ਲਤੀਆਂ ਵੀ ਵੱਡੀਆਂ ਵੱਡੀਆਂ ਕਰ ਬੈਠਦੇ ਹਨ । ਵਿਦਿਆਰਥੀ ਨੂੰ ਇਕ ਗੱਲ ਪੱਲੇ ਬੰਨ੍ਹ ਛੱਡਣੀ ਚਾਹੀਦੀ ਹੈ ਕਿ ਮੋਟੇ ਮੋਟੇ ਤੇ ਔਖੇ ਔਖੇ ਸ਼ਬਦਾਂ ਤੋਂ ਬਿਨਾਂ ਵੀ ਪਾਠਕ ਉੱਤੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਇਆ ਤੇ ਉਸ ਦਾ ਮਨ ਮੋਹਿਆ ਜਾ ਸਕਦਾ ਹੈ । ਉਂਜ ਵਾਰਤਕਕਾਰ ਨੂੰ ਕਿਸੇ ਔਖੇ ਜਾਂ ਵੱਡੇ ਸ਼ਬਦ ਦੇ ਵਰਤਣ ਦੀ ਮਨਾਹੀ ਨਹੀਂ, ਪਰ ਹਰ ਪਾਠਕ ਉਸ ਪਾਸੋਂ ਆਸ ਰੱਖਦਾ ਹੈ ਕਿ ਉਹ ਸ਼ਬਦਾਂ ਤੇ ਮੁਹਾਵਰਿਆਂ ਨੂੰ ਠੀਕ ਅਰਥਾਂ ਵਿਚ ਤੇ ਲੋੜ ਅਨੁਸਾਰ ਹੀ ਵਰਤੇਗਾ । ਸ਼ਬਦਾਂ ਦੀ ਗ਼ਲਤ ਵਰਤੋਂ ਵਾਲੀ ਭੁੱਲ ਤੋਂ ਬਚਣ ਦੇ ਦੋ ਹੀ ਤਸੱਲੀ-ਬਖ਼ਸ਼ ਢੰਗ ਹਨ :

(i) ਜਾਣਕਾਰ ਲੋਕਾਂ ਨੂੰ ਸ਼ਬਦ ਵਰਤਦਿਆਂ ਸੁਣਨਾ, ਤੇ

(ii) ਮਿਆਰੀ ਪੁਸਤਕਾਂ ਤੇ ਸ਼ਬਦ-ਕੋਸ਼ਾਂ ਦੀ ਫਰੋਲ ।

ਵਿਦਿਆਰਥੀਆਂ ਨੂੰ ਆਪਣੀ ਬੋਲੀ ਠੀਕ ਕਰਨ ਲਈ ਤੇ ਸ਼ਬਦ-ਗਿਆਨ ਵਧਾਉਣ ਲਈ ਇਹ ਦੋਵੇਂ ਢੰਗ ਵਰਤਣੇ ਚਾਹੀਦੇ ਹਨ ।

Digitized by Panjab Digital Library | www.panjabdigilib.org

ਇਕ ਹੋਰ ਦੋਸ਼ ਵਾਕ-ਬਣਤਰ ਵਿਚ ਵਿਆਕਰਣਕ ਅਸ਼ੁੱਧੀਆਂ ਦਾ ਹੈ। ਸ਼ਬਦਾਂ ਨੂੰ ਕਿਸੇ ਮਿੱਥੀ ਹੋਈ ਤਰਤੀਬ ਵਿਚ ਰੱਖ ਕੇ ਹੀ ਵਾਰਤਕ ਦਾ ਮਹੱਲ ਉਸਾਰਿਆ ਜਾ ਸਕਦਾ ਹੈ ਤੇ ਜੇ ਇਹ ਤਰਤੀਬ ਸਰਬ-ਪਰਵਾਨ ਜਾਂ ਵਿਆਕਰਣ ਅਨੁਸਾਰ ਹੋਵੇ ਤਾਂ ਠੀਕ ਹੈ, ਵਰਨਾ ਉੱਤਮ ਵਾਰਤਕ ਦੀ ਨੀਂਹ ਨਹੀਂ ਬੱਝ ਸਕੇਗੀ। ਵਾਰਤਕ ਵਿਚ ਸਾਧਾਰਣ ਵਾਕ-ਵਿਉਂਤ, 'ਕਰਤਾ, ਕਰਮ, ਕਿਰਿਆ' ਵਾਲੀ ਹੁੰਦੀ ਹੈ, ਪਰ ਕਵਿਤਾ ਵਿਚ, ਆਮ ਤੌਰ ਉੱਤੇ, ਇਹ ਕ੍ਰਮ ਭੰਗ ਹੋ ਜਾਂਦਾ ਹੈ ; ਮਸਲਨ, 'ਰਾਮ ਰੋਟੀ ਖਾਂਦਾ ਹੈ' ਦਾ 'ਹੈ ਰੋਟੀ ਰਾਮ ਖਾਂਦਾ' ਜਾਂ 'ਹੈ ਖਾਂਦਾ ਰਾਮ ਰੋਟੀ' ਬਣ ਜਾਵੇਗਾ। ਇਹ ਗੱਲ ਨਿਰਵਿਰੋਧ ਮੰਨੀ ਜਾਵੇਗੀ ਕਿ ਵਾਰਤਕਕਾਰ, ਵਾਕ-ਕ੍ਰਮ ਨਾਲ, ਕਵੀਆਂ ਵਰਗੀ ਖੁੱਲ੍ਹ ਨਹੀਂ ਲੈ ਸਕਦਾ ; ਹਾਂ, ਕਦੀ ਕਦਾਈਂ, ਚਾਲ ਬਦਲਣ ਲਈ ਜਾਂ ਇਕਸਾਰਤਾ ਤੋੜਨ ਦੇ ਇਰਾਦੇ ਨਾਲ, ਨਿਯਤ ਵਾਕ-ਕ੍ਰਮ ਨੂੰ ਭੰਗ ਕਰ ਸਕਦਾ ਹੈ। ਇਸ ਤਰ੍ਹਾਂ ਦੀ ਅਵੱਗਿਆ, ਦੋਸ਼ ਨਹੀਂ ਬਣਦੀ ਪਰ ਸ਼ਰਤ ਇਹ ਹੈ ਕਿ ਉਹ ਕੋਈ ਹੋਰ ਵਿਆਕਰਣਕ ਨੇਮ ਨਾ ਤੋੜਦੀ ਹੋਵੇ। ਸਮੁੱਚੇ ਤੌਰ ਉੱਤੇ, ਵਾਰਤਕ ਵਿਚ ਵਿਆਕਰਣ ਦੀ ਕਰੜੀ ਪਾਬੰਦੀ ਜ਼ਰੂਰੀ ਹੈ ਤੇ ਵਿਦਿਆਰਥੀਆਂ ਨੂੰ ਇਸ ਪਾਬੰਦੀ ਵਿਚ ਢਿੱਲੇ ਨਹੀਂ ਹੋਣਾ ਚਾਹੀਦਾ।

ਵਿਆਕਰਣਕ ਸ਼ੁੱਧਤਾ ਦੀ ਬੜੀ ਲੋੜ ਹੈ, ਪਰ ਨਿਰਾ ਇਹੋ ਗੁਣ ਵਾਰਤਕ ਨੂੰ ਚੰਗਾ ਨਹੀਂ ਬਣਾ ਦੇਂਦਾ—ਇਹ ਤਾਂ ਇਕ ਅਸਲੋਂ ਮਾਮੂਲੀ ਤੇ ਮੁੱਢਲਾ ਜਿਹਾ ਗੁਣ ਹੈ। ਇਸ ਦੇ ਨਾਲ ਨਾਲ ਇਹ ਵੀ ਬੜਾ ਜ਼ਰੂਰੀ ਹੈ ਕਿ ਵਾਕ ਉੱਘੜ ਦੁੱਘੜ ਨਾ ਸੁੱਟੇ ਹੋਏ ਹੋਣ। ਕਿਸੇ ਮਕਾਨ ਦੇ ਮਲਬੇ ਜਾਂ ਕਬਾੜੀਏ ਦੇ ਅਣਸਾਂਭੇ ਵਸਤ-ਵਲੇਵੇਂ ਦੇ ਢੇਰ ਵਾਂਗ, ਵਾਰਤਕ ਵਿਚ, ਸ਼ਬਦਾਂ ਤੇ ਵਾਕਾਂ ਤੇ ਪੈਰਿਆਂ ਦੇ ਬੇਸੁਰੇ, ਵਿਉਂਤ-ਹੀਨ ਤੇ ਫ਼ਾਲਤੂ ਢੇਰ ਨਹੀਂ ਲਾਏ ਜਾਂਦੇ, ਸਗੋਂ ਕਿਸੇ ਸੁਹਜ-ਭਰੀ ਇਮਾਰਤ ਵਾਂਗ, ਉਸ ਦੀ ਉਸਾਰੀ ਦੇ ਪਿੱਛੇ, ਬੜੇ ਧਿਆਨ ਨਾਲ ਬਣਾਏ ਨਕਸ਼ੇ ਤੇ ਉਸ ਨਕਸ਼ੇ ਅਨੁਸਾਰ ਕੀਤੀ ਚਿਣਾਈ ਦਾ ਜਾਦੂ ਕੰਮ ਕਰ ਰਿਹਾ ਹੁੰਦਾ ਹੈ। ਅੱਛੇ ਗੱਦਕਾਰ ਦੀ ਲਿਖਤ ਦੇ ਪੈਰੇ, ਸੰਗਲੀ ਦੀਆਂ ਕੜੀਆਂ ਵਾਂਗ, ਇਕ ਦੂਜੇ ਨਾਲ

Digitized by Panjab Digital Library | www.panjabdigilib.org

ਸੰਬੰਧਿਤ ਹੁੰਦੇ ਹਨ । ਉਸ ਦੀ ਇਕ ਗੱਲ ਵਿੱਚੋਂ ਦੂਜੀ ਗੱਲ ਨਿਕਲਦੀ ਤੇ ਇਕ ਦੀਵੇ ਤੋਂ ਦੂਜਾ ਦੀਵਾ ਆਪਣੇ ਆਪ ਜਗਦਾ ਪ੍ਰਤੀਤ ਹੁੰਦਾ ਹੈ। ਕਿਸੇ ਭਾਵ ਜਾਂ ਵੀਚਾਰ ਦੀ ਇਸ ਤਰ੍ਹਾਂ ਦੀ ਬਾਕਾਇਦਾ ਉਸਾਰੀ ਦਾ ਵੱਲ ਆਪਣੇ ਆਪ ਨਹੀਂ ਆ ਜਾਂਦਾ ਹੁੰਦਾ ; ਇਸ ਦੀ ਪ੍ਰਾਪਤੀ ਲਈ ਬੜੀ ਘਾਲ ਦੀ ਲੋੜ ਹੁੰਦੀ ਹੈ, ਜੋ ਸਾਹਿਤਿਕ ਰੁਚੀਆਂ ਵਾਲੇ ਵਿਦਿਆਰਥੀਆਂ ਨੂੰ ਆਪਣੇ ਅਧਿਆਪਕਾਂ ਦੀ ਮਦਦ ਨਾਲ ਜ਼ਰੂਰ ਘਾਲਣੀ ਚਾਹੀਦੀ ਹੈ ।

ਹਾਇਅਰ ਸੈਕਿੰਡਰੀ ਦੇ ਵਿਦਿਆਰਥੀਆਂ ਨੂੰ ਚੱਜ ਦੀ ਗੱਲ, ਸ਼ੁੱਧ ਬੋਲੀ ਵਿਚ, ਬਿਨਾਂ ਵਿੰਗ ਵਲਾਵੇਂ ਦੇ ਲਿਖ ਸੱਕਣ ਦੇ ਯੋਗ ਹੋਣਾ ਹੀ ਚਾਹੀਦਾ ਹੈ। ਜਿਹੜਾ ਵਿਦਿਆਰਥੀ ਇਸ ਤਰ੍ਹਾਂ ਲਿਖ ਸੱਕਣ ਦੀ ਯੋਗਤਾ ਪ੍ਰਾਪਤ ਕਰ ਲਵੇਗਾ, ਉਸ ਲਈ, ਕੁੱਝ ਵੱਡੇ ਹੋ ਕੇ, ਕਿਸੇ ਵਧੀਆ ਲਿਖਣ-ਢੰਗ ਦਾ ਸੁਆਮੀ ਬਣਨਾ ਸੌਖੇਰਾ ਹੋ ਜਾਵੇਗਾ । ਇਸੇ ਕਰ ਕੇ ਅਸੀਂ ਹਥਲੇ ਸੰਗ੍ਰਹਿ ਵਿਚ ਉਹੀ ਲੇਖਕ ਸ਼ਾਮਲ ਕੀਤੇ ਹਨ ਜਿਨ੍ਹਾਂ ਦੀਆਂ ਸ਼ੈਲੀਆਂ, ਕਿਸੇ ਨਾ ਕਿਸੇ ਪੱਖੋਂ, ਵਿਦਿਆਰਥੀਆਂ ਲਈ ਨਮੂਨਾ ਬਣ ਸਕਦੀਆਂ ਹਨ ।

ਇਸ ਪੁਸਤਕ ਦਾ ਇਕ ਉੱਦੇਸ਼ ਇਹ ਵੀ ਹੈ ਕਿ ਸੁਹਣੀ ਸਾਹਿਤਿਕ ਖ਼ੁਰਾਕ ਦਾ ਸੁਆਦ ਚਖਾ ਕੇ ਵਿਦਿਆਰਥੀਆਂ ਦੀ, ਸਾਹਿੱਤ ਲਈ, ਭੁੱਖ ਚਮਕਾਈ ਜਾਵੇ। ਸੋ ਜੇ ਉਹ ਇਨ੍ਹਾਂ ਨਮੂਨਿਆਂ ਤੋਂ ਪੰਜਾਬੀ ਦੀਆਂ ਹੋਰ ਉੱਤਮ ਕਿਰਤਾਂ ਪੜ੍ਹਨ ਤੇ ਵੀਚਾਰਨ ਦੀ ਪ੍ਰੇਰਨਾ ਲੈ ਸੱਕਣ ਤਾਂ ਸੰਪਾਦਕ ਆਪਣੀ ਸੇਵਾ ਸਫਲ ਸਮਝੇਗਾ ।

ਪ੍ਰੀਤਮ ਸਿੰਘ

Digitized by Panjab Digital Library | www.panjabdigilib.org

ਗਿਆਨੀ ਗਿਆਨ ਸਿੰਘ

# ਸਰਹੰਦ ਦੀ ਫ਼ਤਿਹ

ਜਦ ਬਾਬੇ ਬੰਦੇ ਬਹਾਦਰ ਨੇ ਸਰਹੰਦ ਉਤੇ ਹੱਲਾ ਕਰਨ ਦੀ ਡੌਂਡੀ ਫਿਰਾ ਕੇ ਓਧਰ ਨੂੰ ਕੂਚ ਕੀਤਾ ਤਾਂ ਦੇਸ ਵਿਚ ਹਲ-ਚਲੀ ਪੈ ਗਈ। ਕਈ ਹਜ਼ਾਰ ਲੁਟੇਰੇ, ਸਰਹੰਦ ਨੂੰ ਲੁੱਟਣ ਵਾਸਤੇ, ਘੋੜੇ, ਖੱਚਰਾਂ, ਬਰਛੀਆਂ, ਛਵੀਆਂ ਲੈ ਕੇ ਬੰਦੇ ਦੇ ਸਾਥੀ ਹੋਣ ਲਈ ਆਉਣ ਲੱਗ ਪਏ। ਓਧਰੋਂ ਵਜੀਦ ਖ਼ਾਂ ਨੇ ਬੰਦੇ ਨੂੰ ਲਿਖ ਭੇਜਿਆ, "ਐਨਾ ਮੁਲਕ ਲੁੱਟ ਕੇ ਅਜੇ ਤੇਰੀ ਭੁੱਖ ਨਹੀਂ ਗਈ? ਤੂੰ ਮੂੰਹ ਚੁੱਕੀ ਏਧਰ ਆ ਰਿਹਾ ਹੈਂ, ਮੇਰੀ ਤਾਕਤ ਨੂੰ ਜਾਣਦਾ ਨਹੀਂ? ਜਾਹ, ਹੁਣ ਮੁੜ ਜਾਹ, ਦਹੀਂ ਦੇ ਧੋਖੇ ਕਪਾਹ ਨਾ ਖਾ ਜਾਈਂ[1]! ਅਨਾਰ ਦੇ ਭੁਲੇਖੇ ਤੋਤੇ ਨੇ ਨਲੀਏਰ ਨੂੰ ਜਾ ਮੂੰਹ ਪਾਇਆ, ਵਿਚੇ ਚੁੰਝ ਫਸ ਗਈ ਤੇ ਲਟਕਦਾ ਹੋਇਆ ਮੁੱਕ ਕੇ ਮਰ ਗਿਆ। ਮੈਂ ਉਹੋ ਵਜੀਦ ਖ਼ਾਂ ਹਾਂ ਜਿਸ ਨੇ ਤੁਹਾਡੇ ਗੁਰੂ ਨੂੰ ਦੇਸ ਤੋਂ ਕੱਢਿਆ ਹੈ। ਹੁਣ ਮੈਂ ਤੈਨੂੰ ਦੀਨ ਦੁਨੀਆਂ ਦੋਹਾਂ ਤੋਂ ਕੱਢਾਂਗਾ। ਅਜੇ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ, ਤੈਨੂੰ ਬੈਰਾਗੀ ਫ਼ਕੀਰ ਮੰਗਤਾ ਜਾਣ ਕੇ ਛੱਡਦਾ ਹਾਂ। ਫ਼ਕੀਰਾਂ ਦਾ ਕੰਮ ਨਹੀਂ ਬਾਦਸ਼ਾਹਾਂ ਨਾਲ ਆਢੇ ਲਾਉਣੇ[2]। ਤੈਂ ਜੋ ਗੰਜੀ ਗੁਟਾਰ ਟੀਸੀ ਆਲ੍ਹਣੇ[3] ਵਾਲੀ ਚਾਲ ਫੜ ਰੱਖੀ ਹੈ, ਢੰਗ ਖੁਸਾ ਕੇ ਜਾਏਂਗਾ।" ਬੰਦੇ ਨੇ ਜਵਾਬ ਦਿੱਤਾ, "ਮਾਇਆ ਕਿਸੇ ਦੀ

Digitized by Panjab Digital Library | www.panjabdigilib.org

ਨਹੀਂ। ਏਹ ਕਿਸੇ ਨੇ ਨਹੀਂ ਭੋਗੀ, ਏਸ ਨੇ ਰਾਵ ਰੰਕ[4], ਪੀਰ ਫ਼ਕੀਰ ਸਭ ਭੋਗ ਲੀਤੇ। ਮੈਂ ਏਸ ਲੁੱਟ ਦੀ ਝੂਠੀ ਮਾਇਆ ਵਾਸਤੇ ਨਹੀਂ ਆਇਆ। ਮੈਂ ਜਿਸ ਕੰਮ ਨੂੰ ਆਇਆ ਹਾਂ ਉਹ ਕੀਤੇ ਬਿਨਾਂ ਨਹੀਂ ਹਟਦਾ ਅਤੇ ਨਾ ਕਿਸੇ ਦਾ ਮਾਰਿਆ ਮਰਾਂਗਾ। ਹੋਵੇਗਾ ਬੀ ਉਹੋ ਜੋ ਮੇਰੇ ਗੁਰੂ ਦਾ ਭਾਣਾ ਹੈ। ਮੈਂ ਤੈਨੂੰ ਨਹੀਂ ਮਾਰਨਾ, ਤੇਰੇ ਪਾਪ ਤੈਨੂੰ ਮਾਰਨਗੇ (ਤੇਰੇ ਮਾਰਨੇ ਕੋ ਤੇਰੇ ਪਾਪ ਮਹਾਂਬਲੀ ਹੈ) ਮੀਆਂ! ਅਸੀਂ ਤਾਂ ਡਰੀਏ ਜੇ ਪਾਪ ਕਰੀਏ। ਸਾਨੂੰ ਹੁਕਮ ਹੈ ਕਿ ਜੋ ਲੋਕ ਜ਼ਾਲਮ ਹਨ, ਉਹਨਾਂ ਨੂੰ ਉਹਨਾਂ ਦੇ ਕਰਮ ਦਾ ਫਲ ਦਿਓ। ਇਹੋ ਸਾਫ਼ ਇਨਸਾਫ਼ ਕਰਨ ਵਾਸਤੇ ਮੈਨੂੰ ਗੁਰੂ ਜੀ ਨੇ ਭੇਜਿਆ ਹੈ। ਤੈਨੂੰ ਕਿਸੇ ਭਾਂਤ ਨਹੀਂ ਛੱਡਾਂਗਾ। ਹੁਣ ਕਾਇਰ ਨਾ ਬਣ, ਸਾਹਮਣੇ ਹੋ ਕੇ ਲੜ ਯਾ ਗੁਰੂ ਦਾ ਲੜ ਫੜ ਤੇ ਸਿੰਘ ਸਜ।"

ਏਨ੍ਹਾਂ ਬਾਤਾਂ ਤੋਂ, ਬੰਦੇ ਦਾ ਦ੍ਰਿੜ੍ਹ ਬਿਸਵਾਸ ਗੁਰੂ ਦੇ ਹੁਕਮ ਅਨੁਸਾਰ ਜੰਗ ਕਰਨ ਦਾ ਵੇਖ ਕੇ, ਸਭ ਸਿੰਘ ਜਾਨਾਂ ਤੋੜ ਕੇ ਲੜਨ ਨੂੰ ਤਿਆਰ ਹੋ ਗਏ। ਭਾਵੇਂ ਵਜੀਦੇ ਨੇ ਆਪਣੀ ਦੂਰਬੀਨੀ[5] ਨਾਲ ਲੜਾਈ ਦਾ ਸਾਮਾਨ ਤਾਂ ਪਹਿਲੇ ਹੀ ਚੰਗੇ ਰੰਗ ਢੰਗ ਦਾ ਕਰ ਰੱਖਿਆ ਸੀ, ਕਿਉਂਕਿ ਉਹ ਨਿਸਚੇ ਕਰ ਬੈਠਾ ਸੀ ਜੋ ਇਹ ਬੰਦਈ, ਦੰਗਈ, ਲੁਟੇਰੇ ਦਲ ਦੀ ਅੰਧੇਰੀ ਉੱਲਰੀ ਆਉਂਦੀ ਹੈ ਇੱਕ ਦਿਨ ਜ਼ਰੂਰ ਮੇਰੇ ਉਤੇ ਝੁੱਲ ਕੇ ਮੇਰੀ ਜੜ੍ਹ ਉਖਾੜੇਗੀ।

ਹੁਣ ਦੋਹਾਂ ਪਾਸਿਆਂ ਤੋਂ ਜੰਗ ਦੀ ਤਿਆਰੀ ਹੋ ਗਈ। ਵਜੀਦ ਖ਼ਾਂ ਨੇ ਇੱਕ ਆਮ ਦਰਬਾਰ ਕਰ ਕੇ ਆਪਣੇ ਤਾਬੇਦਾਰਾਂ, ਮਲੇਰੀਏ ਵਰਗਿਆਂ ਜਾਗੀਰਦਾਰਾਂ ਨੂੰ, ਹੁਕਮ ਦਿੱਤਾ ਕਿ ਆਪਣੀ ਆਪਣੀ ਫ਼ੌਜ ਤੇ ਜੰਗੀ ਸਾਮਾਨ ਲੈ ਕੇ ਸਭ ਮੋਰਚਿਆਂ ਵਿਚ ਪੱਕੇ ਹੋ ਕੇ ਲੜੋ, ਜਿਸ ਵੱਲੋਂ ਕੁਛ ਖ਼ਰਾਬੀ ਹੋਵੇਗੀ ਉਸ ਦੀ ਜਾਗੀਰ-ਜ਼ਬਤੀ ਤੋਂ ਬਿਨਾਂ ਹੋਰ ਬਹੁਤ ਸਜ਼ਾ ਦਿੱਤੀ ਜਾਊ। ਆਪਣੀ ਫੌਜ ਨੂੰ ਦਾਰੂ ਸਿੱਕਾ ਵਰਤਾ ਕੇ ਫ਼ੌਜ ਦਾ ਅਲੀਮਾ ਲੀਤਾ[6], ਮੋਰਚੇ ਵੰਡ ਦਿੱਤੇ, ਵਡਾਲੀ ਤੇ ਨਨਹੇੜੀ

Digitized by Panjab Digital Library | www.panjabdigilib.org

ਆਦਿਕ ਪਿੰਡਾਂ ਦੇ ਪਾਸ, ਸਰਹੰਦੋਂ ਛੀ ਕੋਸ ਪਰ, ਮੋਰਚੇ–ਬੰਦੀ ਹੋ ਗਈ। ਤਦੋਂ ਨੂੰ ਮੁਲਾਣਿਆਂ ਦੇ ਪ੍ਰੇਰੇ ਹੋਏ ਕਈ ਹਜ਼ਾਰ, ਗਾਨੇ ਬੰਨ੍ਹ ਕੇ, ਹੱਥਾਂ ਵਿਚ ਆਟੇ ਦੇ ਖਲੜ੍ਹੂ[7] ਲੈ ਕੇ, ਗ਼ਾਜ਼ੀ[8] ਬਣ ਕੇ, ਉਹ ਵੈਹਸ਼ੀ ਲੋਕ ਆ ਕੱਠੇ ਹੋਏ ਜੋ ਕੇਵਲ ਕਾਫ਼ਰਾਂ ਨਾਲ ਲੜ ਕੇ ਸ਼ਹੀਦ ਹੋਣਾ ਹੀ ਬਹਿਸ਼ਤ ਵਿਚ ਜਾਣਾ ਮੰਨੀ ਬੈਠੇ ਸਨ।

ਭਾਵੇਂ ਵਜ਼ੀਦ ਖ਼ਾਂ ਅਤੇ ਉਸ ਦੇ ਸਰਦਾਰ, ਐਹਲਕਾਰ, ਜਰਨੈਲ, ਕਰਨੈਲ ਆਪਣੇ ਆਪਣੇ ਸਾਮਾਨ ਜੰਗ ਨੂੰ ਦੇਖ ਕੇ ਜ਼ਾਹਰੀ ਤਾਂ ਇਹ ਆਖਦੇ ਸਨ ਕਿ "ਬੰਦੇ ਦੀ ਗਾਂਢਵੀਂ ਧਾੜ[9] ਸਾਡੀ ਸਿੱਖੀ ਹੋਈ ਫ਼ੌਜ ਅੱਗੇ ਕਦ ਠਹਿਰ ਸਕਦੀ ਹੈ? ਲੁਟੇਰੇ ਲੋਗ ਤਾਂ ਚਿੜੀਆਂ ਵਾਂਗ ਤੋਪਾਂ ਦਾ ਖੜਾਕ ਸੁਣਦੇ ਹੀ ਉੱਡ ਜਾਣਗੇ। ਹੋਰ ਬੁਲਾਏ ਆਏ ਹੋਏ ਸਿੱਖ ਬੀ ਲੁੱਟ ਦੇ ਲੋਭੀ ਭੰਗੇਰੇ[10], ਫ਼ਸਲੀ ਬਟੇਰੇ[11] ਹਨ, ਘੇਰੇ ਹੋਏ ਭਾਵੇਂ ਲੜਨ, ਨਹੀਂ ਤਾਂ ਡੇਰੇ ਛੱਡ ਕੇ ਅਗੇਰੇ ਹੋਣਗੇ। ਬਾਕੀ ਰਿਹਾ ਤੱਤ ਖ਼ਾਲਸਾ–ਉਹ ਭਾਵੇਂ ਜਾਨਾਂ ਤੋੜ ਕੇ ਲੜਨਗੇ, ਪਰ ਬਿਨਾਂ ਸਾਮਾਨ ਜੰਗ ਕਿੱਥੋਂ ਤਾਈਂ ਠੈਹਰਨਗੇ? ਘੜੀ ਦੋ ਘੜੀ ਠੂਠਾ ਕਰ ਕੇ ਉਹ ਬੀ ਓੜਕ ਹਾਰ ਕੇ ਨੱਠ ਜਾਣਗੇ। ਇਸਲਾਮ ਦਾ ਮੁਕ਼ਾਬਲਾ ਅੱਜ ਕੌਣ ਕਰ ਸਕਦਾ ਹੈ? ਬੰਦੇ ਦਾ ਕੋਈ ਘਰ ਘਾਟ ਹੀ ਨਹੀਂ, ਜਿੱਥੇ ਜਾਊ, ਫੜ ਕੇ ਜਿਸ ਤਰ੍ਹਾਂ ਚਾਹਾਂਗੇ ਮਾਰਾਂਗੇ।" ਭਾਵੇਂ ਵਜ਼ੀਦ ਖ਼ਾਂ ਆਪਣੇ ਅਮਲੇ ਸਮੇਤ, ਉਪਰਲੇ ਦਿਲੋਂ, ਲੋਗਾਂ ਦੇ ਦਿਲ ਵਧਾਉਣ ਵਾਸਤੇ ਇਹੋ ਜਿਹੇ ਥੋਥੇ ਦਮਗਜੇ ਮਾਰਦਾ ਸੀ, ਪਰ ਅੰਦਰੋਂ ਸਭ ਦੇ ਦਿਲ ਥਰ ਥਰ ਪਏ ਕੰਬਦੇ ਸਨ। ਸਭ ਨੂੰ ਇਹੋ ਨਿਸਚਾ ਸੀ ਕਿ ਬੰਦੇ ਦੇ ਤਾਬੇ[12] ਬੀਰ[13] ਹਨ, ਜੇਹੜਾ ਸਰਦਾਰ ਅੱਗੇ ਵਧੂ ਉਸੇ ਨੂੰ ਉਹਨਾਂ ਤੋਂ ਮਰਵਾ ਦੇਊ, ਯਾ ਭੂਤ ਪੇਤ ਚਮੇੜ ਕੇ ਪਗਲੇ ਕਰ ਦੇਊ।

ਸਰਦਾਰ ਆਪਸ ਵਿਚ ਕਹਿ ਰਹੇ ਸਨ ਭਾਈ ਇਸ ਪਾਪੀ ਵਜੀਦੇ ਨੇ ਗੁਰੂ ਦੇ ਮਾਸੂਮ ਬੱਚੇ ਬੇਗੁਨਾਹ ਕਤਲ ਕਰਾਏ ਤਾਂ ਹੀ ਇਹ ਉਪੱਦ੍ਰਵ[14] ਉਠ ਰਹੇ ਹਨ, ਰੱਬ ਇਸ ਪਾਪੀ ਦਾ ਨਾਸ ਕਰੇ।

Digitized by Panjab Digital Library | www.panjabdigilib.org

ਜਿਉਂ ਜਿਉਂ ਬੰਦੇ ਦਾ ਦਲ, ਹੜ੍ਹ ਦੇ ਪਾਣੀ ਵਾਂਗੂੰ, ਧੀਰੇ ਧੀਰੇ ਸਰਹੰਦ ਵੰਨੀ ਵਧ ਰਿਹਾ ਸੀ, ਸਰਹੰਦੀ ਲੋਗ ਟੋਏ ਪੁੱਟ ਪੁੱਟ ਕੇ ਅਪਣਾ ਧਨ ਦੱਬ ਰਹੇ ਸਨ, ਤੇ ਭੱਜਣ ਲਈ ਤਿਆਰ ਸਨ, ਬਲਕਿ ਬਹੁਤ ਤਾਂ ਦੂਰ ਨੇੜੇ ਆਪਣੇ ਸਾਕਾਂ ਸੰਬੰਧਾਂ ਵਿੱਚ ਇਸਤਰੀਆਂ ਸਮੇਤ ਚਲੇ ਭੀ ਗਏ ।

ਉਸ ਸਮੇਂ ਤੋਪਾਂ ਦੇ ਚਲਵੱਯੇ ਤਾਂ ਭਾਵੇਂ ਬਹੁਤ ਘੱਟ ਸਨ ਪਰ ਤਾਂ ਭੀ ਤੋਪਾਂ ਦਾ ਖੜਾਕ ਹੀ ਗ਼ਨੀਮਤ ਸਮਝ ਕੇ ਵਜੀਦੇ ਨੇ ਫ਼ੌਜ ਦੇ ਅੱਗੇ ਕੰਧ ਦੀ ਕੰਧ ਬੀੜ ਦਿੱਤੀ; ਇਕ ਪਾਸੇ ਲੰਮੇ ਲੰਮੇ ਦੰਦਾਂ ਵਾਲੇ, ਕਾਲੇ ਬੱਦਲਾਂ ਵਰਗੇ, ਫ਼ੁਲਾਦੀ ਝੂਲਾਂ ਵਾਲੇ, ਸਿੱਖੇ ਹੋਏ ਜੰਗੀ ਹਾਥੀਆਂ ਦੀ ਫ਼ਸੀਲ ਖੜੀ ਕਰ ਦਿੱਤੀ। ਤੀਜੀ ਤਰਫ਼ ਨਵਾਬਾਂ ਜਾਗੀਰਦਾਰਾਂ ਦੀ ਸੇਨਾ, ਚੌਥੇ ਪਾਸੇ ਆਪਣੀ ਫ਼ੌਜ ਵਿੱਚ ਜੰਬੂਰੇ[15], ਰੈਹਕਲੇ[16] ਆਦਿ ਬੀੜ ਕੇ ਆਪ ਗ਼ਾਜ਼ੀਆਂ ਦੇ ਵਿਚਕਾਰ ਵੱਡੇ ਉਚੇ ਹਾਥੀ ਪਰ ਦਿਦਾਰ ਵਾਸਤੇ ਸਵਾਰ ਹੋ ਬੈਠਾ ।

ਹੁਣ ਓਧਰੋਂ ਬੰਦਾ ਬੀ ਆਪਣੀ ਜਥਾ-ਜੋਗ ਤਿਆਰੀ ਕਰ ਕੇ ਨਨਹੇੜੇ ਦੇ ਨੇੜੇ ਇੱਕ ਬੜੇ ਭਾਰੇ ਕਿੱਕਰਾਂ ਤੇ ਅੰਬਾਂ ਦੇ ਸੰਘਣੇ ਜੰਗਲ ਨੂੰ ਅੱਗੇ ਰੱਖ ਕੇ ਲਾਂਗੇ ਟੇਰ[17] ਲਸ਼ਕਰ ਸਮੇਤ ਆ ਠਹਿਰਿਆ। ਚਾਰ ਜੱਥੇ ਬਣਾ ਕੇ ਮਾਲਵੇ ਦੇ ਲੋਗ ਤਾਂ, ਸੌ ਸੈ ਕਰ ਕੇ, ਫ਼ਤੇ ਸਿੰਘ, ਕਰਮ ਸਿੰਘ, ਧਰਮ ਸਿੰਘ, ਨਗਾਹਾ ਸਿੰਘ, ਤਖ਼ਤਾ ਸਿੰਘ, ਆਲੀ ਸਿੰਘ, ਮਾਲੀ ਸਿੰਘ ਵਗ਼ੈਰਾ ਨੂੰ ਸੌਂਪ ਕੇ ਇੱਕ ਮੋਰਚੇ ਪਰ ਖੜੇ ਕਰ ਦਿੱਤੇ; ਮਝੈਲ ਸਿੰਘ, ਬਾਬੇ ਬਿਨੋਦ ਸਿੰਘ ਤੇਹਣ ਦੇ ਅਰ ਬਾਜ ਸਿੰਘ, ਰਾਮ ਸਿੰਘ ਮੀਰ ਪੁਰ ਪੱਟੀ ਵਾਲੇ ਬੱਲ ਜੱਟਾਂ ਦੇ ਅਧੀਨ; ਤੀਜਾ ਜੱਥਾ ਬਾਬੇ ਕਾਹਨ ਸਿੰਘ, ਮੀਰੀ ਸਿੰਘ ਤੇ ਹੋਰ ਨਾਮੀ ਨਾਮੀ ਧਾੜਵੀਆਂ ਨੂੰ ਸੌਂਪ ਕੇ ਚੌਥਾ ਜੱਥਾ ਆਪ ਰੱਖਿਆ, ਤੇ ਲੜਾਈ ਦਾ ਹੁਕਮ ਦੇ ਕੇ ਆਪ ਇੱਕ ਉੱਚੇ ਥਾਂ ਜਾ ਬੈਠਾ ।

ਹੁਣ ਜਦ ਦੋਵੇਂ ਦਲ ਮੁਕਾਬਲੇ ਪਰ ਆ ਡਟੇ ਤਾਂ ਵਜੀਦ ਖ਼ਾਂ ਨੇ ਤੋਪਾਂ ਦੀ ਸਲਾਮੀ ਬਾੜ ਝਾੜੀ[18]; ਕਈ ਗੋਲੇ ਬੰਦੇ ਦੇ ਦਲ

Digitized by Panjab Digital Library | www.panjabdigilib.org

ਵਿਚ ਆ ਡਿੱਗੇ। ਫੇਰ ਤਾਂ ਜ਼ੰਜੀਰੀ ਗੋਲੇ ਇਤਨੇ ਬਰਸਾਏ ਕਿ ਤੋਪਾਂ ਨੇ ਧਰਤੀ ਕੰਬਾ ਦਿੱਤੀ, ਪਰ ਇਹ ਗੋਲੇ ਬਹੁਤੇ ਦਰਖ਼ਤਾਂ ਵਿਚ ਹੀ ਅਟਕਦੇ ਰਹੇ ਸਿੱਖਾਂ ਨੂੰ ਥੋੜ੍ਹੀ ਮਾਰ ਕੀਤੀ। ਹੁਣ ਸਿੱਖਾਂ ਪਾਸ ਤਾਂ ਤੋਪਾਂ, ਗੁਬਾਰੇ[19], ਜੰਬੂਰੇ ਬਹੁਤ ਥੋੜ੍ਹੇ ਸਨ ਸੋ ਭਾਵੇਂ ਤੋਪ ਦਾ ਜਵਾਬ ਨਾ ਦੇ ਸਕੇ, ਪਰ (ਜੋ ਕਰਤਾ ਕੁਛ ਕਰਿਆ ਚਾਹੇ। ਲਾਖ ਸਬਬ ਬਨਾਏ ਨਿਬਾਹੇ) ਬੰਦੇ ਦੇ ਦਲ ਵਿੱਚ ਜੋ ਚਾਰ ਪੰਜ ਛੋਟੀਆਂ ਛੋਟੀਆਂ ਤੋਪਾਂ ਸਨ ਉਹਨਾਂ ਦੇ ਚਲਵੱਯੇ ਦੋ ਬੁੰਦੇਲਖੰਡੀ ਰਾਜਪੂਤ, ਬੰਦੇ ਨੇ ਬੜੇ ਆਦਰ ਨਾਲ ਰੱਖੇ ਹੋਏ ਸਨ, ਓਹਨਾਂ ਨੇ ਐਸੇ ਤੱਕ ਤੱਕ ਕੇ ਵੈਰੀਆਂ ਦੀਆਂ ਤੋਪਾਂ ਦੇ ਮੂੰਹਾਂ ਵਿਚ ਗੋਲੇ ਮਾਰੇ ਕਿ ਕਈ ਤੋਪਾਂ ਨਿਕੰਮੀਆਂ ਕਰ ਦਿੱਤੀਆਂ; ਅਤੇ ਆਪਣੀਆਂ ਤੋਪਾਂ ਨੂੰ ਹਲਕੀਆਂ ਹੋਣ ਕਰ ਕੇ ਸਿੰਘ ਅੱਗੇ ਅੱਗੇ ਰੇੜ੍ਹਦੇ ਹੋਏ ਚਲਾਉਂਦੇ ਤੇ ਵਧਦੇ ਗਏ। ਸਿੰਘਾਂ ਦਾ ਵਧਣਾ ਦੇਖ ਕੇ ਬਹੁਤੇ ਤੁਰਕਾਂ ਨੂੰ ਤਾਂ ਏਹੋ ਸੁੱਝੀ ਕਿ ਬੰਦੇ ਨੇ ਜਾਦੂ ਨਾਲ ਸਾਡੇ ਸ਼ਸਤਰ ਬੰਨ੍ਹ ਰੱਖੇ ਹਨ ਜੋ ਸਿੱਖਾਂ ਨੂੰ ਨਹੀਂ ਲਗਦੇ ਤੇ ਏਹ ਵਧ ਰਹੇ ਹਨ। ਬਲਕਿ ਇਹੋ ਦ੍ਰਿੜ੍ਹ ਖ਼ਿਆਲ ਮੁਸਲਮਾਨ ਸਰਦਾਰਾਂ ਫ਼ੌਜਦਾਰਾਂ ਨੂੰ ਕੰਪਾਇਮਾਨ[20], ਭੈ ਭੀਤ ਕਰ ਰਿਹਾ ਸੀ। ਜੋ ਕੰਬ ਜਾਂਦਾ ਹੈ ਰਣ ਵਿਚੋਂ ਸੋਈ ਹਾਰਦਾ ਹੈ। ਕਈ ਤੁਰਕੀ ਤੋਪਾਂ ਦੇ ਮੂੰਹ ਤਾਂ ਸਿੱਖਾਂ ਦੇ ਗੋਲਿਆਂ ਨੇ ਬੰਦ ਕੀਤੇ ਸੀ ਪਰ ਉਨ੍ਹਾਂ ਨੇ ਇਹ ਵੀ ਜਾਦੂ ਹੀ ਸਮਝ ਰੱਖਿਆ ਸੀ, ਜਿਸ ਕਰ ਕੇ ਓਧਰ ਦੀ ਸਿਪਾਹ[21] ਤਾਂ ਸਾਰੀ ਓਦਰੀ ਹੋਈ, ਬਧਾ ਚੱਟੀ ਭਰਨ ਵਾਲਾ[22] ਜੰਗ ਕਰ ਰਹੀ ਸੀ, ਤੇ ਸਿੱਖ ਜਾਨਾਂ ਹੀਲ ਕੇ ਸ਼ਹੀਦ ਹੋਣ ਲਈ ਹੌਸਲੇ ਵਧਾਈ ਵਧਦੇ ਗਏ।

ਏਸ ਹਾਲ ਨੂੰ ਦੇਖ ਕੇ ਵਜੀਦ ਖ਼ਾਂ ਤੇ ਮਲੇਰੀਏ ਵਗੈਰੇ ਨਵਾਬਾਂ ਫ਼ੌਜਦਾਰਾਂ ਨੇ ਫ਼ੌਜ ਨੂੰ ਵੰਗਾਰ ਵੰਗਾਰ ਕੇ ਤੇ ਤੋਪਾਂ ਨੂੰ ਫੇਰ ਕੇ, ਰਹਿਕਲੇ, ਜੰਬੂਰਿਆਂ ਦੇ ਗੋਲੇ, ਬੰਦੂਕਾਂ ਦੀਆਂ ਗੋਲੀਆਂ ਤੇ ਤੀਰਾਂ ਦੇ ਰਾਬੇ[23] ਛੱਡ ਕੇ ਇਕੋ ਵਾਰੀ ਸਾਰ[24] ਦਾ ਮੀਂਹ ਬਰਸਵਾ ਦਿੱਤਾ, ਜਿਸ ਤੋਂ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਤਦੋਂ ਹੀ ਐਨ

Digitized by Panjab Digital Library | www.panjabdigilib.org

ਸਮਾਂ ਵੇਖ ਕੇ ਓਸ ਛਲੀਏ ਗੰਡੇ ਖੱਤਰੀ ਨੇ ਆਪਣੇ ਪੰਜ ਸੌ ਸਵਾਰਾਂ ਨੂੰ ਨਾਲ ਲੈ ਕੇ ਭਾਂਜ ਪਾ ਦਿੱਤੀ। ਬੰਦੇ ਨੇ ਪਹਿਲੇ ਹੀ ਓਸ ਬਾਬਤ ਬਾਜ ਸਿੰਘ, ਫ਼ਤੇ ਸਿੰਘ ਨੂੰ ਨਿਗਰਾਨ[25] ਰੱਖਿਆ ਹੋਇਆ ਸੀ; ਉਨ੍ਹਾਂ ਨੇ ਉਸੇ ਥਾਂ ਨੱਪ ਕੇ ਵਿਉਂਤ ਲਏ। ਆਪ ਖੱਤਰੀ ਘੋੜੇ ਉਤੋਂ ਡਿਗ ਪਿਆ। ਸਿੰਘਾਂ ਨੇ ਫੜ ਲਿੱਤਾ ਜੋ ਬੁਰੀ ਤਰ੍ਹਾਂ ਮਾਰ ਕੇ ਦੋਜ਼ਕ ਵਿੱਚ ਪਾਇਆ। ਦਗ਼ੇ ਦਾ ਫਲ ਭੁਗਾਇਆ ਗਿਆ। ਵੰਗਾਰੀ ਹੋਈ ਫ਼ੌਜ ਨੇ ਸਿੰਘਾਂ ਨੂੰ ਮਾਰ ਮਾਰ ਕੇ ਭਾਵੇਂ ਵਿਆਕੁਲ ਤਾਂ ਕਰ ਦਿੱਤਾ, ਪਰ ਸਿੱਖ ਪਿੱਛੇ ਨਾ ਹਟੇ। ਓਸ ਔਕੜ ਬਣੀ ਨੂੰ ਫ਼ਤੇ ਸਿੰਘ ਭਾਈ ਕਾ ਤੇ ਬਾਜ ਸਿੰਘ ਨੇ, ਰਣ ਦੀ ਭੱਠੀ ਵਿਚ ਧਾਨਾਂ ਵਾਂਗ ਭੁੱਜਣਾ ਚੰਗਾ ਨਾ ਸਮਝ ਕੇ, ਬੰਦੇ ਨੂੰ ਰਣ ਵਿਚ ਲੈ ਆਂਦਾ (ਜਿੱਥੇ ਉਹ ਫ਼ੌਜ ਦੇ ਪਿੱਛੇ ਇਕ ਉੱਚੇ ਥਾਂ ਖੜਾ ਜੰਗ ਦਾ ਰੰਗ ਵੇਖ ਰਿਹਾ ਸੀ), ਤੇ ਪੁਕਾਰੇ ਕਿ ਆਪ ਏਥੇ ਬੇਫ਼ਿਕਰ ਬੈਠੇ ਹੋ ਸਿੰਘਾਂ ਨੂੰ ਤੁਰਕਾਂ ਨੇ ਬਹੁਤ ਹਲਚਲੀ ਪਾ ਰੱਖੀ ਹੈ; ਜੇ ਘੜੀ ਕੁ ਹੋਰ ਇਹੋ ਹਾਲ ਰਿਹਾ ਤਾਂ ਮੁੜ ਪੈਰ ਜੰਮਣੇ ਔਖੇ ਹੋਣਗੇ। ਬੰਦਾ ਭੀ ਏਸ ਮਾਮਲੇ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਫ਼ੌਰਨ ਸਵਾਰ ਹੋ ਕੇ ਰਣ-ਭੂਮੀ ਵਿਚ ਆ ਗੱਜਿਆ ,ਤੇ ਕਿਲਕਾਰ ਕਿਲਕਾਰ, ਵੰਗਾਰ ਵੰਗਾਰ, ਸਤਕਾਰ ਸਤਕਾਰ, ਸਿੰਘਾਂ ਦੇ ਹੌਸਲੇ ਵਧਾ ਕੇ ਤੀਰਾਂ ਤੁਫ਼ੰਗਾਂ[26] ਦੀ ਝੜੀ ਲਵਾ ਦਿੱਤੀ।

ਬੰਦੇ ਦਾ ਆਉਣਾ ਹੀ ਸਿੰਘਾਂ ਦੇ ਮੁਰਝਾਏ ਦਿਲਾਂ ਵਿਚ ਬਿਜਲੀ ਦਾ ਅਸਰ ਕਰ ਗਿਆ। ਇੱਕੋ ਵਾਰੀ ਗਚ ਖਾ ਕੇ ਤੁਰਕਾਂ ਉਤੇ ਜਾ ਪਏ, ਕਿਉਂਕਿ ਲੜਾਈ ਦੇ ਢਾਈ ਫੱਟ ਜਾਂ ਸਾਢੇ ਤਿੰਨ ਹੁੰਦੇ ਹਨ : ਇੱਕ ਤਾਂ ਵੈਰੀ ਨੂੰ ਮਿਲ ਕੇ ਸਮੇਂ ਸਿਰ ਫੇਰ ਮਾਰ ਲੈਣਾ, ਯਾ ਲੋਭ ਦੀ ਮਦ੍ਹਾ[27] ਪਿਲਾ ਕੇ ਕਮਲੇ ਕਰ ਫੜ ਲੈਣਾ ; ਦੂਜਾ ਨੱਠ ਕੇ ਜਾਨ ਬਚਾ ਲੈਣੀ (ਸਿਰ ਕਾਇਮ ਜੰਗ ਦਾਇਮ)[28] ; ਅੱਧਾ ਇਹ ਹੈ ! ਵੈਰੀ ਦੇ ਹੱਲਾ ਕਰਨ ਤੋਂ ਪਹਿਲੇ ਹੱਲਾ ਕਰ ਕੇ ਗਲ ਜਾ ਪੈਣਾ, ਮਾਰ ਲਿਆ ਯਾ ਮਰ ਗਏ । ਹੁਣ ਜਿਨ੍ਹਾਂ ਸਿੰਘਾਂ ਨੇ ਮਨ

Digitized by Panjab Digital Library | www.panjabdigilib.org

ਵਿਚ ਸਰਹੰਦ ਨੂੰ ਮਾਰ ਲੈਣਾ ਜਾਂ ਸ਼ਹੀਦ ਹੋਣਾ ਦ੍ਰਿੜ੍ਹ ਥਾਪ ਰੱਖਿਆ ਸੀ, ਹੋਰ ਉਪਾਇ ਦਾ ਸਮਾਂ ਨਾ ਵੇਖ ਕੇ ਤੁਰਕਾਂ ਦੇ ਗਲ਼ ਪੈਣਾ ਹੀ ਚੰਗਾ ਸਮਝਿਆ, ਤੇ ਇੱਕੋ ਵਾਰ ਸਤਿ ਸ੍ਰੀ ਅਕਾਲ ਗਜਾ ਕੇ, ਭੂਏ ਹੋਏ ਸ਼ੇਰ ਵਾਂਗ ਵੈਰੀ ਦੇ ਲਸ਼ਕਰ ਵਿਚ ਜਾ ਧਸੇ। ਬਾਜ ਸਿੰਘ ਦੇ ਜੱਥੇ ਨੇ ਜਾਨ ਹੀਲ ਕੇ ਤੋਪਾਂ ਦੇ ਸਹਾਇਕਾਂ ਨੂੰ ਵੱਢ ਟੁੱਕ, ਪਲੀਤਿਆਂ ਵਿਚ ਕਿੱਲ ਠੋਕ ਦਿੱਤੇ, ਤੇ ਤਲਵਾਰਾਂ ਖਿੱਚ ਲਈਆਂ। ਫ਼ਤੇ ਸਿੰਘ ਦੇ ਜੱਥੇ ਨੇ ਪੈਂਦੇ ਹੱਥ ਮਲੇਰੀਆਂ ਦਾ ਮੋਰਚਾ ਜਾ ਤੋੜਿਆ। ਭਾਵੇਂ ਮਲੇਰੀ ਫ਼ੌਜ ਬਥੇਰੀ ਲੜੀ, ਪਰ ਉਨ੍ਹਾਂ ਦੇ ਨੇਤ੍ਰਾਂ ਅੱਗੇ ਸਿੰਘ ਹੀ ਸਿੰਘ ਨਜ਼ਰ ਆਉਣ ਕਰ ਕੇ ਐਸਾ ਡਰ ਬੈਠਾ ਕਿ ਬੇਦਿਲ ਹੋ ਕੇ ਕੰਬਣ ਲੱਗ ਪਏ। ਓਸੇ ਮੁੱਠ-ਭੇੜ ਵਿਚ ਸ਼ੇਰ ਮੁਹੰਮਦ ਖ਼ਾਂ ਤੇ ਖ਼ਵਾਜਾ ਅਲੀ ਮੁਹੰਮਦ ਜਦ ਦੋਵੇਂ ਮਾਰੇ ਗਏ ਤਾਂ ਫ਼ੌਜ ਨੇ ਪਿੱਠ ਦਿਖਾਈ।

ਸਾਰੀ ਮੁਸਲਮਾਨੀ ਫ਼ੌਜ ਵਿਚ ਮਲੇਰੀਆਂ ਦਾ ਮੋਰਚਾ ਬਹਾਦਰੀ ਵਿਚ ਅਡ਼ੀਅਲ ਗਿਣਿਆਂ ਹੋਇਆ ਸੀ, ਉਸ ਦਾ ਟੁੱਟਣਾ ਹੀ ਸਾਰੇ ਤੁਰਕਾਂ ਦੇ ਲੱਕ ਤੋੜ ਗਿਆ। ਮਰਜ਼ੀ ਰੱਬ ਦੀ, ਮਲੇਰੀਆਂ ਦੇ ਟੱਬਰ ਦੀ ਮੌਤ ਸਿੰਘਾਂ ਦੇ ਹੱਥੋਂ ਹੀ ਲਿਖੀ ਸੀ; ਕੁਛ ਚਮਕੌਰ, ਕੁਛ ਰੋਪੜ ਸੰਘੋਲ, ਬਾਕੀ ਸਰਹੰਦ ਆ ਕੇ ਮਰ ਗਏ। ਮਲੇਰੀਆਂ ਦੇ ਮਰਦੇ ਹੀ ਸਿੰਘਾਂ ਦੇ ਦਿਲ ਵਧ ਗਏ। ਭਾਵੇਂ ਵਜ਼ੀਦ ਖ਼ਾਂ ਆਪਣੀ ਫ਼ੌਜ ਵਿਚ ਘੋੜਾ ਦੌੜਾ ਦੌੜਾ ਬਥੇਰੇ ਹੌਸਲੇ ਇਨਾਮ ਦੇ ਰਿਹਾ ਸੀ, ਪਰ ਇੱਕ ਤਾਂ ਬੰਦੇ ਦੇ ਜਾਦੂ ਦਾ ਵਾਧੂ ਡਰ ਉਨ੍ਹਾਂ ਦੇ ਦਿਲ ਕੰਬਾ ਰਿਹਾ ਸੀ, ਦੂਜੇ ਤਿੰਨ ਪਹਿਰ ਦੇ ਲੜਦੇ ਹੋਏ ਭੁੱਖੇ ਤਿਹਾਏ ਸਨ ਤੇ ਜੇਠ ਦੀ ਧੁੱਪ ਤੇ ਲੋ ਨੇ ਹੋਸ਼ ਮਾਰ ਛੱਡੀ ਸੀ। ਉਹ ਮੁਗ਼ਲ, ਪਠਾਣ, ਸ਼ੇਖ਼, ਸੱਯਦ, ਬਹੁਤ ਸੁਖਿਆਰੇ[29], ਕੋਮਲ ਬਦਨ, ਮਾਂਗਣੂਆਂ ਵਾਂਗੂੰ ਤੜਫ਼ ਰਹੇ ਹਨ। ਏਧਰ ਬਹੁਤੇ ਜੱਟ ਸਿੰਘ ਹੀ ਸਨ ਜਿਨ੍ਹਾਂ ਨੇ ਸਾਰੀ ਉਮਰ ਧੁੱਪਾਂ ਲੋਆਂ, ਭੁੱਖਾਂ ਤ੍ਰਿਖਾਂ ਦੀਆਂ ਖੇਚਲਾਂ ਦੇ ਕਸ਼ਟ ਸਹਾਰੇ ਹੋਏ ਸਨ, ਉਹ ਸਗੋਂ ਉਨ੍ਹਾਂ

Digitized by Panjab Digital Library | www.panjabdigilib.org

ਉੱਤੇ ਚੜ੍ਹਦੇ ਗਏ। ਭਾਵੇਂ ਪਹਿਲੇ ਤਾਂ ਸਿੰਘਾਂ ਦੀ ਜਿੱਤ ਦੀ ਖੇਤੀ ਕੁਮਲਾ ਰਹੀ ਸੀ, ਹੁਣ ਬੰਦੇ ਦਾ ਆਉਣਾ ਬੱਦਲ ਵਾਂਗ ਵਰਸ ਗਿਆ ਤੇ ਮਲੇਰੀਆਂ ਦੇ ਮਰਨੇ ਦੀ ਬਿਜਲੀ ਨੇ ਚਾਨਣਾ ਕਰ ਦਿਖਾਇਆ। ਜਿੱਤ ਦੀ ਆਸਾ ਦਾ ਖੇਤ ਫੇਰ ਫਲ ਪਿਆ। ਦੁਵੱਲੋਂ ਜੋਧੇ ਤੀਰਾਂ ਤਲਵਾਰਾਂ ਨਾਲ ਜੂਝ ਰਹੇ ਸਨ ; ਬੀਬੇ ਅੱਖਰ ਦੁਹਾਂ ਦਲਾਂ ਦੇ ਦਿਲ ਵਧਾ ਰਹੇ ਸਨ ; ਲੜਾਈ ਤੁਲੀ ਖੜੀ ਸੀ, ਝੋਕ[30] 30 ਹੱਲਾ ਵੱਜਦੀ ਨਾ ਦੇਖ ਕੇ ਬੰਦੇ ਨੇ ਉਨ੍ਹਾਂ ਪੰਜਾਂ ਤੀਰਾਂ ਵਿੱਚੋਂ ਜੋ ਗੁਰੂ ਨੇ ਬਖ਼ਸ਼ੇ ਸਨ, ਇੱਕ ਸਰਹੰਦ ਵੰਨੀ ਚਲਾ ਦਿੱਤਾ, ਜਿਸ ਦੇ ਛੁੱਟਦੇ ਹੀ ਐਡੀ ਕਹਿਰ ਦੀ ਅੰਧੇਰੀ ਛੁੱਟੀ ਕਿ ਕੰਕਰੀਆਂ ਤੇ ਧੂੜ ਨੇ ਸ਼ਤਰੂ ਵਿਆਕੁਲ ਕਰ ਸਿੱਟੇ। ਦੂਜੇ, ਸਿੰਘਾਂ ਦਾ ਹੱਲਾ ਅੱਲਾ ਦਾ ਕਹਿਰ ਸਮਝੇ। ਤੀਜੇ ਅਚਾਣਕ ਕਿਸੇ ਸਿੰਘ ਦਾ ਤੀਰ ਵਜੀਦੇ ਦੇ ਸਰੀਰ ਨੂੰ ਚੀਰ ਕੇ ਘੋੜੇ ਉਤੋਂ ਦੜ ਜ਼ਮੀਨ ਪੁਰ ਸਿੱਟ ਗਿਆ। ਮਾਲਕ ਮਰੇ ਤੋਂ ਮਾਤਹਿਤ ਐਸੇ ਡਰਪੋਕ ਹੋ ਕੇ ਨੱਠ ਤੁਰੇ, ਜੋ ਉਸ ਦੀ ਲੋਥ ਵੀ ਨਾ ਚੁੱਕ ਸਕੇ, ਬਲਕਿ ਮਰੇ ਸਹਿਕਦੇ ਦਾ ਪਤਾ ਵੀ ਨਾ ਲਿੱਤਾ। ਭਾਈ ਛਤੇ ਸਿੰਘ ਉਸ ਦੇ ਨਜ਼ੀਕ ਹੀ ਜੱਥੇ ਨੂੰ ਲੜਾ ਰਿਹਾ ਸੀ, ਹਲਚਲੀ ਮਾਲੂਮ ਕਰ ਕੇ ਮਾਰ ਮਾਰ ਪੁਕਾਰਦਾ ਹੋਇਆ ਸ਼ੀਘਰ ਜਾ ਪੁੱਜਿਆ ਤੇ ਸਹਿਕਦੇ ਸ਼ਤਰੂ ਨੂੰ ਚੁਕਾ ਕੇ ਬੰਦੇ ਦੇ ਪਾਸ ਲੈ ਆਂਦਾ। ਹੁਣ ਕੀ ਸੀ ? ਤੁਰਕਾਨੀ[31] ਪਲੋ ਪਲੀ ਵਿਚ ਮੈਦਾਨ ਖ਼ਾਲੀ ਕਰ ਤੁਰੀ। ਸਿੰਘਾਂ ਦੀ ਬਣ ਆਈ ; ਤੇਗੇ ਸੂਤ ਕੇ ਉਨ੍ਹਾਂ ਦੀ ਪਿੱਠ ਉਤੇ ਚੜ੍ਹ ਗਏ। ਛੀ ਸੱਤ ਕੋਹ ਵਿਚ ਲੋਥਾਂ ਉੱਤੇ ਲੋਥਾਂ ਚੜ੍ਹਾ ਛੱਡੀਆਂ, ਧਰਤੀ ਨੂੰ ਸੂਹੀ ਪੁਸ਼ਾਕ ਪਹਿਨਾ ਕੇ ਸੁਹਾਗਵੰਤੀ[32] ਕਰ ਦਿੱਤਾ, ਇਸਲਾਮੀ ਝੰਡਾ ਡਿੱਗ ਪਿਆ, ਸਿੰਘਈ ਨਿਸ਼ਾਨ ਲਹਿਰਾਉਣ ਲੱਗਾ। ਵਜੀਦ ਖ਼ਾਂ ਦੇ ਪੈਰੀਂ ਰੱਸਾ ਪਾ, ਵਹਿੜਕਿਆਂ ਮਗਰ ਬੰਨ੍ਹ ਕੇ, ਸਾਰੇ ਬਜ਼ਾਰਾਂ ਵਿਚ ਘਸੀਟ ਕਰਾਈ। ਓੜਕ ਕਚਹਿਰੀ ਦਰਵਾਜ਼ੇ ਦਰਖ਼ਤ ਨਾਲ ਪੁੱਠੇ ਟੰਗੇ ਹੋਏ ਦਾ ਮਾਸ ਚੀਲਾਂ, ਕਾਗਾਂ ਨੂੰ ਖੁਲ੍ਹਾ ਛੱਡਿਆ। ਕੋਈ ਲਿਖਦੇ

Digitized by Panjab Digital Library | www.panjabdigilib.org

ਹਨ ਜੋ ਸਾੜ ਦਿੱਤਾ। ਬੇਟਾ ਉਸ ਦਾ ਸਮੁੰਦ ਖ਼ਾਂ ਟੱਬਰ ਨੂੰ ਲੈ ਕੇ ਪਹਿਲੇ ਹੀ ਦਿੱਲੀ ਵੰਨੀ ਦੌੜ ਗਿਆ ਸੀ। ਹੋਰ ਸਬੰਧੀ, ਕਾਰਦਾਰ[੩੩] ਫੜ ਫੜ ਸਿੰਘਾਂ ਨੇ ਕੋਠੜੀਆਂ ਵਿੱਚ ਅੜਾ ਦ੍ਵਿੱਤੇ। ਸ਼ਾਹੀ ਖ਼ਜ਼ਾਨੇ, ਤੋਪ ਖ਼ਾਨੇ, ਕਿਲੇ ਵਰਗੇ ਮਕਾਨਾਂ ਪਰ ਕਬਜ਼ਾ ਕਰ ਲਿਆ। ਬੰਦੇ ਦੀ ਮਰਜ਼ੀ ਤਾਂ ਨਹੀਂ ਸੀ ਪਰ ਸਿੰਘਾਂ ਨੇ ਕਹਿ ਕੇ ਤਿੰਨ ਦਿਨ ਲੁੱਟ ਲੈਣ ਦਾ ਹੁਕਮ ਲੈ ਲਿੱਤਾ। ਫੇਰ ਤਾਂ ਆਪੋ ਧਾਪ ਹੱਲਾ ਬੋਲ ਕੇ ਗਲੀਆਂ, ਘਰਾਂ ਵਿਚ ਸਿੰਘ ਜਾ ਵੜੇ, ਬਲਕਿ ਜੋ ਲੁਟੇਰੇ ਲੋਗ ਜੰਗ ਵਿਚੋਂ ਨੱਠ ਕੇ ਪਿੰਡਾਂ ਵਿਚ ਬੈਠੇ ਸਨ ਫ਼ਤਿਹ ਸੁਣ ਕੇ ਲੁੱਟ ਦੇ ਸਾਥੀ ਹੋ ਗਏ, ਲੁੱਟਣ ਲਈ ਸ਼ਹਿਰ ਉਤੇ ਟੁੱਟ ਪਏ, ਸਗੋਂ ਦਸ ਦਸ ਵੀਹ ਵੀਹ ਕੋਹ ਤੱਕ ਦੇ ਚਲਦੇ ਪੁਰਜ਼ੇ ਭੀ ਪੁਸ਼ਤਾਂ ਦੇ ਪਰਸ਼ਾਦੇ ਲੈ ਗਏ। ਸ਼ਹਿਰੀ ਬਦਮਾਸ਼ਾਂ ਨੇ ਆਪਣੇ ਤੇ ਆਪਣੇ ਸਾਕਾਂ ਸੰਬੰਧਾਂ ਦੇ ਨਵੇਂ ਪੁਰਾਣੇ ਬਦਲੇ ਲੈਣ ਵਾਸਤੇ ਸਿੰਘਾਂ ਨੂੰ ਭੇਤ ਦੱਸ ਦੱਸ ਕੇ ਸਿੰਘਾਂ ਨਾਲੋਂ ਬੀ ਬਹੁਤਾ ਹਿੱਸਾ ਲੁੱਟ ਮਾਰ ਦਾ ਲਿੱਤਾ, ਕਿਉਂਕਿ ਉਹ ਸ਼ਹਿਰ ਦੇ ਭੇਤੀ ਸੇ।

---

Digitized by Panjab Digital Library | www.panjabdigilib.org

ਪੰ: ਸ਼ਰਧਾ ਰਾਮ

# ਗੰਗਾ ਇਸ਼ਨਾਨ

(ਦੁਆਬੇ ਦੀ ਬੋਲੀ ਵਿਚ)

ਫੇਰ ਸੱਭੇ ਤੁਰ ਪਏ ਤਾਂ ਧੀਰੇ ਧੀਰੇ ਗੰਗਾ ਜੀ ਪੁਰ ਪਹੁੰਚੇ। ਉੱਥੇ ਪਹੁੰਚ ਕੇ ਕਈਆਂ ਦੁਆਬੇ ਦਿਆਂ ਸ਼ਹਿਰਾਂ ਦਾ ਸੰਗ ਮਿਲਿਆ ਅਰ ਨੇੜੇ ਤੇੜੇ ਦੇ ਕਈਆਂ ਸ਼ਹਿਰਾਂ ਦਿਆਂ ਲੋਕਾਂ ਨੇ ਪਾਸੋ ਪਾਸ ਬਰੇਤੀ ਵਿਚ ਡੇਰੇ ਕਰ ਲਏ। ਜਾਂ ਮਨੁੱਖ ਸੱਭੇ ਹਰਦੁਆਰ ਇਸ਼ਨਾਨ ਕਰਨੇ ਨੂੰ ਚੱਲੇ ਤਾਂ ਤੀਮੀਆਂ ਬੀ ਸੱਭੇ ਤਿਆਰ ਹੋ ਪਈਆਂ। ਕਿਨੇ ਕਿਹਾ ਚਲ ਤਾਬੋ ਨ੍ਹਾਉਣ, ਕੋਈ ਬੋਲੀ ਚੱਲ ਬੇਬੇ ਜੀ ਆ ਨਹਾ ਆਈਏ। ਕਿਨੇ ਪਾਨੋ ਅਤੇ ਠਾਕੁਰੀ ਅਰ ਭੱਪੀ ਨੂੰ ਸੱਦਿਆ ਅਰ ਕਿਨੇ ਖੇਮੀ ਅਰ ਬੁੱਧਾਂ ਨੂੰ ਹਾਕ ਮਾਰੀ। ਇਕ ਬਹੁਟੀ ਨੇ ਆਪਣੀ ਸੱਸ ਨੂੰ ਪੁੱਛਿਆ, "ਬੇਬੋ, ਜੱਟੋ ਅਰ ਮਾਲਣ ਅਰ ਗੁਜਰੀ, ਪਾਰੋ, ਸਿੱਬੀ, ਦ੍ਰੋਪਤੀ, ਸੋਧਾਂ, ਨਰੈਣੀ, ਰਾਜਦੇਈ, ਕਰਮੋ, ਬੰਨੋ, ਬਿੱਸੋ, ਕਿਸ਼ਨੀ, ਸਾਡੇ ਡੇਰੇ ਦੀਆਂ ਏਹ ਸਾਰੀਆਂ ਬਹੁਟੀਆਂ ਅਰ ਤੀਮੀਆਂ ਨ੍ਹਾਉਣ ਚੱਲੀਆਂ ਹਨ ਜੇ ਤੂੰ ਕਹੇਂ ਤਾਂ ਇਨ੍ਹਾਂ ਦੇ ਨਾਲ ਮੈਂ ਭੀ ਨਹਾ ਆਵਾਂ?"

ਸੱਸ ਨੇ ਕਿਹਾ, "ਬਹੁਟੀਏ, ਤੇਰੀ ਸੱਸ, ਦਦੇਹਸ[1] ਅਰ ਪਤੀਹਸ[2] ਅਰ ਹੋਰ ਦਰਾਣੀਆਂ ਜਠਾਣੀਆਂ ਅਰ ਫੁਫੇਹਸ[3], ਸੁੱਖ ਨਾਲ ਸੱਭੇ ਆ-ਈਆਂ ਹੋਈਆਂ ਤੇਰੇ ਕੋਲ ਹਨ, ਜਦ ਇਹ ਜਾਣਗੀਆਂ ਤਾਂ ਤੂੰ ਵੀ ਨਹਾ ਆਵੀਂ। ਸੁੱਖੀ ਸਾਂਦੀ, ਤੈਂ ਬਗਾਨੀਆਂ ਨਾਲ ਕਿਉਂ ਜਾਣਾ ਸਾ? ਦੇਖ

Digitized by Panjab Digital Library | www.panjabdigilib.org

ਤਾਂ ਤੇਰਾ ਦਦਿਅਹੁਰਾ[4], ਸਹੁਰਾ ਅਰ ਪਤਿਅਹੁਰਾ[5], ਸੱਭੇ ਧੋਤੀਆਂ ਫੜੀ ਤਿਆਰ ਬੈਠੇ ਹਨ। ਇਨ੍ਹਾਂ ਨੂੰ ਛੱਡ ਕੇ ਬਗਾਨਿਆਂ ਮਰਦਾਂ ਅਰ ਤ੍ਰੀਮੀਆਂ ਨਾਲ ਤੇਰੀ ਜੁੱਤੀ ਜਾਂਦੀ ਹੈ।"

ਬਹੁਟੀ ਨੇ ਕਿਹਾ, "ਆਹੋ ਜੀ! ਅਸੀਂ ਤੁਹਾਡਿਆਂ ਸਿਆਣਿਆਂ ਨਾਲ ਜਾ ਕੇ ਨਾ ਤਾਂ ਉੱਚੀ ਤੇ ਕੁਛ ਗੱਲ ਹੀ ਕਰ ਸਕਾਂਗੇ ਅਰ ਨਾ ਕਿਤੇ ਮੇਲਾ ਹੀ ਦੇਖ ਸਕਾਂਗੇ ਏਹ ਤਾਂ ਸਭ ਸਾਡੀਆਂ ਹਾਨਣਾਂ ਹਨ। ਸਗੋਂ ਜੇ ਤੂੰ ਕਹੇਂ ਤਾਂ ਇਨ੍ਹਾਂ ਇੱਕੋ ਜੇਹੀਆਂ ਦੇ ਨਾਲ ਜਾ ਕੇ ਮੈਂ ਬੀ ਨਹਾ ਆਵਾਂ। ਅਰ ਜੇ ਤੂੰ ਕਹੇਂਗੀ ਤਾਂ ਘਰ ਦਿਆਂ ਦੇ ਨਾਲ ਜਾ ਕੇ ਫੇਰ ਚੁੱਭੀ ਲਾ ਆਵਾਂਗੀ।"

ਸੱਸ ਨੇ ਕਿਹਾ, "ਬੀਬੀ ਮੈਂ ਤਾਂ ਤੈਨੂੰ ਪਰਾਈਆਂ ਰੰਨਾਂ ਨਾਲ ਕਦੀ ਨਹੀਂ ਭੇਜਣਾ! ਕੇਡੀ ਅੱਲੋਕਾਰੀ[6] ਆਈ ਹੈ, ਜ਼ਹਾਨ ਦੀਆਂ ਰੰਨਾਂ ਘਰ ਦਿਆਂ ਨੂੰ ਛੱਡ ਕੇ ਓਪਰਿਆਂ ਨਾਲ ਤੁਰ ਪੈਂਦੀਆਂ ਹੋਣਗੀਆਂ? ਚੱਲ ਹੱਟ ਕੇ ਬੈਠ, ਕੋਈ ਰਾਹ ਦੀ ਗੱਲ ਕਰੀਦੀ ਹੈ।"

ਬਹੁਟੀ ਨੇ ਕਿਹਾ, "ਬੇਬੇ! ਹਾਹੜੇ ਹਾਹੜੇ, ਤੇਰਾ ਭਲਾ ਹੋਵੇ, ਕਾਇਆਂ ਦੀ ਸਹੁੰ, ਮੈਂ ਹੁਣੇ ਪਿਛਲੀ ਪੈਰੀਂ ਆ ਜਾਊਂਗੀ, ਇਕ ਵਾਰ ਇਨ੍ਹਾਂ ਦੇ ਨਾਲ ਮੈਨੂੰ ਜਾਇ ਆਉਣ ਦੇਹ।" ਇਧਰ ਏਹ ਗੱਲਾਂ ਹੋ ਹੀ ਰਹੀਆਂ ਸੀਆਂ ਕਿ ਇਤਨੇ ਨੂੰ ਸੱਭੇ ਤੀਮੀਆਂ ਜੋ ਤਿਆਰ ਹੋਈਆਂ ਸੀਆਂ ਕੱਠੀਆਂ ਹੋ ਕੇ ਉਸ ਬਹੁਟੀ ਕੋਲ ਆ ਕੇ ਕਹਿਣ ਲੱਗੀਆਂ, "ਕੁੜੇ ਕਿਰਪੀਏ ਚੱਲ ਨਹਾ ਆਈਏ?"

ਬਹੁਟੀ ਨੇ ਕਿਹਾ, "ਭੈਣੋ! ਸਾਡੀ ਸੱਸ ਨਹੀਂ ਜਾਣ ਦਿੰਦੀ, ਜਾਓ ਤੁਸੀਂ ਨਹਾ ਆਓ।"

ਉਹ ਸਭ ਆ ਕੇ ਉਸ ਦੀ ਸੱਸ ਨੂੰ ਬੋਲੀਆਂ ਕਿ ਬੇਬੇ, ਕਿਰਪੀ ਨੂੰ ਸਾਡੇ ਨਾਲ ਨ੍ਹਾਉਣ ਭੇਜ ਦੇਹ, ਅਸੀਂ ਕੁੜੀਆਂ ਚਿੜੀਆਂ ਇਕ ਵਾਰ ਅੱਗੋਂ ਜਾ ਕੇ ਨ੍ਹਾਇ ਆਉਂਦੀਆਂ ਹਾਂ।

ਸੱਸ ਨੇ ਕਿਹਾ, "ਨਾ ਬੇਬੇ! ਸਾਡੇ ਮਰਦ ਗੁੱਸੇ ਹੋਣਗੇ। ਅਸੀਂ ਆਪਣੀ ਨੂੰਹ ਨੂੰ ਬਗਾਨੀਆਂ ਨਾਲ ਨਹੀਂ ਭੇਜਣਾ। ਸਾਡੇ ਘਰ ਦੇ

Digitized by Panjab Digital Library | www.panjabdigilib.org

ਸਭ ਤਿਆਰ ਹਨ ਪਰ ਕਿਰਪੀ ਨੂੰ ਖ਼ਬਰ ਨਹੀਂ ਦਿਨੋਂ ਦਿਨ ਕਿਹਦੀ ਮੱਤ ਆਉਂਦੀ ਜਾਂਦੀ ਹੈ, ਜੋ ਚੋਲੇ ਸੀਉਂਦਿਆਂ ਉੱਧਲਦੀ ਜਾਂਦੀ ਹੈ"। ਉਨ੍ਹੀਂ ਆਖਿਆ, "ਬੇਬੇ ਤੂੰ ਕੇਹੀਆਂ ਜੇਹੀਆਂ ਗੱਲਾਂ ਕਰਦੀ ਹੈਂ ? ਭਲਾ ਨਿਆਣੀਆਂ ਦੇ ਮਨ ਵਿਚ ਆਪਣੀਆਂ ਹਾਨਣਾਂ ਦੇ ਨਾਲ ਜਾਣੇ ਦਾ ਚਾਉ ਹੁੰਦਾ ਹੀ ਹੈ ਨਾ। ਤੂੰ ਤਾਂ ਕੋਈ ਜੱਗੋਂ ਮੁਲਖੋਂ ਬਾਹਰੀਆਂ ਗੱਲਾਂ ਕਰਨ ਲੱਗ ਪੈਂਨੀ ਹੈਂ। ਭਲਾ ਦੇਖ ਤਾਂ, ਤੈਨੂੰ ਚੋਲੇ ਸੀਤੀ ਉਧਲਨੇ ਦਾ ਕਹਾਣ[8] ਪਾਉਣਾ ਬਣਦਾ ਸਾ ?"

ਸੱਸ ਨੇ ਕਿਹਾ, "ਬੇਬੇ ! ਅਸੀਂ ਤੁਹਾਡੇ ਉਤੇ ਤਾਂ ਨਹੀਂ ਕਹਾਣ ਪਾਇਆ। ਅਸੀਂ ਤਾਂ ਆਪਣੀ ਨੂੰਹ ਨੂੰ ਸਮਝਾਉਂਦੇ ਹਾਂ। ਫੇਰ ਤੁਹਾਨੂੰ ਕੀ ਵਾਸਤਾ ਜੋ ਧਿਗਾਣੇ ਚਪੜ ਚਪੜ ਲਾਈ ਹੋਈ ਹੈ ? ਜਾਓ, ਅਸੀਂ ਨਹੀਂ ਜਾਣ ਦੇਣੀ, ਤੁਹਾਡਾ ਕੋਈ ਰਾਜ ਹੈ ?"

ਇਕ ਉਨ੍ਹਾਂ ਵਿਚੋਂ ਬੋਲੀ, "ਨੀ ਚੱਲੋ, ਭੈਣੋਂ ! ਤੁਹਾਡਾ ਕਿਰਪੀ ਤੇ ਬਿਨਾਂ ਜੀਉ ਤਾਂ ਨਹੀਂ ਥੋੜਾ ਹੁੰਦਾ। ਤੁਸੀਂ ਉਸ ਨੂੰ ਨਾਲ ਲਿਜਾ ਕੇ ਕੀ ਕੱਢਣਾ ਹੈ ? ਤੁਹਾਨੂੰ ਉਸ ਤੇ ਬਿਨਾਂ ਰਾਹ ਤਾਂ ਨਹੀਂ ਭੁੱਲ ਚੱਲਿਆ।" ਫੇਰ ਆਖਿਆ, "ਅੱਛਾ, ਬੇਬੇ! ਸਾਨੂੰ ਕਾਹਨੂੰ ਔਖੀ ਹੁੰਦੀ ਹੈਂ ? ਤੇਰੀ ਨੂੰਹ ਹੈ ਜਮ ਜਮ ਤੂੰ ਉਹਨੂੰ ਜਾਣ ਦੇਹ, ਭਾਵਾਂ ਨਾ ਜਾਣ ਦੇਹ।" ਇਹ ਕਹਿ ਕੇ ਸਭੇ ਹਰਦੁਆਰ ਨੂੰ ਤੁਰ ਪਈਆਂ। ਜਾਂ ਸਭ ਨਹਾ ਧੋ ਚੁੱਕੀਆਂ ਤਾਂ ਬੋਲੀਆਂ, "ਆਓ, ਭੈਣੋਂ! ਚੁਲੀਆਂ ਲਈਏ।"

ਇਕ ਜੋ ਉਨ੍ਹਾਂ ਵਿਚ ਛੋਟੀ ਜੇਹੀ ਕੁੜੀ ਸੀ ਉਸ ਨੇ ਆਪਣੀ ਭਰਜਾਈ ਨੂੰ ਪੁੱਛਿਆ, 'ਭਾਬੀ ! ਚੁਲੀਆਂ ਕੀ ਹੁੰਦੀਆਂ ਹਨ ?"

ਭਾਬੀ ਨੇ ਕਿਹਾ, "ਬੀਬੀ ਤੂੰ ਨਹੀਂ ਜਾਣਦੀ ਇੱਥੇ ਗੰਗਾ ਉੱਤੇ ਬੈਠ ਕੇ ਕਿਸੇ ਨੂੰ ਧਰਮ ਭੈਣ ਬਣਾ ਲਈਦਾ ਹੈ। ਆਪ ਗੰਗਾਜਲ ਦੀ ਚੁਲੀ ਭਰ ਕੇ ਦੂਜੀ ਦੇ ਹੱਥ ਪੁਰ ਪਾ ਦੇਈਦੀ ਹੈ ਅਰ ਉਹ ਉਸ ਨੂੰ ਪੀ ਕੇ ਉਸੇ ਤਰ੍ਹਾਂ ਫੇਰ ਉਸ ਦੂਜੀ ਦੇ ਹੱਥ ਪੁਰ ਚੁਲੀ ਦੇ ਕੇ ਪਲਾ ਦਿੰਦੀ ਹੈ ; ਬੱਸ ਏਸ ਗੱਲ ਦਾ ਨਾਮ ਚੁਲੀਆਂ ਲੈਣੀਆਂ ਹਨ। ਜਿਸ ਨਾਲ ਚੁਲੀਆਂ ਲਈਦੀਆਂ ਹਨ ਫੇਰ ਸਾਰੀ ਉਮਰ ਉਸ ਨੂੰ

Digitized by Panjab Digital Library | www.panjabdigilib.org

ਧਰਮ-ਭੈਣ ਜਾਣ ਕੇ ਪਿਆਰ ਰੱਖੀ ਦਾ ਹੈ। ਅਰ ਦੁਖ ਸੁਖ ਵਿਚ ਉਸ ਤੇ ਮੱਦਤ ਲਈਦੀ ਅਰ ਆਪ ਉਸ ਦੀ ਮੱਦਤ ਕਰੀਦੀ ਹੈ। ਨਾਲੇ ਸਾਰੀ ਉਮਰ ਉਸ ਦੀ ਨਿੰਦਿਆ ਨਹੀਂ ਕਰੀਦੀ।"

ਕੁੜੀ ਨੇ ਪੁੱਛਿਆ, "ਭਾਬੀ! ਮਰਦ ਬੀ ਚੁਲੀਆਂ ਲੈਂਦੇ ਹੁੰਦੇ ਹਨ ਕਿ ਇਹ ਤੀਵੀਆਂ ਦਾ ਹੀ ਰਾਹ ਹੁੰਦਾ ਹੈ?"

ਭਾਬੀ ਨੇ ਕਿਹਾ, "ਹਾਂ, ਮਰਦ ਭੀ ਬਥੇਰੇ ਚੁਲੀਆਂ ਲੈ ਜਾਂਦੇ ਹਨ ਅਰ ਫੇਰ ਸਾਰੀ ਉਮਰ ਇਕ, ਦੂਜੇ ਦੀ ਮਰਨੀ ਮਰਦਾ ਹੈ੧। ਬੀਬੀ! ਮਰਦ ਚੁਲੀਆਂ ਭੀ ਬਥੇਰੇ ਲੈ ਜਾਂਦੇ ਹਨ ਪਰ ਕਈ ਮਰਦ ਆਪਣੀ ਪੱਗ ਵਟਾ ਕੇ ਵੀ ਧਰਮ-ਭਰਾਉ ਬਣ ਜਾਂਦੇ ਹਨ।"

ਕੁੜੀ ਨੇ ਕਿਹਾ, "ਅੱਛਾ ਫੇਰ ਮੈਂ ਵੀ ਕਿਸੇ ਨਾਲ ਚੁਲੀਆਂ ਜ਼ਰੂਰ ਲਵਾਂਗੀ।"

ਜਾਂ ਸੱਭੇ ਕਿਸੇ ਕਿਸੇ ਨਾਲ ਚੁਲੀਆਂ ਲੈਣ ਲੱਗੀਆਂ ਤਾਂ ਇਕ ਅਕਲ ਵਾਲੀ ਬੋਲੀ, "ਭੈਣੋਂ! ਅਸੀਂ ਤਾਂ ਕਿਸੀ ਓਪਰੀ ਨਾਲ ਚੁਲੀਆਂ ਲਵਾਂਗੇ। ਕਿਉਂ ਜੋ ਸ਼ਹਿਰ ਵਿਚਲੀ ਨਾਲ ਕਈ ਵਾਰ ਲੜਾਈ ਭਿੜਾਈ ਅਰ ਗੁੱਸਾ ਗਿੱਲਾ ਵੀ ਹੋ ਜਾਂਦਾ ਹੈ ਅਰ ਕਦੇ ਕਦੇ ਨਿੰਦਿਆ ਚੁਗਲੀ ਵੀ ਕਰ ਹੋ ਜਾਂਦੀ ਹੈ, ਸੋ ਚੁਲੀਆਂ ਕਿਸੀ ਦੂਰ ਰਹਿਣੇ ਵਾਲੀ ਨਾਲ ਲੈਣੀਆਂ ਚਾਹੀਦੀਆਂ ਹਨ ਕਿ ਜਿੱਥੋਂ ਕੁਧਰਮੀ ਨਾ ਹੋਣਾ ਪਵੇ।"

ਇਕ ਨੇ ਕਿਹਾ, "ਅੱਛਾ ਭੈਣੇ! ਅਸੀਂ ਤਾਂ ਇਸੇ ਮਾਰੇ ਗੰਗਾ ਜੀ ਨੂੰ ਹੀ ਆਪਣੀ ਭੈਣ ਬਣਾ ਚੱਲੇ ਹਾਂ। ਅਸੀਂ ਇਕ ਚੁਲੀ ਇਸ ਤੇ ਲੈ ਕੇ ਪੀ ਲਈ ਅਤੇ ਇਕ ਆਪਣੇ ਹੱਥ ਵਿਚ ਭਰ ਕੇ ਇਸ ਵਿਚ ਛੱਡ ਚੱਲੇ ਹਾਂ। ਹੁਣ ਇਸ ਨੂੰ ਅਸੀਂ ਭੈਣ ਬਣਾ ਲਿਆ ਹੈ ਜਦ ਇਸ ਨੂੰ ਪਿਆਰ ਆਊ ਸਾਨੂੰ ਘਰ ਤੇ ਸੱਦ ਲਊ। ਇਸ ਡੌਲ ਨਾਲ ਸਾਨੂੰ ਇਸ਼ਨਾਨ ਤਾਂ ਫੇਰ ਪ੍ਰਾਪਤ ਹੋ ਜਾਇਆ ਕਰੂਗਾ।"

ਉਨ੍ਹਾਂ ਵਿੱਚੋਂ ਇਕ ਬੋਲੀ, "ਭੈਣੋਂ! ਐਥੇ ਜੇਹੜੇ ਮਨੁੱਖ ਬੈਠੇ ਨ੍ਹਾਉਂਦੇ ਸੇ ਉਨ੍ਹਾਂ ਨੇ ਕਈ ਚੀਜ਼ਾਂ ਖਾਣੀਆਂ ਪੀਣੀਆਂ ਛੱਡੀਆਂ

Digitized by Panjab Digital Library | www.panjabdigilib.org

ਹਨ ਆਓ ਅਸੀਂ ਵੀ ਕੁਛ ਛੱਡ ਦੇਈਏ।" ਕਿਸੇ ਨੇ ਚੁਲੀ ਭਰ ਕੇ ਇਹ ਗੱਲ ਆਖੀ ਕਿ ਮੈਂ ਅੱਜ ਤੋਂ ਵਤਾਊਂ ਖਾਣੇ ਛੱਡੇ। ਕਿਸੇ ਨੇ ਕਿਹਾ ਭੈਣੋਂ ਮੈਂ ਤਾਂ ਮਸਰਾਂ ਦੀ ਦਾਲ ਖਾਣੀ ਛੱਡੀ। ਕੋਈ ਬੋਲੀ, "ਭੈਣੋਂ! ਅਸੀਂ ਤਾਂ ਕੋਈ ਐਹੀ ਜੇਹੀ ਚੀਜ਼ ਛੱਡਾਂਗੇ ਜਿਹੜੀ ਸਾਨੂੰ ਕਦੀ ਲੱਭ ਨਾ ਸਕੇ, ਜਿਹਾ ਕੁ ਸਾਡੇ ਦੇਸ਼ ਵਿਚ ਕੇਲੇ ਘੱਟ ਹੁੰਦੇ ਹਨ ਸੋ ਮੈਂ ਤਾਂ ਓਹ ਛੱਡੇ, ਕਿਉਂਕਿ ਨਾ ਓਹ ਦਿੱਸਣ ਨਾ ਸੁਰਤ ਚੱਲੇ[10]।"

ਇਕ ਸਾਧੂ ਨੇ ਪਾਸੋਂ ਕਿਹਾ, "ਬੀਬੀਓ! ਇਹ ਜੋ ਕੁਛ ਛੱਡਣੇ ਛੁਡਾਉਣੇ ਦੀ ਰੀਤ ਤੁਰੀ ਹੋਈ ਹੈ, ਇਹ ਨਿਰੀ ਏਹੋ ਨਹੀਂ ਜਿਹੀ ਕੁ ਤੁਸੀਂ ਸਮਝੀ। ਇਹ ਤਾਂ ਇਹ ਗੱਲ ਸੀ ਭਈ ਜੋ ਗੱਲਾਂ ਮਨੁੱਖ ਨੂੰ ਨਰਕੀਂ ਲੈ ਜਾਂਦੀਆਂ ਹਨ ਤੀਰਥ ਪੁਰ ਆ ਕੇ ਉਨ੍ਹਾਂ ਦੀ ਚੁਲੀ ਛੱਡਣੀ ਚਾਹੀਏ। ਜਿਹਾ ਕੁ ਮੈਂ ਅੱਜ ਝੂਠ ਬੋਲਣਾ ਛੱਡਿਆ ਜਾਂ ਕਾਮ ਕ੍ਰੋਧ ਅਥਵਾ ਹੰਕਾਰ ਛੱਡਿਆ। ਸੋ ਤੁਸੀਂ ਇਨ੍ਹਾਂ ਵਿੱਚੋਂ ਤਾਂ ਕੋਈ ਚੀਜ਼ ਵੀ ਨਾ ਛੱਡੀ; ਖਾਣੇ ਪੀਣੇ ਦੀਆਂ ਚੀਜ਼ਾਂ ਛੱਡਣੇ ਉਤੇ ਲੱਕ ਬੰਨ੍ਹ ਲਿਆ ਹੈ।"

ਇਕ ਬੋਲੀ, "ਬਾਵਾ ਜੀ ਇਹ ਤਾਂ ਤੁਹਾਡਾ ਸਤਾਂ ਦਾ ਹੀ ਕੰਮ ਹੈ, ਸਾਤੇ[11] ਕਬੀਲਦਾਰਾਂ ਤੇ ਏਹ ਗੱਲਾਂ ਕਦ ਛੁੱਟ ਸੱਕਦੀਆਂ ਹਨ? ਬੱਡੀ ਦੌੜ ਅਸੀਂ ਮਾਸ ਖਾਣਾ ਛੱਡ ਦੇਵਾਂਗੀਆਂ; ਹੋਰ ਸਾਤੇ ਕੀ ਛੁੱਟ ਜਾਣਾ ਹੈ?"

ਜਾਂ ਨਹਾ ਧੋ ਕੇ ਡੇਰੇ ਨੂੰ ਮੁੜਨ ਲੱਗੀਆਂ ਤਾਂ ਇਕ ਬੋਲੀ, "ਹੈ ਹੈ, ਲੋਹੜਾ! ਮੈਂ ਕਿਹੜੇ ਖੂਹ ਪਵਾਂ? ਮੇਰੀ ਸੁੱਥਣ ਨਾਲੋਂ ਤਾਂ ਕਿਨੇ ਬਟੂਆ ਤੋੜ ਲਿਆ ਕਿ ਜਿਸ ਵਿੱਚ ਦੋ ਰੁਪਏ ਤਾਂ ਇਕ ਪਾਉਲੀ ਅਰ ਦੋਂਹ ਆਨਿਆਂ ਦੇ ਡੱਬਲੀ ਟਕੇ ਸੇ।" ਦੂਜੀ ਬੋਲੀ "ਧਾੜ ਨੀ ਧਾੜ! ਮੇਰੀ ਤਾਂ ਚਾਦਰ ਨਹੀਂ ਦਿੱਸਦੀ ਕਿ ਜਿਸ ਦੇ ਲੜ ਮੈਂ ਆਪਣੀ ਪੌਂਚੀ[12] ਖੋਲ੍ਹ ਕੇ ਬੰਨ੍ਹ ਦਿੱਤੀ ਸੀ।" ਤੀਜੀ ਨੇ ਕਿਹਾ,

Digitized by Panjab Digital Library | www.panjabdigilib.org

"ਹੈ ਹੈ, ਮੈਂ ਡੁੱਬੀ ਮੇਰੇ ਪੈਰ ਦੀ ਕੜੀ ਕਿੱਥੇ ਗਈ ਜੋ ਮੈਂ ਹੁਣੇ ਰੱਖ ਕੇ ਨ੍ਹਾਉਣੇ ਵੜੀ ਸੀ ।"

ਇਕ ਬੁੱਢੀ ਜਿਹੀ ਪਾਸੋਂ ਬੋਲੀ, "ਨੀ ਘਰ ਦਿਆਂ ਨੂੰ ਖਾਣੀਓ! ਔਤ ਨਪੁੱਤਿਆਂ ਦੀਓ ਬਛੇਰੀਓ ! ਤੁਸੀਂ ਉੱਡ ਪੁੱਡ ਜਾਸੋਂ, ਐਡੇ ਮੇਲੇ ਵਿਚ ਤੁਸੀਂ ਏਹ ਚੀਜ਼ਾਂ ਸੁਮਾਲੀਆਂ ਕਿਹਨੂੰ ਸੀਆਂ ? ਜਾਓ ਤੁਸੀਂ ਐਡੀਆਂ ਹੀ, ਉਖੱੜਿਆਂ ਦੀਓ, ਹੁਣ ਮੈਂ ਚੂੰਡਾ ਮੁਨਾਉਣੀ ਬੁੱਢੀ ਤਾਂ ਧਿਗਾਣੇ ਉਲਾਂਭੇ ਵਿੱਚ ਆ ਗਈ ਨਾ, ਜੇਹੜੀ ਤੁਹਾਡੇ ਨਾਲ ਉਠ ਤੁਰੀ । ਬੱਢੀਓ ! ਤੁਹਾਡੇ ਘਰ ਦੇ ਤਾਂ ਹੁਣ ਮੇਰੀ ਗੁੱਤ ਮੁੰਨਣਗੇ ਨਾ ਕਿ ਤੂੰ ਐਡੀ ਸਿਆਣੀ ਹੋ ਕੇ ਇਨ੍ਹਾਂ ਦੀਆਂ ਚੀਜ਼ਾਂ ਕਿਉਂ ਨਾ ਸੰਭਾਲੀਆਂ ? ਭਲਾ ਮੈਂ ਝੁਗਾ-ਖਾਣੀ ਕੀ ਕਰਾਂ ? ਤੁਸੀਂ ਤਾਂ ਜਿਉਂ ਦਰਿਆ ਵਿੱਚ ਬੜੀਆਂ ਨਿਕਲੋਂ ਹੀ ਨਹੀਂ ।"

ਕਿਨੇ ਪਾਸੋਂ ਆਖਿਆ, "ਬੁੱਢੀਏ ! ਗੰਗਾ ਜੀ ਨੂੰ ਦਰਿਆਓ ਨਹੀਂ ਆਖੀਦਾ, ਪਾਪ ਲੱਗਦਾ ਹੈ ।"

ਬੁੱਢੀ ਨੇ ਬੁਰਾ ਜਿਹਾ ਮੂੰਹ ਬਣਾ ਕੇ ਕਿਹਾ, "ਬੇ ਹੋਊ ਭਾਈ ਪਾਪ ਲੱਗਦਾ ! ਮੈਂ ਖਸਮ ਪਿੱਟੀ ਇਸ ਗੰਗਾ ਨੂੰ ਦਰਿਆਓ ਨਾ ਕਹਾਂ ਤਾਂ ਹੋਰ ਕੀ ਕਹਾਂ, ਜਿਸ ਨੇ ਮੇਰੀਆਂ ਕੁੜੀਆਂ ਦੇ ਗਹਿਣੇ ਕੱਪੜੇ ਗੁਆ ਦਿੱਤੇ ।"

ਉਸ ਨੇ ਕਿਹਾ, "ਮਾਈ ਕੋਈ ਨਹੀਂ, ਅੱਛੀ ਤਰ੍ਹਾਂ ਨਜ਼ਰ ਮਾਰ ਕ ਦੇਖੋ ਲੱਭ ਪੈਣਗੇ, ਕਿਤੇ ਵਿੱਚੇ ਹੀ ਹੋਣੇ ਹਨ ।"

ਬੁੱਢੀ ਬੋਲੀ, "ਬੇ ਰਾਮ, ਭਾਈ ! ਕਦੀ ਗਈ ਚੀਜ਼ ਵੀ ਲੱਭਦੀ ਹੁੰਦੀ ਹੈ ?"

ਜਾਂ ਸੱਭੇ ਤੀਮੀਆਂ ਉੱਥੋਂ ਤੁਰੀਆਂ, ਬਜ਼ਾਰ ਵਿਚ ਦੀ ਆਪਣੇ ਡੇਰੇ ਨੂੰ ਆਈਆਂ, ਰਾਹ ਵਿਚ ਇਕ ਕੁੜੀ ਨੂੰ ਕਿਸੇ ਮਨੁੱਖ ਦਾ ਐਹਾ ਜਿਹਾ ਧੱਕਾ ਲੱਗਾ ਕਿ ਕੁਛ ਕਹਿਣੇ ਦੀ ਗੱਲ ਨਹੀਂ । ਉਸ ਕੁੜੀ ਦੀ ਮਾਂ ਨੇ ਕਿਹਾ, "ਹੈ ਹੈ, ਜਾਂਦੂ[13] ! ਤੈਂ ਤਾਂ ਮੇਰੀ ਕੁੜੀ ਨੂੰ

Digitized by Panjab Digital Library | www.panjabdigilib.org

ਮਾਰ ਹੀ ਸਿੱਟਿਆ ਸਾ। ਉੱਖੜਿਆਂ ਦਾ, ਅੱਗਾ ਦੇਖ ਕੇ ਨਹੀਂ ਤੁਰਦਾ। ਐਹੀ ਜੇਹੀ ਜੁਆਨੀ ਨੂੰ ਕਿੱਥੇ ਥਾਉਂ ਹੈ? ਆਹਾਂ, ਨੀ ਕਾਹਨੋਂ! ਦੇਖ ਤਾਂ, ਜਾਣੀਦੀ ਕੁੜੀ ਨੂੰ ਗਸ਼ੀ ਪੈ ਪੈ ਜਾਂਦੀ ਹੈ।" ਕਾਹਨੋ ਨੇ ਕਿਹਾ, "ਹਾਇ! ਲੁਹੜਾ ਬੇਬੇ ਮੈਨੂੰ ਦੱਸ ਤਾਂ ਉਹ ਕੇਹੜਾ ਪੱਟਿਆ ਜਾਣਾ ਐਹਾ ਜਿਹਾ ਕਾਹਲਾ ਸੀ? ਹੈ ਹੈ, ਉਹਨੂੰ ਨਿਘਾਰ ਪੈ ਜਾਏ, ਓਨ ਇਹ ਨਾ ਜਾਤਾ ਭਈ ਕੁੜੀ ਨਿਆਣੀ ਹੈ। ਚੱਲ ਤਾਂ ਮੈਂ ਉਹਨੂੰ ਆਪਣਿਆਂ ਮਰਦਾਂ ਕੋਲੋਂ ਕੇਹੀ ਕੁ ਧਨੇਸੜੀ[14] ਦੁਆਨੀ ਹਾਂ। ਨੀ ਉਹਨੂੰ ਨਿੱਘਰ ਮਿੱਘਰੀ ਆ ਜਾਏ!"

ਪਾਸੋਂ ਕਿਸੇ ਜਾਤ੍ਰੀ ਨੇ ਕਿਹਾ, "ਚੁੱਪ ਕਰ ਮਾਈ! ਮੇਲੇ ਗੇਲੇ ਦਾ ਇਹੋ ਸੁਭਾਉ ਹੁੰਦਾ ਹੈ, ਕਈਆਂ ਦੇ ਪੈਰ ਦਰੜ ਹੋ ਜਾਂਦੇ ਅਰ ਕਈਆਂ ਨੂੰ ਧੱਕੇ ਬੱਜਦੇ ਹਨ; ਸੋ ਹੋਊ, ਹੁਣ ਜਾਣ ਦਿਓ, ਤੀਰਥ ਨ੍ਹਾਉਣ ਆਈਆਂ ਹੋਈਆਂ ਹੋ, ਕਿਸੇ ਨੂੰ ਖੋਟਾ ਬਚਨ ਕਹਿਣਾ ਚੰਗਾ ਨਹੀਂ।"

ਤੀਮੀਆਂ ਨੇ ਕਿਹਾ, "ਭਲਾ, ਬੇ ਭਾਈ ਭਲਾ! ਤੁਸੀਂ ਮਨੁੱਖਾਂ ਨੇ ਮਨੁੱਖਾਂ ਦੀ ਹੀ ਹੁਮਾਇਤ ਕਰਨੀ ਸੀ ਨਾ, ਸਾਡਾ ਤੀਮੀਆਂ ਮਾਨੀਆਂ ਦਾ ਹੁਮੈਤੀ ਕੌਣ ਬਣਦਾ ਹੈ? ਸਾਡਾ ਕੋਈ ਮਨੁੱਖ ਇੱਥੇ ਹੁੰਦਾ ਤਾਂ ਉਸ ਨੂੰ ਸੁਆਦ ਦਿਖਾਲ਼ ਦਿੰਦਾ ਕਿ ਜਿਨ ਸਾਡੀ ਕੁੜੀ ਨੂੰ ਧੱਕਾ ਮਾਰਿਆ ਸਾ" ਇਨ੍ਹਾਂ ਗੱਲਾਂ ਤੇ ਬਾਦ ਆਪਣੇ ਡੇਰੇ ਆਈਆਂ।

ਜਾਂ ਪੰਜ ਸੱਤ ਦਿਨ ਗੰਗਾ ਜੀ ਪੁਰ ਬੀਤ ਗਏ ਤਾਂ ਮਨੁੱਖਾਂ ਨੇ ਕਿਹਾ, "ਲਓ ਭਈ, ਹੁਣ ਇਸ਼ਨਾਨ ਧਿਆਨ ਹੋ ਚੁੱਕੇ, ਚਲੋ ਘਰਾਂ ਦੀ ਤਿਆਰੀ ਕਰੋ।" ਕਈ ਲੋਕ ਤਾਂ ਆਪਣੀਆਂ ਗੱਡੀਆਂ ਤਿਆਰ ਕਰ ਕੇ ਉਠ ਤੁਰੇ ਅਰ ਕਈ ਸਹਾਰਨਪੁਰ ਆ ਕੇ ਰੇਲ ਪੁਰ ਚੜ੍ਹ ਬੈਠੇ। ਦੋ ਚਹੁੰ ਦਿਨਾਂ ਵਿਚ ਦੁਆਬੇ ਦਾ ਸਾਰਾ ਸੰਗ ਆਪਣੇ ਘਰੀਂ ਆ ਪਹੁੰਚਾ, ਅਰ ਆਪਣੇ ਭਾਈਚਾਰੇ ਵਿਚ ਗੰਗਾ ਜਲ ਅਰ ਪਰਸ਼ਾਦ ਦੀਆਂ ਫੁੱਲੀਆਂ ਵੰਡੀਆਂ।

Digitized by Panjab Digital Library | www.panjabdigilib.org

ਲਾਲਾ ਗੋਂਦਾ ਮੱਲ ਦੀ ਬਹੁਟੀ ਨੇ ਆਪਣੇ ਗਭਰੂ ਨੂੰ ਕਿਹਾ, "ਰਾਮ ਦਿੱਤੇ ਦਾ ਪਿਓ ! ਸਾਨੂੰ ਕਈ ਦਿਨ ਤੀਰਥ-ਜਾਤ੍ਰਾ ਦੇ ਸਬੱਬ ਭੁੰਨੇ ਸੌਂਦਿਆਂ ਨੂੰ ਹੋ ਗਏ । ਅੱਜ ਤਕਾਲਾਂ ਨੂੰ ਕੁਛ ਮਿੱਠਾ ਥਿੰਧਾ ਅਰ ਥੋਹੜੇ ਜਿਹੇ ਚਾਉਲ ਘਰ ਭੇਜ ਦੇਈਓ ਕਿਉਂ ਜੋ ਭਲਕੇ ਛਿੱਦ[15] ਲੈ ਕੇ ਮੰਜੇ ਸੌਣਾ ਬਖਸਾ ਲਈਏ। ਗੋਂਦਾ ਮੱਲ ਨੇ ਚਾਉਲ ਭੇਜੇ ਤਾਂ ਰਾਤ ਨੂੰ ਦੋ ਤਿੰਨ ਬਾਹਮਣ ਨੰਉਂਦ ਦਿੱਤੇ[16] । ਸਵੇਰ ਹੁੰਦੀ ਹੀ ਪੁਰਤਾਣੀ[17] ਨੂੰ ਸੱਦ ਕੇ ਚਾਉਲ ਅਰ ਮਾਂਹ ਰਿਨ੍ਹਾ ਕੇ ਫੁਲਕੇ ਪਕਵਾਏ ਅਰ ਬਾਹਮਣ ਜੁਮਾਲ[18] ਕੇ ਉਨ੍ਹਾਂ ਤੇ ਮੰਜੇ ਸੌਣੇ ਦੀ ਪਰਵਾਨਗੀ ਲੈ ਲਈ ।

ਹੁਣ ਪੰਜ ਸੱਤ ਤੀਮੀਆਂ ਜੋ ਮਹੱਲੇ ਦੀਆਂ ਗੋਂਦਾ ਮੱਲ ਦੀ ਬਹੁਟੀ ਪਾਸ ਕੋਈ ਅਟੇਰਨ ਫੜ ਕੇ ਅਰ ਕੋਈ ਹੱਥ ਵਿੱਚ ਧੁਣਖੀ ਲੈ ਕੇ ਅਰ ਕੋਈ ਦੋ ਤਿੰਨ ਚੂਹਟੀਆਂ ਰੂੰ ਦੀਆਂ ਫੜ ਕੇ ਆਪੋ ਆਪਣਾ ਕੰਮ ਕਰਨ ਆ ਬੈਠੀਆਂ ਤਾਂ ਕੁਛ ਗੱਲਾਂ ਚੱਲੀਆਂ । ਕਿਨੇ ਕੋਈ ਗੱਲ ਅਰ ਕਿਨੇ ਕੋਈ ਗਲ ਕਰ ਲਈ ਤਾਂ ਇਕ ਚਰਖਾ ਕੱਤਦੀ ਕੱਤਦੀ ਬੋਲੀ, "ਬੇਬੇ, ਰਾਮ ਦਿੱਤੇ ਦੀ ਮਾਂ ! ਸੁਣਿਆ ਹੈ ਅੱਜ ਤੁਸੀਂ ਛਿੱਦ ਲਿਆ ਸਾ ? ਕੀ ਹੋਇਆ, ਕੁਛ ਤੁਸੀਂ ਸਾਡੇ ਘਰ ਤਾਂ ਛਿੱਦ ਦਾ ਪਰਸਾਦ ਘੱਲਣਾ ਸਾ । ਦੇਖ ਤਾਂ ਜਦ ਅਸੀਂ ਚਿੰਤਪੁਰਨੀ ਤੇ ਗੋਕਲ ਨੂੰ ਭੌਂਦ ਕੇ[19] ਆਏ ਸੇ ਤਾਂ ਪਹਿਲੋਂ ਤੇਰੇ ਘਰ ਛਿੱਦ ਦਾ ਪਰਸਾਦ ਘੱਲ ਲਿਆ ਸਾ ਤਾਂ ਸਾਨੂੰ ਸਾਹੁ ਆਇਆ ਸਾ । ਬੇਬੇ ! ਤੁਸੀਂ ਤਾਂ ਹੁਣ ਭਾਈਚਾਰੇ ਦੀ ਸਾਰੀ ਬਰਤੋਂ ਛੱਡਦੇ ਜਾਂਦੇ ਹੋ, ਕੀ ਜਾਣੀਏ ਜਾਂ ਭਲਕ ਰੁਲਦੂ ਦਾ, ਸੁੱਖ ਨਾਲ, ਵਿਆਹ ਕਰੋਗੇ ਤਾਂ ਭਾਈਚਾਰੇ ਦੀ ਭਾਜੀ ਜਾਜੀ ਬੀ ਨਹੀਂ ਦੇਸੋਂਗੇ !"

ਗੋਂਦਾ ਮੱਲ ਦੀ ਬਹੂ ਨੇ ਅਚੰਭਾ ਜੇਹਾ ਕਰ ਕੇ ਕਿਹਾ, "ਅੜੀਏ ਰਾਮੀਏਂ ! ਤੈਨੂੰ ਕੀ ਦੱਸਾਂ ? ਜੇਹੜੇ ਅਸੀਂ ਬਾਹਮਣ ਜੁਮਾਲੇ ਸੇ, ਸਹੁੰ ਤੇਰੀ, ਉਨ੍ਹੀਂ ਪੰਦਰਾਂ ਸੇਰਾਂ ਦੀਆਂ ਰੋਟੀਆਂ ਅਰ ਚਾਉਲਾਂ ਵਿਚੋਂ ਮੁਸਕ ਨਾ ਛੱਡੀ । ਭੈਣੇਂ ! ਮੈਂ ਹੌਂਕੀ ਬੱਕੀ ਰਹਿ ਗਈ । ਨੀ ਉਨ੍ਹਾਂ

Digitized by Panjab Digital Library | www.panjabdigilib.org

ਮੋਇਆਂ ਦੇ ਢਿੱਡ ਕਾਹਦੇ ਸੇ ਕੋਈ ਟੋਏ ਹੋਣਗੇ! ਨੀ ਤੂੰ ਭਗਵਾਨ ਦੀ ਬੰਦੀ ਹੈਂ, ਰੱਬ ਝੂਠ ਨਾ ਬੁਲਾਵੇ ਉਹ ਤਾਂ ਕੋਈ ਐਹੇ ਨਦੀਦੇ[20] ਸੇ ਕਿ ਅੰਨ ਨੂੰ ਹਾਬੜੇ ਹੋਏ ਪਏ ! ਬੇਬੇ ਕੀ ਜਾਣੀਏ, ਉਨ੍ਹੀਂ ਕਦੀ ਅੰਨ ਡਿੱਠਾ ਹੀ ਨਹੀਂ ਸਾ! ਤੂੰ ਸੱਚ ਕਰ ਕੇ ਜਾਣੀਂ ਮੈਂ ਅਣਤੋਲੀ ਮਿੱਟੀ ਪੁਰ ਬੈਠੀ ਹੈਂ, ਝੂਠ ਨਹੀਂ ਕਹੂੰਗੀ, ਉਹ ਤਿੰਨੋਂ ਜਣੇ ਬਲਟੋਹੀ ਮਾਂਹਾਂ ਦੀ ਪਾਣੀ ਵਾਂਗੁਰ ਪੀ ਗਏ ! ਮੈਨੂੰ ਭਰਾ ਦੀ ਸਹੁੰ ਅਸੀਂ ਜਾਂ ਦੂਜੀ ਵਾਰ ਆਟਾ ਗੁੰਨ੍ਹਿਆ ਤਾਂ ਟੱਬਰ ਟੀਹਰ ਨੂੰ ਰੋਟੀ ਖੁਲਾਈ। ਫੇਰ ਦੱਸ ਤਾਂ, ਪਰਸਾਦ ਤੈਨੂੰ ਕਿੱਥੋਂ ਘੱਲਦੇ?"

ਰਾਮੀ ਨੇ ਕਿਹਾ, "ਹੈ ਹੈ, ਨੀਂ ਤੁਸੀਂ ਕੇਹੜੇ ਕੇਹੜੇ ਬਾਹਮਣ ਨੂੰ ਜੁਮਾਲਿਆ ਸਾ? ਉਹ ਚੰਦਰੇ ਬਾਹਮਣ ਕਾਹਦੇ ਸੇ, ਕੋਈ ਛਨਿੱਛਰ ਸੇ?"

ਉਸ ਨੇ ਕਿਹਾ, "ਬੇਬੇ ਇਕ ਤਾਂ ਸਾਡਾ ਪਾਂਧਾ ਜਗਨਾ ਸਾ ਅਰ ਦੂਜਾ ਮਿਸਰ ਰਾਮਜਸ ਆਖਦੇ ਹਨ ਅਰ ਤੀਜੇ ਦਾ ਮੈਂ ਨਾਉਂ ਤਾਂ ਜਾਣਦੀ ਨਹੀਂ ਕਿੱਸੂ ਦੇ ਕੋਟ ਦਾ ਕੋਈ ਪੱਕੇ ਜੇਹੇ ਰੰਗ ਦਾ ਲੰਮਾ ਜੇਹਾ ਸਾ।"

ਇਕ ਬੋਲੀ, "ਨੀ ਆਹੋ! ਮੈਂ ਜਾਣਦੀ ਹੈਂ। ਉਹਨੂੰ ਇਕ ਬਾਰ ਸੈਂਕਰ ਦਾ ਲਾਲਾ ਬੀ ਸਰਾਧਾਂ ਵਿੱਚ ਨੇਉਂਦਾ ਕਹਿ ਆਇਆ ਸਾ। ਭੈਣੇ ਸਾਰੇ ਬਾਹਮਣ ਜੇਉਂ ਚੁੱਕੇ, ਉਸ ਪੱਟੇ ਜਾਣੇ ਦਾ ਢਿੱਡ ਭਰਨੇ ਵਿੱਚ ਨਾ ਆਵੇ। ਕੀ ਜਾਣੀ ਉਹਦਾ ਨਾਉਂ ਗੋਪੀ ਹੈ?"

ਗੋਂਦਾ ਮੱਲ ਦੀ ਬਹੁਟੀ ਨੇ ਕਿਹਾ, "ਹਾਂ ਹਾਂ, ਸਚੁ! ਉਸ ਉੱਖੜੇ ਦਾ ਨਾਉਂ ਗੋਪੀ, ਗੋਪੀ ਹੀ ਸੱਦਦੇ ਸੇ। ਪੁੱਛ ਪੁਰਤਾਣੀ ਨੂੰ ਜੇਹੜੀ ਬਚਾਰੀ ਪਕਾਉਂਦੀ ਪਕਾਉਂਦੀ ਨੂੰ ਦੁਪੈਹਰਾ ਆਇਆ ਸਾ।"

ਰਾਮੀ ਨੇ ਪੁੱਛਿਆ, "ਅੜੀਏ ਤੂੰ ਆਪ ਰਸੋਈ ਨ ਸੋ ਲੱਗੀ?"

ਉਸ ਨੇ ਕਿਹਾ, "ਨਾ, ਮੈਂ ਤਾਂ ਅੱਜੁ ਤੀਆ ਦਿਨ ਹੈ, ਅੱਛੀ ਨ ਸੋ।"

Digitized by Panjab Digital Library | www.panjabdigilib.org

ਡਾ: ਚਰਨ ਸਿੰਘ

# ਪੋਸਤੀ ਦੀ ਕਮਾਈ

ਵੱਡੇ ਵੇਲੇ ਉੱਠੇ, ਪੋਸਤ ਕੂੰਡੇ ਵਿੱਚ ਮਲਣ ਬੈਠ ਗਏ। ਕੱਚੇ ਰਟੀ ਵੇਲੇ ਤਾਈਂ ਮਲ, ਪੁਣ, ਬਾਟਾ ਭਰ, ਪੈਰਾਂ ਭਾਰ ਬੈਠੇ ਨਿਘੇਰ ਗਏ[1]। ਉੱਠੇ, ਦਿਸ਼ਾ ਪਾਣੀ ਗਏ। ਅਫ਼ੀਮੀ ਪੋਸਤੀ ਦਾ ਜੰਗਲ ਇੱਕੋ ਜਿਹਾ, ਨਹਾਣਾ ਧੋਣਾ ਭੀ ਇੱਕੋ ਜਿਹਾ। ਹੱਥ ਮੂੰਹ ਧੋਤਾ, ਰੋਟੀ ਦੇ ਗਿਰਦ ਹੋ ਗਏ। ਖਾ ਪੀ ਊਂਘਾਂ ਪਿਣਕਾਂ[2] ਵਿਚ ਹੀ ਲੇਟ ਗਏ। ਅੱਖਾਂ ਮਲਦੇ ਉੱਠੇ, ਝੱਟ ਪੋਸਤ ਮਲਣ ਬੈਠ ਗਏ। ਆਪ ਜਾਣਦੇ ਹੋ ਇਸ ਕੰਮ ਤੋਂ ਬਿਨਾਂ ਪੋਸਤੀ ਨੂੰ ਹੋਰ ਕੋਈ ਆਹਰ[3] ਹੀ ਨਹੀਂ ਹੁੰਦਾ। ਵੱਡੇ ਪ੍ਰੇਮ ਨਾਲ ਪੁਣ ਬਣਾ ਕੇ ਪੀਤਾ, ਜਦ ਅਮਲ ਗਟਾਗੱਟ ਹੋਇਆ ਤਾਂ ਲੱਗੇ ਮਿੱਠੇ ਪਦਾਰਥ—ਗੰਨੇ ਸ਼ੰਨੇ—ਢੂੰਡਣ। ਨਾਲੇ ਕੁੱਝ ਕੁੱਝ ਖਾ ਰਹੇ ਹਨ ਤੇ ਕੁੱਝ ਕੁੱਝ ਮੌਜਾਂ ਪਿਣਕਾਂ ਦੀਆਂ ਲੈ ਰਹੇ ਹਨ। ਜੇ ਕਿਤੇ ਛਿੜੇ ਤਾਂ ਲੱਗੇ ਗੱਪਾਂ ਮਾਰਨ, ਜ਼ਿਮੀਂ ਅਸਮਾਨ ਦੇ ਕੁਲਾਬੇ ਮਿਲਾਉਣ[4]। ਜੇ ਪਿਣਕ ਦੀ ਤਾਰ ਬੱਝ ਗਈ ਤਾਂ ਚੱਕੀਰਾਹੇ[5] ਵਾਂਙੂ ਮੱਥਾ ਜ਼ਮੀਨ ਨਾਲ ਠਕੋਰ ਰਹੇ ਹਨ। ਜੇ ਕੁੱਝ ਖਾਂਦਿਆਂ ਪਿਣਕ ਆ ਗਈ, ਤਾਂ ਅੱਧ-ਚਿੱਥੀ ਮੂੰਹ ਵਿਚ ਰਹਿ ਗਈ, ਲਾਲਾਂ ਵਗ ਰਹੀਆਂ ਹਨ। ਲੌਢਾ ਵੇਲਾ ਹੋ ਗਿਆ, ਤ੍ਰਬੁਕ ਉੱਠੇ, ਕਿਤੇ ਇੱਕ ਔਧੀ ਉਬਾਸੀ ਆ ਗਈ, ਅਮਲ

Digitized by Panjab Digital Library | www.panjabdigilib.org

ਟੁੱਟ ਗਿਆ। ਛੇਤੀ ਛੇਤੀ ਪੋਸਤ ਤਿਆਰ ਕਰ ਕੇ ਪੀਤਾ, ਰਾਤ ਪੈ ਗਈ, ਪਿਣਕਾਂ ਦੀ ਤਾਰ ਬੱਝ ਗਈ। ਰੇਵੜੀਆਂ, ਲਾਚੀਦਾਣੇ, ਗੁੜ ਹੱਥ ਹੈ, ਅੱਖਾਂ ਖਜ਼ਾਨੇ ਦੇ ਬੂਹੇ ਵਾਂਙੂ ਬੰਦ; ਥੋੜ੍ਹਾ ਸਿਰ ਨੀਵਾਂ ਕੀਤਾ, ਫੇਰ ਉੱਚਾ, ਫਿਰ ਨੀਵਾਂ, ਫਿਰ ਉੱਚਾ, ਜ਼ਰਾ ਕੁ ਠਹਿਰੇ, ਫੇਰ ਚੱਲੇ ਲੰਮੀ ਝੋਕ[6]। ਹੁਣ ਮੱਥਾ ਪਤੰਗ ਦੀ ਗੋਤ[7] ਵਾਂਗੂੰ ਚੱਲਿਆ ਥੱਲੇ, ਚਲਦਾ ਚਲਦਾ ਠੱਨ ਕਰ ਕੇ ਭੋਂ ਨਾਲ ਵੱਜਾ। ਤ੍ਰਬ੍ਹਕ ਕੇ ਉੱਠੇ, ਅੱਖਾਂ ਮਲ ਕੇ ਦੇਖਦੇ ਹਨ। ਹੋਸ਼ ਆਈ। ਮੂੰਹ ਦੀਆਂ ਲਾਲਾਂ ਪੂੰਝੀਆਂ, ਮੂੰਹ ਵਿਚਲਾ ਪਦਾਰਥ ਖਾਧਾ। ਹੱਥ ਵਿਚਲਾ ਖਾਂਦੇ ਹੋਏ, ਘਰ ਨੂੰ ਸੌਣ ਉੱਠ ਤੁਰੇ। ਰਸਤੇ ਵਿਚ ਕੋਈ ਤੀਵੀਂ ਖਾਉਂਦ ਲੜ ਬੋਲ ਰਹੇ ਸਨ। ਖਾਉਂਦ ਨੇ ਪੋਸਤੀ ਨੂੰ ਦੇਖ ਕੇ ਇਕ ਇਹ ਸੋਹਲਾ[8] ਬੀ ਵਹੁਟੀ ਨੂੰ ਚੁੱਕ ਸੁਣਾਇਆ ਕਿ "ਜੇ ਬਹੁਤੀ ਟੀਂ ਪੀਂ ਕੀਤੀ ਤਾਂ ਤੈਨੂੰ ਪੋਸਤੀ ਦੇ ਹਵਾਲੇ ਕਰ ਦੇਊਂ"। ਇਹ ਗੱਲ ਪੋਸਤੀ ਦੇ ਕੰਨੀਂ ਬੀ ਪੈ ਗਈ। ਝੱਟ ਉਸੇ ਬੂਹੇ ਕੋਲ ਪੇਸ਼ਾਬ ਕਰਨ ਬੈਠ ਗਏ। ਬੈਠਿਆਂ ਪਿਣਕ ਆ ਗਈ। ਇਕ ਤੀਂਵੀਂ ਤ੍ਰਿੰਞਣੇਂ ਜਾਂਦੀ, ਉਸ ਨੂੰ ਗੁੱਟ ਦੇਖ ਕੇ, ਪੱਗ ਲਾਹ ਲੈ ਗਈ ਤੇ ਇੱਕ ਪੂਣੀ ਉਸ ਦੇ ਸਿਰ ਉੱਤੇ ਧਰ ਗਈ। ਐਤਕੀਂ ਪਿਣਕ ਪੋਸਤੀ ਨੂੰ ਅਜਿਹੀ ਆਈ ਕਿ ਦਿਨ ਚੜ੍ਹ ਗਿਆ। ਉਹ ਤੀਵੀਂ ਖਾਉਂਦ ਵੀ ਉੱਠੇ। ਕੀ ਦੇਖਦੇ ਹਨ ਕਿ ਪੋਸਤੀ ਜੀ ਸਿਰ ਤੇ ਰੂੰ ਰੱਖੀ ਅੱਖਾਂ ਮੀਟੀ ਬੈਠੇ ਹਨ। ਹਰਾਨ ਹੋ ਕੇ ਬੋਲੇ "ਓਇ ਪੋਸਤੀ, ਓਇ ਪੋਸਤੀ, ਓਇ ਇੱਥੇ ਕਿਉਂ ਬੈਠਾ ਹੈਂ ?" ਪੋਸਤੀ ਜੀ ਤ੍ਰਬ੍ਹਕ ਕੇ ਉੱਠੇ, ਨਾਲਾ ਬੱਧਾ, ਤੇ ਇਹ ਉੱਤਰ ਦਿੱਤਾ ਕਿ ਹੁਣੇ ਜਿਹੇ ਕਿਤੋਂ ਅਵਾਜ਼ ਆਈ ਸੀ ਕਿ ਪੋਸਤੀ ਨੂੰ ਕੋਈ ਚੀਜ਼ ਮਿਲਨੀ ਹੈ। ਹੱਥ ਸਿਰ ਤੇ ਰੱਖਿਆ ਤਾਂ ਰੂੰ-ਪੂੰਣੀ ਦੇਖ ਕੇ ਬੋਲੇ, "ਹੈਂ ! ਕਤਾਈ ਗਈ, ਉਣਾਈ ਗਈ, ਤਣਾਈ ਗਈ, ਠਪਾਈ ਗਈ, ਫੇਰ ਰੂੰ ਦੀ ਰੂੰ ਹੀ ਰਹਿ ਗਈ !" ਲੋਕ ਇਹ ਤਮਾਸ਼ਾ ਦੇਖ ਕੇ ਖਿੱਲੀ ਪਾਉਣ ਲੱਗੇ[9]। ਪੋਸਤੀ ਜੀ ਦੁਮਾ[10] ਦਬਾ ਕੇ

Digitized by Panjab Digital Library | www.panjabdigilib.org

ਘਰ ਜਾ ਵੜੇ । ਟੋਟ[11] ਦਾ ਵੇਲਾ ਸੀ, ਝੱਟ ਪੋਸਤ ਕੂੰਡੇ ਵਿਚ ਮਲਣ ਬੈਠੇ । ਬੈਠੇ ਹੀ ਸਨ ਕਿ ਗੋਡੇ ਗੋਡੇ ਹੰਝੂ ਵਹਿੰਦਿਆਂ, ਚੱਪਾ ਚੱਪਾ ਲੀਰਾਂ ਲਮਕਦੀਆਂ, ਡਢ ਵਰ੍ਹੇ ਦਾ ਬਾਲ, ਰਾਤ ਦਾ ਭੁੱਖਾ, ਕੁੱਛੜ ਚੁੱਕੀ, ਚਾਰ ਬਰਸ ਦਾ ਮੁੰਡਾ ਨੰਗ ਧੜੰਗਾ, ਛੀ ਬਰਸ ਦੀ ਧੀ ਭੁੱਖੀ ਤਿਹਾਈ ਨਾਲ ਲਈ, ਪੋਸਤੀ ਜੀ ਦੀ ਤੀਵੀਂ ਸਾਮ੍ਹਣੇ ਬੈਠ ਕੇ ਲੱਗੀ ਵਿਰਲਾਪ ਕਰਨ, "ਹਾਇ ਤੇਰੇ ਇਸ ਪੋਸਤ ਨੂੰ ਅੱਗ ਲੱਗ ਜਾਏ, ਤੇਰੇ ਇਸ ਅਮਲ ਨੂੰ ਹੂੰਝਾ ਫਿਰ ਜਾਏ, ਹਾਇ ਤੇਰੇ ਇਸ ਕੂੰਡੇ ਨੂੰ ਮੁਗ਼ਲਾਂ ਦੀ ਲੁੱਟ ਵੀ ਨਹੀਂ ਪੈਂਦੀ । ਕੱਲ੍ਹ ਦੇ ਬਾਲ ਭੁੱਖ ਨਾਲ ਡਾਬੂ[12] ਲੈ ਰਹੇ ਹਨ, ਘਰ ਸੁਆਹ ਵੀ ਨਹੀਂ; ਤੈਨੂੰ ਪੋਸਤ ਬਿਨਾਂ ਕੋਈ ਆਹਰ ਹੀ ਨਹੀਂ । ਅੱਜ ਤੀਕ ਤਾਂ ਪਿਓ ਦੀ ਜਾਇਦਾਦ ਵੇਚ ਵੇਚ ਕੇ ਪੋਸਤ ਪੀਤਾ, ਗੱਪਾਂ ਮਾਰੀਆਂ, ਦਿਨ ਲੰਘ ਗਿਆ । ਭੈੜੇ ਚੰਦਰੇ ਹਾਲ ਅਸਾਂ ਵੀ ਅੰਨ ਖਾਧਾ, ਮਿੱਟੀ ਖਾਧੀ, ਉਮਰ ਸਾੜੀ, ਵੇਲੇ ਨੂੰ ਓਢਰ ਦਿੱਤਾ[13], ਝੱਟ ਲੰਘ ਗਿਆ । ਘੋੜੀ ਕੱਲ੍ਹ ਦੀ ਭੁੱਖੀ ਤਿਹਾਈ ਨੇ ਪੌੜ ਮਾਰ ਮਾਰ ਕੇ ਸਾਰਾ ਵਿਹੜਾ ਪੁੱਟ ਘੱਤਿਆ । ਕਿਰਾਏਦਾਰਾਂ ਦੇ ਦੋ ਮਹੀਨੇ ਸਿਰ ਚੜ੍ਹ ਗਏ । ਕੱਲ੍ਹ ਦਾ ਘੜੇ ਪਾਣੀ ਨਹੀਂ, ਚੁੱਲ੍ਹੇ ਅੱਗ ਨਹੀਂ । ਉਧਾਰ ਪੱਲੇ ਨਹੀਂ ਪੈਂਦਾ, ਲੋਕ ਚਿੱਘੀਆਂ[14] ਕਰਦੇ ਹਨ । ਹਾਇ ਰੱਬਾ ! ਸਾਨੂੰ ਮੌਤ ਵੀ ਨਹੀਂ ਆਉਂਦੀ ; (ਭੁੱਬਾਂ ਮਾਰਕੇ) ਇਸ ਦੁੱਖ ਤੋਂ ਤਾਂ ਛੁੱਟ ਜਾਈਏ । ਤੈਨੂੰ ਰਤਾ ਸੋਚ ਨਹੀਂ, ਸ਼ਰਮ ਨਹੀਂ, ਭਲਾ ਪੁੱਤਰ ਤਾਂ ਪਏ ਢੱਠੇ ਖੂਹ ਵਿਚ, ਧੀ ਮੁਟਿਆਰ ਹੋਈ ਹੈ, ਇਹ ਬੰਨ੍ਹ[15] ਕਿੱਕਰ[16] ਬੂਹੇ ਤੋਂ ਉਠਾਵਾਂਗੀ । (ਬਹੁਤ ਰੋ ਰੋ ਕੇ) ਹਾਇ ਰੱਬਾ, ਜਿਨ੍ਹਾਂ ਸਟੋੜ ਕੇ ਆਂਦਾ ਸੀ ਮਰ ਗਏ, ਪਦਾਰਥ[17] ਸਾਰਾ ਕੂੰਡੇ ਵਿਚ ਮਲਿਆ ਗਿਆ । ਹਾਇ ਅੰਮਾਂ ! ਨਿੱਜ ਜਣਦੀਓਂ । ਨਹੀਂ ਤਾਂ ਜੰਮਦੀ ਦਾ ਗਲ ਘੁੱਟਦੀਓਂ, ਇਹ ਦੁੱਖ ਤਾਂ ਨਾ ਦੇਖਦੀ ।" ਇਸ ਪਰਮ ਦੁਖੀ ਇਸਤ੍ਰੀ ਦੇ ਬਚਨ ਪੱਥਰ ਨੂੰ ਮੋਮ ਕਰਨ ਵਾਲੇ ਸਨ, ਪਰ ਪੋਸਤੀ ਜੀ ਚੁੱਪ ਚਾਪ ਸੁਣੀ ਗਏ ਤੇ

Digitized by Panjab Digital Library | www.panjabdigilib.org

ਪੋਸਤ ਮਲੀ ਗਏ। ਕੁੱਝ ਥੋੜ੍ਹਾ ਜਿਹਾ ਅਸਰ ਤੀਵੀਂ ਦੇ ਵਿਰਲਾਪ[18] ਦਾ ਹੋਇਆ ਤਾਂ ਸੋਚਣ ਲੱਗੇ, ਬਈ ਅੱਜ ਤੀਕ ਪੰਜਾਹ ਵਰ੍ਹਿਆਂ ਦੀ ਉਮਰ ਹੋਈ, ਕੱਖ ਭੰਨ ਕੇ ਦੂਹਰਾ ਨਹੀਂ ਕੀਤਾ, ਪਰ ਸੱਚ ਕਹਿਦੇ ਹਨ ਸਿਆਣੇ "ਬੈਠਿਆਂ ਖੂਹ ਲਈ ਦੇ ਖਾਇ" ਹੁਣ ਤਾਂ ਲਚਾਰੀ ਆ ਬਣੀ। ਚੱਲ ਓਇ ਮਨਾ ! ਅੱਜ ਪੋਸਤ ਪੀ ਕੇ ਖੱਟਣ ਚਲੀਏ। ਇਹ ਠੱਟ[19] ਕੇ ਬੋਲੇ, "ਸੁਹਰੀਏ ਰੋਨੀ ਕਿਉਂ ਹੈਂ ? ਮੈਂ ਤਾਂ ਅੱਗੇ ਹੀ ਤਿਆਰ ਹਾਂ। ਬੱਸ ਹੁਣ ਪੋਸਤ ਪੀ ਕੇ ਜਾਂਦਾ ਹਾਂ, ਕੁੱਝ ਖੱਟ ਕੇ ਮੁੜਾਂਗਾ।" ਇੰਨੇ ਵਿਚ ਪੋਸਤ ਪੁਣਿਆ ਗਿਆ, ਬੋਲੇ, "ਐਹ ਲੈ ਘੁੱਟ ਕੁ ਪੋਸਤ ਤੂੰ ਵੀ ਪੀ ਲੈ, ਚੁਲੀ ਚੁਲੀ ਬਾਲਾਂ ਨੂੰ ਵੀ ਦੇਹ, ਮੇਰੇ ਆਉਂਦੇ ਤਕ ਤੁਹਾਨੂੰ ਕੁਝ ਧਿਰਾਸ[20] ਰਹੇ ਤੇ ਮੈਂ ਬੱਸ ਪੀ ਕੇ ਚੱਲਿਆ, ਪਿਛਲੇ ਪੈਰੀਂ ਆਇਆ ਦੇਖ !"

ਬਾਟਾ ਪੀਤਾ, ਉੱਠੇ, ਘੋੜੀ ਨੂੰ ਪਾਣੀ ਡਾਹਿਆ, ਚਾਰ ਜਾਮਾ[21] ਕੱਸਿਆ, ਪਲਾਕੀ ਮਾਰੀ ਤੇ ਇਕ ਪਾਸੇ ਨੂੰ ਤੁਰ ਪਏ। ਜੇ ਕਿਤੇ ਪਿਣਕ ਖੁੱਲ੍ਹੀ ਤਾਂ ਘੋੜੀ ਨੂੰ ਟਿੱਚ ਟਿੱਚ ਕਰ ਛੱਡਿਆ, ਨਹੀਂ ਤਾਂ ਘੋੜੀ ਟਕੇ ਚਾਲ ਤੁਰੀ ਜਾਂਦੀ ਹੈ। ਕੋਈ ਪੰਜ ਸੱਤ ਕੋਹ ਨਿਕਲ ਗਏ, ਅਮਲ ਟੁੱਟ ਗਿਆ। ਇੰਨੇ ਤਾਂਈਂ ਇਕ ਖੂਹ ਉੱਤੇ ਪੰਜ ਸੱਤ ਪੋਸਤੀ ਪੋਸਤ ਮਲਦੇ ਬੈਠੇ ਡਿੱਠੇ। ਦੇਖਦਿਆਂ ਹੀ ਪੋਸਤੀ ਦੀਆਂ ਵਾਛਾਂ ਖਿੜ ਗਈਆਂ। ਸ਼ਪਾ ਸ਼ਪ ਘੋੜੀਓਂ ਉੱਤਰ ਪੋਸਤੀਆਂ ਦੇ ਵਿਚ ਜਾ ਬੈਠੇ। ਅੱਗੇ ਪੋਸਤੀ ਮਤਾ ਪਕਾ ਰਹੇ ਸਨ ਭਈ ਧੁੱਪ ਵੱਡਾ ਦੁਖ ਦੇਂਦੀ ਹੈ, ਖੂਹ ਨੂੰ ਛਾਵੇਂ ਲੈ ਚਲੀਏ। ਇਸ ਭਾਰੇ ਕੰਮ ਲਈ ਪੋਸਤ ਕੁੱਝ ਵਧੀਕ ਮਲਿਆ ਪੁਣਿਆ ਸੀ, ਸਭ ਨੇ ਰਲ ਕੇ ਪੀਤਾ ਤੇ ਸੱਪਾ ਸ਼ੱਪ ਲੱਕ ਬੰਨ੍ਹ ਲਏ। ਖੂਹ ਦੇ ਦੁਆਲੇ ਲੰਮੀ ਲੱਜ ਦੇ ਦੋ ਵਲ ਦੇ ਕੇ ਅੱਧੇ ਅੱਧੇ ਪੋਸਤੀ ਦੋਵੇਂ ਸਿਰੇ ਲੈ ਕੇ ਲੱਗੇ ਜ਼ੋਰ ਲਾਉਣ ਤੇ ਤਣੀਨਾ[22] ਦੇਣ, ਖੂਹ ਨੂੰ ਛਾਵੇਂ ਲੈ ਚੱਲਣ ਨੂੰ। ਇੰਨੇ ਤਕ ਪਿਣਕ ਆ ਗਈ। ਪਿਣਕ ਵਿਚ ਹੀ ਲੌਢਾ ਵੇਲਾ ਹੋ ਗਿਆ। ਦਿਨ ਢਲੇ ਛਾਂ ਅਵੱਸੋਂ ਆਉਣੀ ਹੀ ਸੀ।

Digitized by Panjab Digital Library | www.panjabdigilib.org

ਇਕ ਪੋਸਤੀ ਦੀ ਪਿਣਕ ਖੁੱਲ੍ਹ ਗਈ। ਛਾਂ ਦੇਖ ਕੇ ਭੁੜਕ ਉੱਠਿਆ, "ਬੱਸ ਓਏ ਭਰਾਓ ਬੱਸ, ਖੂਹ ਛਾਂਵੇਂ ਆ ਗਿਆ ਜੇ।" ਸਭਨਾਂ ਨ ਲੱਜ ਛੱਡ ਦਿੱਤੀ, ਬੜੇ ਪ੍ਰਸੰਨ ਹੋ ਹੋ ਕੇ ਆਪਣੀਆਂ ਵਡਿਆਈਆਂ ਕਰਨ ਲੱਗੇ : ਇਹ ਮਰਦਊ ਪੋਸਤੀਆਂ ਦਾ ਹੈ ਕਿ ਖੂਹ ਛਾਂਵੇਂ ਲੈ ਆਂਦਾ। ਇਹ ਮਹਾਤਮਾਂ ਫੇਰ ਘੋੜੀ ਤੇ ਚੜ੍ਹ ਕੇ ਖੱਟਣ ਤੁਰ ਪਏ। ਅਮਲ਼ ਦੀ ਤਾਰ ਜੋ ਗਾਹੜੀ ਆਈ ਤਾਂ ਗਾਉਣ ਲੱਗੇ :—

ਪੋਸਤਾ ਦਿਲ ਦੋਸਤਾ ਤੇਰਾ ਸੋਨੇ ਮੜ੍ਹਾਈਂ ਬੂਟਾ।
ਲੱਖ ਰੁਪੈ ਦੀ ਪਿਣਕ ਜੁ ਦੇਨਾ ਏਂ ਕ੍ਰੋੜ ਰੁਪੈ ਦਾ ਝੂਟਾ॥

ਇੰਨੇ ਤੱਕ ਇਕ ਵਾ ਵਰੋਲਾ ਉੱਠਿਆ, ਪੋਸਤੀ ਜੀ ਵਿਚ ਘੇਰੇ ਗਏ, ਅੱਖਾਂ ਵਿਚ ਘੱਟਾ ਭਰ ਗਿਆ, ਘੋੜੀ ਦਾ ਮੂੰਹ ਫਿਰ ਗਿਆ ਤੇ ਜਿਸ ਰਾਹ ਗਏ ਸਨ ਉਸੇ ਰਾਹ ਮੁੜ ਪਏ। ਦਿਨ ਥੋੜ੍ਹਾ ਰਹਿ ਗਿਆ ਸੀ, ਕੁੱਝ ਅਮਲ ਦੀ ਟੋਟ ਦਿੱਸਣ ਲੱਗੀ। ਭਾਵੇਂ ਪੋਸਤ ਪੱਲੇ ਸੀ, ਪਰ ਕੂੰਡਾ ਹੋਵੇ ਤਾਂ ਪੀਣ। ਲਾਚਾਰ ਦੋ ਤਿੰਨ ਬੂੰਦਾਂ ਅੱਕ ਦੇ ਦੁੱਧ ਦੀਆਂ ਪੀਤੀਆਂ। ਤੁਰੇ। ਦਿਨ ਲਟਪਟਾ ਜਿਹਾ ਹੋ ਗਿਆ। ਸਾਹਮਣੇ ਸ਼ਹਿਰ ਵੀ ਦਿੱਸਣ ਲੱਗ ਗਿਆ। ਕਿਸੇ ਰਾਹੀ ਕੋਲੋਂ ਪੁੱਛਿਆ ਇਸ ਨਗਰ ਦਾ ਨਾਉਂ ਕੀ ਹੈ ? ਉਸ ਨੇ ਕਿਹਾ : ਪੋਸਤਾਂ ਵਾਲੀ। ਸੁਣ ਕੇ ਖਿੜ ਗਏ। ਇਹ ਤਾਂ ਸਾਡੇ ਹੀ ਨਗਰ ਵਰਗਾ ਨਾਉਂ ਹੈ। ਫਿਰ ਪੁੱਛਣ ਲੱਗੇ : ਇਸ ਨਗਰ ਵਿਚ ਕੋਈ ਪੋਸਤੀ ਵੀ ਰਹਿੰਦਾ ਹੈ ਕਿ ਨਹੀਂ ? ਰਾਹੀ ਨੇ ਉੱਤਰ ਦਿੱਤਾ : ਫੱਗੇ ਚੌਧਰੀ ਦਾ ਪੁੱਤਰ ਰੰਗਾ ਪੋਸਤੀ ਵੱਡਾ ਨਾਮੀ, ਖਸਖਸ ਮਹੱਲੇ ਵਿਚ ਰਹਿੰਦਾ ਹੈ, ਜਿਸ ਨੇ ਜਣਦਿਆਂ ਸਹੇੜਦਿਆਂ ਦੀ ਲੱਖਾਂ ਦੀ ਜਾਇਦਾਦ ਪੋਸਤ ਦੇ ਕੂੰਡੇ ਵਿਚ ਮਲ ਮਲ ਕੇ ਫੋਗ ਕਰਕੇ ਸੁੱਟ ਪਾਈ। ਪੋਸਤੀ ਜੀ ਤਾਂ ਸੁਣ ਕੇ ਹਜ਼ਾਰੇ[23] ਦੇ ਫੁੱਲ ਵਾਂਗੂੰ ਖਿੜ ਗਏ। ਇਹ ਕੁਦਰਤ ਕਰਤਾਰ ਦੀ ਹੈ, ਸਾਰੇ ਫੱਗਿਆਂ ਦ ਪੁੱਤ ਰੰਗੇ, ਨਾਲੇ ਪੋਸਤੀ ਵੀ। ਮਹੱਲਾ ਵੀ ਖਸਖਸ।

Digitized by Panjab Digital Library | www.panjabdigilib.org

ਚਲੋ, ਰਾਤ ਤਾਂ ਕੱਟੀਏ, ਪੋਸਤ ਪੀਵੀਏ, ਸਵੇਰੇ ਦੇਖੀ ਜਾਏਗੀ । ਇਹ ਸੋਚਦੇ ਤੇ ਟਿੱਚ ਟਿੱਚ ਕਰਦੇ ਦੋਹੂੰ ਆਥਣੇ[24] ਪੋਸਤਾਂ ਵਾਲੀ ਵਿਚ ਆ ਵੜੇ, ਲੱਗੇ ਦੇਖਣ ਭਈ ਸ਼ਹਿਰ ਤਾਂ ਸਾਡੇ ਸ਼ਹਿਰ ਵਰਗਾ ਹੀ ਹੈ । ਖਸਖਸ ਮਹੱਲਾ ਪੁੱਛਦੇ ਪੁਛਾਂਦੇ ਰੰਗੇ ਦੇ ਬੂਹੇ ਤੇ ਆਣ ਖਲੋਤੇ । ਲੱਗੇ ਪੁੱਛਣ, ਭਈ ਰੰਗਾ ਪੋਸਤੀ ਕਿੱਥੇ ਹੈ ? ਦੂਰੋਂ ਗਵਾਂਢੀਆਂ ਨੇ ਆਖ ਛੱਡਿਆ ਕਿ ਉਹ ਤਾਂ ਅੱਜ ਕਿਤੇ ਖੱਟਣ ਗਿਆ ਹੈ । ਪੋਸਤੀ ਜੀ ਬੋਲੇ, ਅਸੀਂ ਤਾਂ ਮੰਜ਼ਲ ਮਾਰ ਕੇ ਰੰਗੇ ਦੇ ਮਿਲਣ ਲਈ ਆਏ ਹਾਂ। ਇਹ ਕਹਿ ਕੇ ਘੋੜੀ ਤੋਂ ਉਤਰੇ ਤਾਂ ਘੋੜੀ ਆਪੇ ਹੀ ਆਪਣੇ ਅੱਡੇ ਵਲ ਜਾ ਖੜੋਤੀ । ਆਪ ਮੰਜਾ ਡਾਹ ਕੇ ਬੈਠ ਗਏ । ਇੱਧਰੋਂ ਧੀ ਨੇ ਦੇਖ ਕੇ ਅੰਦਰ ਮਾਂ ਨੂੰ ਜਾ ਕਿਹਾ ਕਿ ਬਾਹਰ ਬਾਪੂ ਬੈਠਾ ਹੋਇਆ ਹੈ । ਉਧਰ ਪੋਸਤੀ ਜੀ ਅੱਖਾਂ ਪਾੜ ਪਾੜ ਕੇ ਦੇਖ ਰਹੇ ਹਨ ਕਿ ਘਰ ਵੀ ਤਾਂ ਸਾਡੇ ਹੀ ਘਰ ਵਰਗਾ ਹੈ । ਪੋਸਤੀ ਜੁ ਹੋਇਆ ! ਦੇਖੋ, ਨਾਮ ਨਿਸ਼ਾਨ, ਨਗਰ ਗਲੀ, ਸਭ ਇੱਕੋ ਜਿਹਾ ਹੀ ਹੈ । ਇਕ ਪੋਸਤ ਦੀ ਤੂਰੀ ਜਿੰਨਾਂ ਵੀ ਫਰਕ ਨਹੀਂ ਇੱਧਰ ਵਹੁਟੀ ਵੀ, ਸੋਚਦੀ ਹੋਈ ਕਿ ਕੀ ਖੱਟ ਲਿਆਇਆ ਹੈ, ਬਾਹਰ ਆਈ । ਪੋਸਤੀ ਹੁਰੀਂ ਇੱਕ ਗਆਂਢਣ ਨੂੰ ਸੁਨੇਹਾ ਦੇ ਰਹੇ ਸਨ ਕਿ ਜੇ ਰੰਗਾ ਇਸ ਵੇਲੇ ਘਰ ਹੁੰਦਾ ਤਾਂ ਸਾਡੀ ਵੱਡੀ ਖ਼ਾਤਰ ਕਰਦਾ, ਪਰ ਹੱਛਾ ਹੁਣ ਭਾਬੀ ਹੁਰੀਂ ਜੇ ਸਾਨੂੰ ਕੋਈ ਬਾਟੀ ਜਾਂ ਕੂੰਡਾ ਦੇਣ ਤਾਂ ਅਸੀਂ ਪੋਸਤ ਮਲ ਕੇ ਪੀਵੀਏ, ਅਮਲ ਟੁੱਟਾ ਹੋਇਆ ਹੈ । ਨਾਲੇ ਇਹ ਵੀ ਦੱਸੋ ਕਿ ਰੰਗੇ ਦੇ ਘਰ ਕੋਈ ਲੜਕਾ ਬਾਲਾ ਵੀ ਹੈ ਕਿ ਨਹੀਂ ? ਵਹੁਟੀ ਇਹ ਸਭ ਗੱਲਾਂ ਸੁਣ ਕੇ ਬੋਲੀ, "ਖਟਾਊ ਨੇ ਖੱਟ ਆਂਦੀ ਭੁੱਖ ਤੇ ਨੰਗ ! ਕੂੰਡਾ ਦਿਓ, ਪੋਸਤ ਮਲੇ ! ਤਾਰ ਦਿੱਤਾ ਪੋਸਤੀ ਦੀ ਖੱਟੀ ਨੇ। ਸਿਆਣੇ ਸੱਚ ਆਖ ਗਏ ਹਨ :—

ਖੱਟਣ ਗਏ ਖਟਾਊ, ਘਰ ਕੀ ਖੱਟ ਲਿਆਏ,
ਸ਼ੁਕਰ ਕਰੋ ਸਿਰਮੁੰਨੀਓਂ ! ਘਰ ਜੀਊਂਦੇ ਆਏ ।

Digitized by Panjab Digital Library | www.panjabdigilib.org

ਕਰਾਂ ਕੀ ਮੇਰਾ ਵੱਸ ਨਹੀਂ ਚੱਲਦਾ, ਨਹੀਂ ਤਾਂ :—

ਪੋਸਤਾ ! ਦਿਲ ਦੋਸਤਾ ! ਤੇਰਾ ਜੜ੍ਹੋਂ ਪੁਟਾਈਂ ਬੂਟਾ ।
ਵਸੱਦੇ ਘਰ ਉਜਾੜ ਕਰੇਨਾ ਏਂ, ਹੱਥ ਵਿਚ ਦੇਨਾ ਏਂ ਠੂਠਾ ।"

ਵਾਹ ਭਾਈ ਸਾਹਿਬ ਕਿਹੀ ਅਚਰਜ ਜਮਾਦਾਰੀ[25] ਹੈ । ਕਿਉਂ ਨਾ ਹੋਵੇ ? ਲਓ ਸੱਚੀਂ, ਤੁਹਾਡੇ ਜਮਾਦਾਰ ਦੀ ਬਹਾਦਰੀ ਦੀ ਗੱਲ : ਸਾਡੇ ਗੁਆਂਢ ਇੱਕ ਨਵਾਂ ਜੁਆਨ ਪੋਸਤੀ ਬਣਿਆ ਹੈ । ਕੱਲ੍ਹ ਗੁੱਟ ਹੋਇਆ ਕੋਠੇ ਉੱਤੇ ਬੈਠਾ ਸੀ, ਲਾਲਾਂ ਵਗ ਰਹੀਆਂ ਸਨ, ਕਿਧਰੋਂ ਕੋਈ ਭੁੱਲੀ ਭਟਕੀ ਮੱਖੀ ਵੀ ਆ ਬੈਠੀ । ਪੋਸਤੀ ਹੁਰੀਂ ਉਸੇ ਵੇਲੇ ਰੋਣ ਵਾਲੇ ਬਾਲ ਦਾ ਮੂੰਹ ਬਣਾ ਕੇ ਤੇ ਵੱਡੀ ਬ੍ਹੀਕ ਹੌਲੀ ਸੁਰ ਨਾਲ—ਜਿਸ ਤਰ੍ਹਾਂ ਕੋਈ ਭੋਰੇ ਵਿਚੋਂ ਬੋਲਦਾ ਹੈ, ਰੋਗੀਆਂ ਵਾਂਙੂ, ਬਹੁਤ ਹੀ ਲਮਕਾ ਕੇ ਬੋਲੇ, 'ਹਾਇ ਰੱਬਾ ਮਾਰਦੀ ਹੈ' । ਅੰਦਰੋਂ ਮਾਂ ਸੁਣ ਕੇ ਬੋਲੀ, "ਕੇਹੜੀ ਹੈ ਨੀ, ਭਈਏ ਪਿੱਟੀ ! ਮੇਰੇ ਲਾਡਲੇ ਪੁੱਤ ਨੂੰ ਮਾਰਦੀ ?" ਪੋਸਤੀ ਹੁਰੀਂ ਫੇਰ ਉਸੇ ਤਰ੍ਹਾਂ ਬੋਲੇ, "ਹਾਇ ਮੱਖੀ" । ਮਾਂ ਨੇ ਕਿਹਾ, "ਬੱਚਾ ਉਡਾ ਦੇ" ਤਾਂ ਪੋਸਤੀ ਹੁਰੀਂ ਛਿੱਥੇ ਹੋ ਕੇ ਬੋਲੇ, "ਹਾਇ ਰੱਬਾ ! ਦੋ ਹਨ" । ਮੈਨੂੰ ਵੇਖ ਕੇ ਵੱਡਾ ਹਾਸਾ ਆਇਆ ਕਿ ਜੁਆਨ ਆਦਮੀ, ਪਿਛਲੇ ਵਰ੍ਹੇ ਫ਼ੌਜ ਵਿਚ ਭਰਤੀ ਹੋਣ ਲੱਗਾ ਸੀ ਤੇ ਅੱਜ ਪੋਸਤ ਦੀ ਜਮਾਂਦਾਰੀ ਹੇਠ ਮੱਖੀ ਤੋਂ ਵੀ ਮਾਰ ਖਾ ਰਿਹਾ ਹੈ !

---

Digitized by Panjab Digital Library | www.panjabdigilib.org

ਭਾਈ ਵੀਰ ਸਿੰਘ

# ਨਾਲੇ ਗੁਰ ਬੰਧਪ[1] ਨਾਲੇ ਗੁਰ ਸਿੱਖ

'ਬੇਬੇ'—ਆਹਾ ! ਕੇਡੇ ਪਿਆਰ ਦੇ ਦੋ ਅੱਖਰ ਹਨ । ਉਂਞ ਤਾਂ ਏਹ ਪਿਆਰ ਭਰੇ ਸਨ ਹੀ, ਪਰ ਪਿਆਰ-ਪੁੰਜ[2] ਗੁਰ ਨਾਨਕ ਨੇ ਏਹ ਦ ਅੱਖਰ ਉਸ ਪਿਆਰ-ਭਰੀ ਆਤਮਾ ਵਾਸਤੇ ਵਰਤੇ ਸਨ, ਜਿਸ ਵਰਗਾ ਸੁਭਾਗ ਕੋਈ ਵਿਰਲਾ ਹੁੰਦਾ ਹੈ । ਇਸ ਨੇ ਆਪਣੇ ਦੈਵੀ[3] ਵੀਰ ਦੇ ਬਾਉਰੇ ਰੰਗ ਵਿੱਚ ਉਸ ਦੇ ਅਸਲੀ ਸਰੂਪ ਲਖ ਲਏ ਸਨ। ਇਸ ਨੇ ਉਸ ਨੂੰ ਨਿਰੰਕਾਰ ਦੀ ਜੋਤ ਦਾ ਚਾਨਣ-ਦਾਤਾ ਬਾਲਪਨੇ ਦੀਆਂ ਖੇਡਾਂ ਵਿਚ ਹੀ ਸਿਞਾਣ ਲਿਆ ਸੀ । ਜਿਸ ਵੇਲੇ, ਵੀਹ ਰੁਪਏ ਦੇ ਨਾਲ ਅਭਯਾਗਤ ਪਾਲਣਾ[5] ਕਰਨੇ ਪਰ, ਪਿਤਾ ਜੀ, ਉਸ ਪਾਰਬ੍ਰਹਮ[6] ਦੇ ਨੂਰ ਨਾਲ ਭਰੇ ਚਿਹਰੇ ਅਰ ਅਰਸ਼ ਕੁਰਸ਼[7] ਦੇ ਰੰਗ ਨਾਲ ਭਖ ਭਖ ਕਰਦੇ ਮੁਖੜੇ ਉਤੇ, ਕ੍ਰੋਧ-ਦ੍ਰਿਸ਼ਟੀ[8] ਪਾ ਰਹੇ ਸਨ ; ਤੇ ਸ੍ਰਿਸ਼ਟੀ ਦੇ ਪਦਾਰਥਾਂ ਦਾ ਮਾਲਕ ਹੁਤ ਕੀਤੇ ਬਿਨਾਂ, ਝੱਲ ਰਿਹਾ ਸੀ, ਉਸ ਵੇਲੇ, ਕਿਸੇ ਤੋਂ ਨਾ ਟਾਲਿਆ ਜਾਣ ਵਾਲਾ ਬਾਬੇ ਕਾਲੂ ਦਾ ਗੁੱਸਾ, ਏਸੇ ਪਿਆਰੀ ਭੈਣ ਨੇ ਜਾ ਕੇ ਟਾਲ ਲਿਆ ਸੀ । ਇਸ ਦੈਵੀ ਮੂਰਤ ਨੇ ਜਾ ਕੇ ਪਿਤਾ ਤੇ ਵੀਰ ਦੇ ਵਿਚਕਾਰ ਹੋ ਕੇ ਗਲਵੱਕੜੀ ਪਾ ਕੇ ਆਖਿਆ—
"ਬਾਪੂ ਜੀ ! ਮੇਰੇ ਵਲ ਤੱਕੋ, ਘੋਲ ਘੱਤੇ ਵੀਹ ਰੁਪਏ, ਇਸ ਚੰਦ-

Digitized by Panjab Digital Library | www.panjabdigilib.org

ਮੁਖ ਵੀਰ ਤੋਂ'" । ਇਸ ਪਜਾਰ ਦੇ ਸੋਮੇ ਨੂੰ ਗੁਰ ਨਾਨਕ ਨੇ 'ਬੇਬੇ' ਕਹਿ ਕੇ ਸਾਰੀ ਉਮਰ ਯਾਦ ਕੀਤਾ । ਜਦ ਕਦੇ ਇਸ ਪਵਿਤ ਆਤਮਾਂ ਦੇ ਦਰਸ਼ਨ ਪਾਏ ਗੁਰ ਨਾਨਕ ਨੇ ਆਖਿਆ 'ਬਬੇ' ! ਜਦ ਕਦੇ ਇਹਨਾਂ ਦੋ ਅੱਖਰਾਂ ਨਾਲ ਬੁਲਾਈ ਜਾਣ ਵਾਲੀ ਪਵਿਤ੍ਰਾਤਮਾ ਨੇ ਆਖਿਆ, 'ਵੀਰ ਜੀ ਦਰਸ਼ਨ, ਤਾਂ ਵਲਿੱਖਾਂ[9] ਚੀਰ ਕੇ ਗੁਰ ਨਾਨਕ ਆਇਆ ਤੇ ਆਖਿਆ 'ਬੇਬੇ' ! ਅੱਜ ਦੇਖੋ ਉਹੀ ਬੇਬੇ ਯਾਦ ਕਰ ਰਹੀ ਹੈ ਤੇ ਗੁਰ ਨਾਨਕ ਆਖ ਰਹੇ ਹਨ :—

ਮਰਦਾਨੇ ਸੋਂ ਗਿਰਾ ਅਲਾਈ[10] :—
ਕੀਓਂ ਯਾਦ ਭਗਨੀ[11] ਮੁਝ ਤਾਈਂ ।
ਚਲ ਸੁਲਤਾਨ ਪੁਰੇ ਸੁਧਿ[12] ਲੀਜੈ ।
'ਬੇਬੇ' ਜੀ ਕੀ ਖੁਸ਼ੀ ਕਰੀਜੈ । (ਨਾ: ਪ੍ਰਕਾਸ਼)

'ਬੇਬੇ' ਕੇਡਾ ਪਿਆਰ ਵਾਲਾ ਸ਼ਬਦ ਹੈ, ਜਿਸ ਦੀ ਖ਼ੁਸ਼ੀ ਲੈਣ ਲਈ ਗੁਰ ਨਾਨਕ ਜੀ ਟੁਰਦੇ ਹਨ !

ਉਧਰ ਦੇਖੋ ਬਜਾਸਾ ਤੋਂ ਪਾਰ, ਸੁਲਤਾਨ ਪੁਰੇ ਵਿਚ, ਆਪਣੇ ਘਰ ਬੈਠੀ ਬੇਬੇ ਵੀਰ ਜੀ ਨੂੰ ਯਾਦ ਕਰ ਰਹੀ ਹੈ, ਕੁਛ ਅੰਸ ਤਰ੍ਹਾਂ :—

ਹੇ ਵੀਰ ਤੇ ਹੇ ਗੁਰੂ ਜੀ ! ਜੀਅਦਾਨ[13] ਦੇਵਣਹਾਰ ਜੀ !
ਹੇ ਬਿਰਦ-ਪਾਲਕ[14] ਪ੍ਰਭੁ ਜੀ ! ਭਵ ਸਿੰਧੁ[15] ਤਾਰਨਹਾਰ ਜੀ !
ਕਈ ਜੁੱਗ ਜਾਪਣ ਹੋ ਗਏ, ਦਰਸ਼ਨ ਇਲਾਹੀ ਕੀਤਿਆਂ ।
ਹੈ ਹੋਰ ਝਾਲ ਨ ਜਾਇ ਝੱਲੀ ਆ ਲਓ ਹੁਣ ਸਾਰ[16] ਜੀ !
ਕਰੁਣਾ[17] ਕਰੋ ਹੇ ਪ੍ਰਭੂ ਜੀ ! ਕਰਿ ਮਿਹਰ ਆਓ, ਵੀਰ ਜੀ !
ਨਿਜ[18]-ਬਿਰਦ ਪਾਲਣਹਾਰ ਜੀ ! ਆਪੇ ਉਬਾਰਨਹਾਰ[19] ਜੀ !

ਇਸ ਰੰਗ ਵਿਚ ਬੇਬੇ ਨੇ ਪਤਾ ਨਹੀਂ ਕਿੰਨਾ ਕੁ ਵੈਰਾਗ ਕਰਨਾ ਸੀ ਕਿ ਸਿਰੀ ਚੰਦ ਜੀ ਭੱਜੇ ਭੱਜੇ ਆ ਗਏ :—

ਅੰਮੀਂ ਜੀ ! ਅੱਜ ਮਾਤਾ ਜੀ ਸਵੇਰ ਦੇ ਦਰਯਾ ਰੁਖ਼ ਗਏ ਹੁਣ ਤੋੜੀਂ ਘਰ ਨਹੀਂ ਮੁੜੇ, ਛਾਹ ਵੇਲਾ ਹੋ ਗਿਆ ਹੈ । ਇਹ ਸੁਣ

Digitized by Panjab Digital Library | www.panjabdigilib.org

ਕੇ ਬੇਬੇ ਤ੍ਰਬਕ ਉਠੀ, ਕਲੇਜੇ ਨੂੰ ਧੂਹ ਪਈ, ਫਿਰ ਇਕ ਦਾਸੀ ਤੇ ਇਕ ਨੌਕਰ ਨਾਲ ਲਿਆ ਅਰ ਸਿਰੀ ਚੰਦ ਜੀ ਸਮੇਤ ਦਰਯਾ ਰੁਖ਼ ਹੋ ਟੁਰੀ। ਜਦ ਚੋਖਾ ਪੈਂਡਾ ਕਰਕੇ ਇਧਰ ਉਧਰ ਫਿਰ ਰਹੇ ਸਨ ਤਾਂ ਝਾੜ੍ਹੇ ਗੱਚ ਬੱਧੇ[20] ਰੋਣ ਦੀ ਤੇ ਵਿਚ ਕੀਰਨੇ ਪਾਉਣ ਦੀ ਆਵਾਜ਼ ਆਈ, ਜੋ ਇਸ ਪ੍ਰਕਾਰ ਦੀ ਸੀ :—

ਤੇਰੇ ਹਾਂ ਜੋਗ ਨਾਹੀਂ ਤੇਰੀ ਸਦਾਂਵਦੀ ਹਾਂ,
ਲਾਈ ਜਿ ਆਪ ਲੜ ਸੀ, ਲਾਈ ਦੀ ਪਾਲ ਸਾਈਂ!
ਸ਼ਰਮਾਂ ਨਿਬਾਹ ਦੇ ਸਾਈਆਂ! ਲੱਗੀਆਂ ਨੂੰ ਤੋੜ ਚਾੜ੍ਹੀਂ,
ਚਰਨੀਂ ਲਗਾ ਕੇ ਆਂਦੀ ਦਾਸੀ ਨੂੰ ਪਾਰ ਲਾਈਂ।
ਔਗੁਣ ਨ ਵੇਖ ਮੇਰੇ, ਦੇਖੀਂ ਗੁਣ ਆਪਣੇ ਤੂੰ,
ਆਪਣੀ ਜਿ ਆਪ ਕੀਤੀ, ਆਪੇ ਦਈਂ ਨਿਭਾਈਂ!
ਨਿਮਾਣੇ ਜੁ ਮਾਣ ਲੀਤੇ, ਕੀਤੇ ਜੁ ਆਪਣੇ ਤੈਂ,
ਅਪਣਤ ਦੀ ਤੂੰ ਲੱਜਜਾ[21] ਆਪੇ ਹੀ ਪਾਲ ਸਾਈਂ।
ਆਵੀਂ, ਹੇ ਕੰਤ[22] ਪਜਾਰੇ! ਆਵੀਂ ਸਿਰੇ ਦੇ ਮਾਲਕ!
ਦੇਵੀਂ ਦਿਦਾਰ ਆਪੇ! ਆਪੇ ਹੀ ਪਾਰ ਲਾਈਂ!

ਇਸ ਕੀਰਨੇ ਨੂੰ ਬੇਬੇ ਨੇ ਸੁਣਿਆ। ਆਹ! ਜਗਤ-ਗੁਰੂ ਨਾਨਕ ਦੀ ਇਸਤ੍ਰੀ 'ਸੁਲੱਖਣੀ' ਵਿਲਕ ਰਹੀ ਹੈ, ਭਾਵੇਂ ਪਤੀ ਦੇ ਦੇਵੀ ਸਰੂਪ ਨੂੰ ਨਹੀਂ ਸਿਆਣਦੀ, ਪਰ ਪਤੀ-ਪ੍ਰੇਮ ਦਾ ਬਿਰਹਾ[23] ਕਿਤਨਾ ਡੂੰਘਾ ਹੈ। ਪਤੀ ਨੂੰ ਗੁਰੂ ਨਹੀਂ ਜਾਣਦੀ ਪਰ ਪਤੀ ਨੂੰ ਪਜ਼ਾਰਾ ਪਤੀ ਕਰਕੇ ਪਜਾਰਦੀ ਤੇ ਵਿਲਕਦੀ ਹੈ। ਬਰਸਾਂ ਹੀ ਜਿਸ ਵਿਲਕਦੀ ਦੇ ਪਿਆਰੇ ਨੂੰ ਵਿੱਛੜਿਆਂ ਬੀਤ ਗਏ ਤੇ ਸੌ ਤਕ ਨਾ ਆਇਆ, ਉਸ ਬਿਰਹਣੀ ਦੇ ਦੁੱਖ ਨੂੰ ਉਹ ਆਪ ਹੀ ਜਾਣ ਸਕਦੀ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦੀ ਬੇਬੇ ਅੱਗੇ ਵਧੀ, ਜਾ ਕੇ ਭਾਬੀ ਨੂੰ ਗਲਵੱਕੜੀ ਪਾ ਲਈ, ਨੈਣ ਪੂੰਝੇ, ਤੇ ਕਿਹਾ: "ਪਿਆਰੀ ਭਾਬੀ! ਰੋ ਨਹੀਂ!"

Digitized by Panjab Digital Library | www.panjabdigilib.org

ਸੁਲੱਖਣੀ : ਬੇਬੇ ! ਰੋਵਾਂ ਨਹੀਂ ਤਾਂ ਦੱਸ ਹੋਰ ਕਰਾਂ ਕੀਹ ? ਮੇਰੇ ਜੀਉਣ ਦਾ ਕੋਈ ਹੱਜ ਹੈ ?

ਡਿੱਠਿਆਂ ਬਾਝੋਂ ਕੰਤ ਦੇ, ਜੀਵਣ ਦਾ ਕੀ ਹੱਜ ?
ਕਦੇ ਨ ਸੁਖ ਕਰ ਬੈਠੀਆਂ, ਦਰਸ[24] ਨ ਪਾਇਆ ਰੱਜ ।
ਦੋਸ਼ ਕੀ ਦੇਵਾਂ ਕਿਸੇ ਨੂੰ, ਮੈਨੂੰ ਨਾਂਹੀ ਚੱਜ ।
ਚੱਜ ਵਿਹੂਣੇ ਰੋਂਵਦੇ, ਰੰਵਣ ਥੁੱਕੀਂ ਛੱਜ[25] ।

ਇਹ ਸੁਣ ਕੇ ਬੇਬੇ ਦੀਆਂ ਆਪਣੀਆਂ ਅੱਖਾਂ ਭਰ ਆਈਆਂ ਪਰ ਸੰਭਲ ਕੇ ਬੋਲੀ :—ਹੁਣੇ ਆਉਂਦੇ ਹਨ, ਭਾਬੀ ਜੀ ! ਉਹਨਾਂ ਦਾ ਬਿਰਦ ਹੈ, ਹੁਣੇ ਆਉਣਗੇ, ਜੇਰਾ ਕਰ ।

ਸੁਲੱਖਣੀ—ਜੇਰਾ ਕੀ ਕਰਾਂ ! ਮੇਰਾ ਕੀ ਹੈ, ਮੇਰਾ ਕੀ ਬਣਿਆਂ ?

ਬੇਬੇ—ਤੇਰਾ ਮਾਲਕ ਸਾਈਂ ਦੀ ਜੋਤ ਹੈ ਤੇ ਤੇਰਾ ਲੋਕ ਪ੍ਰਲੋਕ ਬਣਿਆਂ ।

ਸੁਲੱਖਣੀ ਰੋਂਦੀ ਦੇ ਦੀਦੇ ਖ਼ਾਲੀ ਹੋ ਗਏ, ਉਡੀਕਾਂ ਕਰਦੀ ਦਾ ਸਿਰ ਸੱਖਣਾ ਹੋ ਗਿਆ, ਸੁਹਾਗ ਪਾ ਕੇ, ਇਕ ਦਿਨ ਨਾ ਸੁਹਾਗ ਦਾ ਸੁਆਦ ਡਿੱਠਾ । ਜਿਸ ਦਿਨ ਦੀ ਸੁਹਾਗ-ਮਹਿੰਦੀ ਹੱਥ ਲਾਈ ਰੱਤ ਰੋਂਦੀ ਨੂੰ ਆਹ ਦਿਨ ਆ ਗਏ ।

ਬੇਬੇ—ਭਾਬੀ ! ਦੁਖ ਨਾ ਕਰ, ਤੂੰ ਸੱਚ ਮੁੱਚ ਸੁਲੱਖਣੀ ਹੈਂ, ਧੰਨ ਤੇਰੇ ਭਾਗ ਹਨ । ਜੇ ਤੂੰ ਇੱਕੋ ਗੱਲ ਕਰ ਲਵੇਂ ਤਾਂ ਤੇਰੇ ਜੇਹਾ ਉੱਚਾ ਕੋਈ ਦੇਹ-ਧਾਰੀ[26] ਹੋਰ ਹੋ ਨਹੀਂ ਸਕਦਾ । ਪਤੀ ਵਿਚ ਪਰਮੇਸ਼ਰ ਨੂੰ ਦੇਖ । ਪਤੀ ਪੁਣੇ ਦੇ ਮਾਣ ਦਾਵੇ ਨੂੰ ਛੱਡ, ਸੰਸਾਰ ਦੇ ਮੋਹ-ਪਿਆਰ ਨੂੰ ਨਾ ਵੇਖ । ਉਹ ਤਾਂ ਜੋਤ ਹੈ ! ਤੂੰ ਜੋਤ ਦੇ ਦਰਸ਼ਨ ਪਾ ਜੋ ਤੇਰਾ ਸੁਹਾਗ ਤੈਨੂੰ ਥਿਰ[27]–ਸੁਹਾਗ ਦਿੱਸੇ । ਤੇਰਾ ਪਤੀ ਜੀਵ ਨਹੀਂ ਪਰਮੇਸ਼ਰ ਹੈ, ਜਗਤ ਤਾਰਨ ਆਯਾ ਹੈ, ਸੰਸਾਰ ਦਾ ਉੱਧਾਰ[28] ਕਰ ਰਿਹਾ ਹੈ । ਦੇਖ ਖਾਂ, ਪ੍ਰਿਥਵੀ ਕਿਸ ਤਰ੍ਹਾਂ ਵਿਲਕ ਰਹੀ ਹੈ, ਉਸ ਨੂੰ ਠੰਡ ਪਾ ਰਿਹਾ ਹੈ । ਤੂੰ ਜੋ ਸੋਹੜਾ[29] ਕੱਟ ਰਹੀਂ ਹੈਂ ਸੰਸਾਰ ਉਤੇ ਪਰਉਪਕਾਰ ਹੋ ਰਿਹਾ ਹੈ, ਤੈਨੂੰ ਭਗਵੰਤ

Digitized by Panjab Digital Library | www.panjabdigilib.org

ਇਸ ਦਾ ਫਲ ਦੇਵੇਗਾ। ਹਾਂ ਤੈਨੂੰ ਸਾਈਂ ਦੇ ਦਰੋਂ ਸੀਹੜ ਦਾ ਫਲ ਜ਼ਰੂਰ ਮਿਲੇਗਾ, ਤੂੰ ਭਾਗਾਂ ਵਾਲੀ ਹੋਵੇਂਗੀ। ਇਹ ਤੇਰੇ ਕੀਰਨੇ ਸੰਸਾਰ ਦੇ ਕੀਰਨੇ ਮੇਟ ਰਹੇ ਹਨ, ਤੇਰੇ ਬਿਰਹੋਂ ਤੋਂ ਸੰਸਾਰ ਦਾ ਬਿਰਹਾ ਕਟੀਜ ਰਿਹਾ ਹੈ। ਪਿਆਰੀ ਭੈਣ! ਹੀਰੇ ਨੂੰ ਹੀਰਾ ਵਿੰਨ੍ਹ ਰਿਹਾ ਹੈ, ਤੇਰੇ ਦੁੱਖ ਸੰਸਾਰ ਦਾ ਦੁੱਖ ਦੂਰ ਕਰ ਰਹੇ ਹਨ।

ਸੁਲੱਖਣੀ—ਬੇਬੇ! ਈਹਾ ਗੱਲ ਮੇਰੇ ਮਨ ਨਾ ਲੱਗੀ। ਤੁਸੀਂ ਆਖਦੇ ਸੱਚ ਹੋ, ਪਰ ਮੈਂ ਕੁੰਢ[30] ਦੇ ਜੀ ਬੀ ਲੱਗੇ?

ਬੇਬੇ—ਇਕ ਵੇਰ ਵੀਰ ਜੀ ਨੇ ਤੁਸਾਨੂੰ ਪਾਰਬ੍ਰਹਮ ਦੇ ਕੌਤਕਾਂ[31] ਦਾ ਦਰਸ਼ਨ ਬੀ ਕਰਾਇਆ ਸੀ ਤੇ ਪ੍ਰਿਥਵੀ ਦਾ ਸੰਤਾਪ[32] ਪ੍ਰਤੱਖ ਦਿਖਾਇਆ ਸੀ। ਫੇਰ ਦੱਸਿਆ ਸੀ ਕਿ ਅਸੀਂ ਪਿਆਰੇ ਵਾਹਿਗੁਰੂ ਦਾ ਇਹ ਕੰਮ ਕਰਨਾ ਹੈ।

ਸੁਲੱਖਣੀ—ਸੱਚ ਹੈ, ਬੇਬੇ! ਪਰ ਮੇਰੇ ਮਨ ਉੱਤੇ ਖ਼ਬਰੇ ਕਿਹੀ ਮਾਇਆ[33] ਪਈ ਹੋਈ ਹੈ, ਮੈਨੂੰ ਇਹ ਗੱਲ ਤਸੱਲੀ ਨਹੀ ਦੇਂਦੀ। ਇਕ ਹਾਉਕਾ ਖਾਈ ਜਾਂਦਾ ਹੈ, ਜੋ ਮੇਰਾ ਪਤੀ ਮੇਰੇ ਪਾਸ ਕਿਉਂ ਨਹੀਂ ਰਹਿੰਦਾ, ਅਰ ਸਾਡਾ ਘਰ ਇਕ, ਗ੍ਰਿਹਸਤੀਆਂ ਵਾਂਗੂ ਵੱਸਦਾ ਘਰ, ਕਿਉਂ ਨਹੀਂ ਬਣਦਾ?

ਬੇਬੇ—ਆ ਭਾਬੀ ਘਰ ਚੱਲੀਏ, ਹੁਣ ਬਹੁੰ ਦਿਨ ਆ ਗਿਆ ਹੈ।

ਸੁਲੱਖਣੀ—ਮੇਰਾ ਜੀ ਕਰਦਾ ਹੈ ਕਿ ਇੱਥੇ ਹੀ ਬੈਠੀ ਰਹਾਂ ਤੇ ਰੋਂਦੀ ਰਹਾਂ, ਬੱਸ!

ਬੇਬੇ ਨੇ ਬਹੁਤ ਪਿਆਰ ਦਿੱਤਾ ਤੇ ਚਿਰ ਮਗਰੋਂ ਠੰਢਿਆਂ ਕਰ ਕੇ ਘਰ ਲੈ ਆਂਦਾ।

ਇਹ ਦਿਨ ਬੀਤ ਗਿਆ, ਦੂਆ ਬੀ ਗਿਆ, ਮਾਈ ਸੁਲੱਖਣੀ ਜੀ ਦੇ ਅਥਰੂ ਨਹੀਂ ਸੁੱਕੇ। ਉਸ ਜਗਤ-ਗੁਰੂ ਦੇ ਮੋਹ ਨਾਲ ਭਰੀ, ਪਰ ਪਤੀ ਨੂੰ ਪਰਮੇਸ਼ਰ ਦੀ ਘੱਲੀ ਜੋਤ ਨਾ ਪਛਾਣ ਸੱਕਣ ਵਾਲੀ ਸੁਲੱਖਣੀ, ਇਕ ਡਾਲ ਅਥਰੂ ਕੇਰਦੀ ਤੇ ਹਉਕੇ ਭਰਦੀ ਰਹੀ। ਇਹ ਰੋਣਾ ਹਉਕੇ ਵਾਲਾ, ਤੋੜ ਵਾਲਾ ਤੇ ਸਾਕਾਦਾਰੀ ਦੇ

Digitized by Panjab Digital Library | www.panjabdigilib.org

ਦਾਵੇ ਭਰਿਆ, ਘਬਰਾ ਵਾਲਾ ਰੋਣਾ ਹੈ। ਇਸ ਵਿਚ ਘਬਰਾਹਟ ਤੇ ਤੋੜ ਪੈਂਦੀ ਹੈ। ਉਧਰ ਬੇਬੇ ਬੀ ਰੋਂਦੀ ਹੈ, ਪਰ ਉਸ ਦੇ ਰੋਣ ਵਿਚ ਠੰਢ ਹੈ, ਰਸ ਹੈ ਤੇ ਟਿਕਾਉ ਹੈ। ਉਸ ਦੇ ਅਥਰੂ ਆ ਆ ਕੇ ਠੰਢ ਪਾਉਂਦੇ ਹਨ, ਲੂੰਆਂ ਵਿਚੋਂ ਨਾਮ ਦੀ ਝਰਨਾਟ ਛੇੜਦੇ ਹਨ, ਸਤਿਗੁਰੂ ਦੇ ਆਤਮ-ਧਯਾਨ ਅੱਖਾਂ ਅੱਗੇ ਲਿਆ ਕੇ ਲਿਵ ਜੋੜਦੇ ਹਨ। ਹਾਂ ਮੋਹ ਦੀ ਖਿੱਚ ਤੇ ਪ੍ਰੇਮ ਦੀ ਖਿੱਚ ਦਾ ਇਹੋ ਫ਼ਰਕ ਹੈ।

ਤੀਸਰਾ ਦਿਨ ਆ ਗਿਆ, ਪਹੁ ਫੁੱਟ ਪਈ ਤੇ ਮਿੱਠੀ ਮਿੱਠੀ ਹਵਾ ਵਗ ਪਈ।

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।[34]

ਬੇਬੇ ਆਪਣੇ ਘਰ ਬੈਠੀ ਲੱਸੀ ਰਿੜਕ ਰਹੀ ਸੀ, ਇਕ ਹੱਥ ਮੱਖਣ ਭਰਿਆ ਸੀ, ਆਸਾ ਦੀ ਵਾਰ ਦਾ ਪਾਠ ਕਰ ਰਹੀ ਸੀ ਕਿ ਸਤਿਗੁਰੂ ਵੀਰ ਦੀ ਨੂਰ-ਭਰੀ ਨੁਹਾਰ ਡੇਉਢੀ ਲੰਘ ਕੇ ਵਿਹੜੇ ਵਿਚ ਆਉਂਦੀ ਤੇ 'ਨਿਰੰਕਾਰ' ਦੀ ਗੂੰਜ ਨਾਲ ਗੂੰਜਦੀ ਦਿੱਸ ਪਈ। ਦਿੱਸ ਹੀ ਨਹੀਂ ਪਈ, ਕੰਨਾਂ ਨੇ ਵਰਿਹਾਂ ਮਗਰੋਂ ਫੇਰ ਉਹ ਪ੍ਰੇਮ ਦੇ ਦੋ ਅੱਖਰ ਸੁਣੇ 'ਬੇਬੇ'। 'ਬੇਬੇ'! ਸੁਣਦਿਆਂ ਸਾਰ, 'ਧੰਨ ਬੇਬੇ, ਉਠੀ। ਧਾ ਕੇ ਵੀਰ ਦੇ ਪੈਰਾਂ ਤੇ ਢੱਠੀ, ਸਿਰ ਵਿੱਚੋਂ ਵੈਰਾਗ, ਸ਼ੁਕਰ ਤੇ ਆਤਮ-ਹੁਲਾਰੇ ਨੇ ਇੱਕ ਐਸੀ ਝਰਨਾਟ ਛੇੜੀ ਕਿ ਸਰੀਰ ਬੇਸੁੱਧ ਜਿਹਾ ਹੋ ਕੇ ਢੱਠਾ। ਪਰ ਉਸ ਸੱਚੇ ਜਗ ਤਾਰਕ[35] ਨੇ ਭੈਣ ਦਾ ਸੀਸ ਹੱਥ ਤੇ ਬੋਚਿਆ ਅਰ ਡਾਢੇ ਪਿਆਰ ਨਾਲ ਦਿਲਾਸਾ ਤੇ ਅਸੀਸ ਦਿੱਤੀ। ਜਾਣਦੇ ਸਨ ਕਿ ਬੇਬੇ ਨੂੰ ਤਾਂ ਆਪੇ ਦੀ ਸੁੱਧ ਨਹੀਂ, ਆਪ ਹੀ ਮੰਜੇ ਪਰ ਬੈਠ ਗਏ। ਭੈਣ ਨੇ ਹੁਣ ਸਿਰ ਚੁੱਕਿਆ, ਟੱਕ ਬੰਨ੍ਹ ਕੇ ਵੀਰ ਦੀ ਅਕਾਲੀ ਜੋਤ ਨਾਲ ਪ੍ਰਕਾਸ਼ਦੇ ਚਿਹਰੇ ਨੂੰ ਤੱਕਿਆ; ਸਤਿਗੁਰੂ ਮਿਲਿਆ, ਸਤਿਗੁਰੂ ਦੇ ਮਿਲਿਆਂ ਅਨੰਦ ਆਉਂਦਾ ਹੈ। ਫਿਰ ਅਨੰਦ ਦਾ ਵੇਗ[36] ਆਇਆ ਪਰ

Digitized by Panjab Digital Library | www.panjabdigilib.org

ਬੇਬੇ ਦੀ ਸੁਰਤ ਨੇ ਏਕਾਗ੍ਰਤਾ[37] ਵਿਚ ਉਹ ਲਿਵ ਬੱਧੀ ਕਿ ਮਾਨੋਂ ਬੇਸੁੱਧ ਹੈ। ਏਨੇ ਨੂੰ ਭਾਗਾਂ ਵਾਲਾ ਭਾਈਆ ਜੈਰਾਮ ਦਾਸ ਆ ਗਿਆ। ਬੜੇ ਪ੍ਰੇਮ ਨਾਲ ਮੱਥਾ ਟੇਕਿਆ, ਸਤਿਗੁਰ ਨੇ ਸੰਭਾਲਿਆ, ਸੁੱਖ ਸਾਂਦ ਪੁੱਛੀ, ਕਲੇਜੇ ਠੰਢ ਪਈ। ਬਾਰ ਬਾਰ ਚਿਹਰੇ ਨੂੰ ਤੱਕੇ ਤੇ ਖ਼ੁਸ਼ ਹੋਵੇ।

ਇੰਨੇ ਨੂੰ ਸ੍ਰੀ ਚੰਦ ਜੀ ਆ ਗਏ, ਪਿਤਾ ਜੀ ਨੂੰ ਦੇਖ ਕੇ ਚਰਨਾਂ ਤੇ ਢਹਿ ਪਏ। ਸਤਿਗੁਰੂ ਜੀ ਨੇ ਅਸੀਸ ਦਿੱਤੀ 'ਸਾਈਂ ਵੱਲ ਰਹੋ'। ਉਧਰ ਬੇਬੇ ਹੁਣ ਹੋਸ਼ ਵਿਚ ਸੀ। ਭਾਬੀ ਨੂੰ ਸੱਦ ਭੇਜਿਆ, ਮੋਹ ਭਰੀ ਤੇ ਸਹਿਕਣ ਵਾਲੀ, ਗੁਰ ਨਾਨਕ, ਜਗਤ ਗੁਰੂ ਸੁਆਮੀ ਦੀ ਅਰਧੰਗੀ[38] ਕਹਿਲਾਉਣ ਵਾਲੀ, ਸਤਿਕਾਰ ਯੋਗ ਆਤਮਾ, ਸ਼ੁਭ ਲੱਖਣਾਂ[39] ਵਾਲੀ ਸੁਲੱਖਣੀ ਆਈ। ਖ਼ੁਸ਼ ਹੈ, ਵੈਰਾਗ ਵਿਚ ਹੈ, ਪਰੰਤੂ ਪਿਆਰ ਮਾਇਆ-ਵੇੜ੍ਹਿਆ[40] ਹੈ, ਉਂਞ ਹੈ ਇਸ ਵੇਲੇ ਅੰਤਿ ਦਾ। ਚਰਨਾਂ ਤੇ ਢੱਠੀ ਤੇ ਰੋਈ। ਸ੍ਰੀ ਗੁਰੂ ਜੀ ਘਟ ਘਟ ਦੇ ਜਾਣਨਹਾਰ ਮੁਸਕ੍ਰਾਏ, ਕ੍ਰਿਪਾ-ਦ੍ਰਿਸ਼ਟੀ ਨਾਲ ਤੱਕੇ ਤੇ ਮਿਹਰ ਦਾ ਸਤੋ ਗੁਣੀ[41] ਮੀਂਹ ਵਸਾਇਆ।

ਹੋਰ ਪ੍ਰੇਮੀ ਆਏ, ਸਭ ਨੂੰ ਮਿਲੇ। ਇਕ ਦਿਨ ਰਾਤ ਓਥੇ ਮੰਗਲ[42] ਲੱਗਾ ਰਿਹਾ, ਫੇਰ ਆਪ ਚਾਲੇ ਪੈ ਗਏ।

Digitized by Panjab Digital Library | www.panjabdigilib.org

ਸ੦ ਲਾਲ ਸਿੰਘ 'ਕਮਲਾ ਅਕਾਲੀ'

# ਸਿਆਮੀ ਜੰਗਲਾਂ ਵਿੱਚ

ਇਕ ਦਿਨ ਅਸੀਂ ਸਲਾਹ ਕੀਤੀ ਕਿ ਅੱਜ ਬਾਹਰ ਜੰਗਲ ਦੀ ਸੈਰ ਕਰੋ ਤੇ ਪੇਂਡੂ ਇਲਾਕੇ ਦੇਖੋ । ਜਿੱਧਰ ਮੂੰਹ ਆਇਆ ਪਗਡੰਡੀ ਵੜ ਕੇ ਤੁਰ ਪਏ । ਚਾਰ ਪੰਜ ਮੀਲ ਦੇ ਫ਼ਾਸਲੇ ਉੱਤੇ ਦਰਿਆ ਆਇਆ ਜੋ ਹੇਠਾਂ ਬੰਗਕੋਕ ਵੱਲ ਨੂੰ ਜਾਂਦਾ ਹੈ । ਸਿਆਲ ਦੀ ਰੁਤ ਉਤਰ ਰਹੀ ਸੀ, ਧਾਨਾਂ ਦੇ ਖੇਤ ਵੱਢੇ ਪਏ ਸਨ, ਵੱਟਾਂ ਪੰਜ ਪੰਜ ਛੇ ਛੇ ਫ਼ੁੱਟ ਚੌੜੀਆਂ ਤੇ ਖੇਤ ਡਾਕਰ[1] । ਧਾਨਾਂ ਦੀਆਂ ਬੱਲੀਆਂ ਉੱਪਰੋਂ ਵੱਢ ਕੇ ਪਰਾਲੀ ਨੂੰ ਖਲੋਤੀ ਰਹਿਣ ਦੇਂਦੇ ਹਨ । ਇਹ ਏਨ੍ਹਾਂ ਦੇ ਕਿਸੇ ਕੰਮ ਨਹੀਂ ਹੁੰਦੀ, ਦੂਜੀ ਫ਼ਸਲ ਲਈ ਜਾਂ ਤਾਂ ਵਿਚ ਬਾਲ ਦੇਂਦੇ ਹਨ ਜਾਂ ਆਪੇ ਗਲ ਜਾਂਦੀ ਹੈ । ਦੁੱਧ ਦੇ ਪਸ਼ੂ ਰੱਖਣ ਦਾ ਉੱਕਾ ਰਿਵਾਜ ਨਹੀਂ, ਨਾ ਦੁੱਧ ਪੀਂਦੇ ਹਨ । ਹੁਣ ਸ਼ਹਿਰਾਂ ਵਿਚ ਚਾਹ, ਕਾਫ਼ੀ ਦੇ ਰਿਵਾਜ ਕਰ ਕੇ ਕਿਤੇ ਕਿਤੇ ਗਾਈਆਂ ਦੁੱਧ ਲਈ ਪਾਲਦੇ ਹਨ । ਮੱਝਾਂ ਤੇ ਝੋਟੇ ਏਨ੍ਹਾਂ ਭਾਣੇਂ ਇੱਕੋ ਜਿਹੇ ਹਨ, ਜੋਤਣ ਲਈ । ਮੱਝਾਂ ਦੁੱਧ ਦੇਂਦੀਆਂ ਹਨ ਅਤੇ ਉਹ ਦੁੱਧ ਏਨਾਂ ਥਿੰਧਾ ਹੁੰਦਾ ਹੈ ਕਿ ਚੋਂਦਿਆਂ ਚੋਂਦਿਆਂ ਮਲਾਈ ਆ ਜਾਂਦੀ ਹੈ । ਬਲਦ ਛੋਟੇ ਕੱਦ ਦੇ ਸੋਹਣੇ ਪਾਲੇ ਹੋਏ ਤੇ ਗੱਠੇ ਹੋਏ । ਏਨ੍ਹਾਂ ਦੇਸਾਂ ਦੀ ਖੇਤੀ ਇਕ ਬੜਾ ਸਹਿਲ ਜਿਹਾ ਪੇਸ਼ਾ

Digitized by Panjab Digital Library | www.panjabdigilib.org

ਹੈ। ਜੇਠ ਹਾੜ੍ਹ ਵਿਚ ਮੀਂਹ ਪੈਣ ਲੱਗ ਪਏ ਤੇ ਗੋਡੇ ਗਿੱਟੇ ਪਾਣੀ ਵਿਚ ਕੰਘੇ ਵਰਗਾ ਹਲ ਜੋਤ ਦਿਤਾ। ਦੋ ਤਿੰਨ ਵਾਰ ਏਸ ਤਰ੍ਹਾਂ ਵਾਹ ਕੇ ਧਾਨ ਗੱਡ ਦਿੱਤੇ। ਨਾ ਕੋਈ ਗੁੱਡਦਾ ਹੈ ਨਾ ਪਾਣੀ ਦੇਂਦਾ ਹੈ। ਮੀਂਹ ਪਈ ਜਾਂਦਾ ਹੈ ਤੇ ਧਾਨ ਲੱਕ ਲੱਕ ਹੋ ਜਾਂਦੇ ਹਨ। ਗਏ, ਜਾ ਕੇ ਬੱਲੀਆਂ ਵੱਢ ਲਿਆਏ ਤੇ ਹੌਲੀ ਹੌਲੀ ਖਾਣ ਜੋਗੇ ਚਾਉਲ ਕੱਢ ਕੇ ਖਾਂਦੇ ਰਹੇ। ਬਾਕੀ ਛੇ ਮਹੀਨੇ ਏਨ੍ਹਾਂ ਦੇ ਕਈ ਕੰਮਾਂ ਵਿਚ ਨਿਕਲ ਜਾਂਦੇ ਹਨ। ਇਕ ਅੱਧਾ ਕਿੱਲਾ ਸਬਜ਼ੀ, ਬਾਜ਼ਾਰ ਵੇਚਣ ਜੋਗੀ, ਖੀਰੇ, ਸਾਗ ਆਦਿਕ ਬੀਜ ਲਏ, ਜੰਗਲ ਦੇ ਦਰਖ਼ਤਾਂ ਤੋਂ ਭਾਂਤ ਭਾਂਤ ਦੇ ਫਲ ਤੋੜ ਲਿਆਂਦੇ; ਮੱਛੀ ਫੜੀ, ਕੁੱਝ ਖਾ ਲਈ, ਬਾਕੀ ਸੁਕਾ ਕੇ ਰੱਖ ਛੱਡੀ। ਅਜੇਹੇ ਕੰਮ ਕਾਜ ਵਧੇਰੇ ਹਨ।

ਪਹਿਲਾ ਦਿਨ ਤਾਂ ਸਾਡਾ ਧਾਨ-ਖੇਤੀਆਂ ਵਿਚ ਫਿਰਦਿਆਂ ਲੰਘ ਗਿਆ। ਦੂਜੇ ਦਿਨ ਅਸੀਂ ਦੋ ਬਾਈਸਿਕਲ ਲਏ ਤੇ ਚੜ੍ਹ ਪਏ ਪਹਾੜਾਂ ਵੱਲ ਨੂੰ। ਦਰਿਆ ਉੱਤੇ ਅਪੜੇ ਤਾਂ ਡਿੱਠਾ ਕਿ ਜੰਗਲ ਦੀਆਂ ਗੇਲੀਆਂ ਤਾਰ ਕੇ, ਬੇੜੇ ਬਣਾ ਕੇ, ਬੰਗਕੋਕ ਨੂੰ ਲੈ ਜਾ ਰਹੇ ਹਨ। ਦਰਿਆ ਪਾਰ ਹੋ ਕੇ, ਝੱਬੇ ਹੀ, ਪਹਾੜੀ ਢਲਵਾਨ ਵਿਚ ਜਾ ਪਹੁੰਚੇ ਤੇ ਇਕ ਸਿਆਮੀ ਘਰ ਵਿਚ ਜਾ ਵੜੇ। ਘਰ ਦੇ ਉਦਾਲੇ ਬਾਂਸਾਂ ਦੀ ਕੁਦਰਤੀ ਵਾੜ ਸੀ, ਘਰ ਜ਼ਮੀਨ ਤੋਂ ਤਿੰਨ ਕੁ ਫੁੱਟ ਉੱਚਾ ਥੰਮ੍ਹਿਆਂ ਉੱਤੇ ਖਲੋਤਾ ਸੀ। ਫ਼ਰਸ਼ ਫੱਟਿਆਂ ਦਾ ਤੇ ਕੰਧਾਂ ਵੀ ਫੱਟਿਆਂ ਦੀਆਂ। ਲੋੜ ਪਏ ਤਾਂ ਵੱਡੇ ਮੋਟੇ ਬਾਂਸਾਂ ਨੂੰ ਪਾੜ ਕੇ ਗੁੰਦ ਲੈਂਦੇ ਹਨ ਤੇ ਅੱਛੀ ਗੁਜ਼ਾਰੇ ਜੋਗੀ ਕੰਧ ਬਣ ਜਾਂਦੀ ਹੈ। ਘਰ ਦੀ ਛੱਤ ਖਜੂਰ ਦੀ ਕਿਸਮ ਦੇ ਪੱਤਿਆਂ ਦੀ ਸੀ, ਢਲਵਾਨ ਵਾਲੀ, ਮੀਂਹ ਪਵੇ ਤਾਂ ਪਾਣੀ ਰੁੜ੍ਹ ਜਾਵੇ ਤੇ ਧੁੱਪ ਪਵੇ ਤਾਂ ਗਰਮ ਨਾ ਹੋਵੇ। ਘਰ ਦੇ ਬੰਦੇ ਛੇ ਸੱਤ ਆਪੋ ਆਪਣੇ ਕੰਮ ਲਗੇ ਹੋਏ ਸਨ; ਦੋ ਜੁਆਨ ਕੁੜੀਆਂ ਰੇਸ਼ਮ ਬੁਣਦੀਆਂ ਸਨ ਮਸਾਂ ਦੋ ਗਿੱਠਾਂ ਬਰ ਵਾਲਾ, ਬੁੱਢੀ ਰੋਟੀ ਪਕਾ ਰਹੀ ਸੀ ਤੇ ਇਕ ਤੀਜੀ

Digitized by Panjab Digital Library | www.panjabdigilib.org

ਕੁੜੀ ਹੋਰ ਪਾਸੇ ਧਾਨ ਕੁਟੱਣ ਦੀ ਪਾਣੀ–ਚੱਕੀ ਨੂੰ ਸੰਭਾਲ ਰਹੀ ਸੀ। ਪਾਣੀ ਦੀ ਧਾਰ ਉਧਰੋਂ ਲਿਆ ਕੇ ਘਰ ਦੇ ਕਲ ਦੀ ਵਗਾਈ ਹਈ ਸੀ, ਇਕ ਛੇ ਕੁ ਫ਼ੁਟ ਕਾਠ ਦੀ ਲੱਠ ਸੀ ਜਿਸ ਦਾ ਇਕ ਸਿਰਾ ਕਾਠ ਦੇ ਗੋਲ ਧੁਰੇ ਉਤੇ ਚਲਦਾ ਸੀ ਪਰ ਧੁਰੇ ਵਿਚ ਇਕ (Cam) ਮੱਖੀ ਲਾਈ ਹੋਈ ਸੀ। ਧੁਰਾ ਪਾਣੀ ਦੇ ਜ਼ੋਰ ਨਾਲ ਚਲਦਾ ਸੀ, ਮੱਖੀ ਲਠ ਦੇ ਸਿਰੇ ਨੂੰ ਦੱਬ ਕੇ ਲਠ ਦਾ ਦੂਜਾ ਸਿਰਾ ਚੁੱਕ ਦੇਂਦੀ ਸੀ ਜਿਸ ਹੇਠ ਇਕ ਗੋਲਾ ਲਗਿਆ ਹੋਇਆ ਸੀ। ਜਦ ਮੱਖੀ ਲੰਘ ਜਾਵੇ ਤਾਂ ਲਠ ਆਪੇ ਡਿਗ ਪਵੇ ਤੇ ਉਖਲੀ ਵਿਚ ਧਾਨਾਂ ਨੂੰ ਕੁੱਟੀ ਜਾਵੇ। ਪਾਣੀ ਤੋਂ ਇਹ ਕੰਮ ਲੈਂਦੇ ਵੇਖ ਕੇ ਅਸੀਂ ਬੜੇ ਹੈਰਾਨ ਹੋਏ। ਰੇਸ਼ਮ ਆਮ ਲੋਕ ਬੁਣਦੇ ਹਨ ਤੇ ਪਹਿਨਣ ਲਈ ਇਸ ਦੀਆਂ ਧੋਤੀਆਂ ਬਣਾਂਦੇ ਹਨ; ਮਜ਼ਬੂਤ ਬਹੁਤ ਹੁੰਦਾ ਹੈ ਤੇ ਝੋਲੇ ਭੀ ਰੇਸ਼ਮ ਦੇ ਬਣਾਏ ਜਾਂਦੇ ਹਨ। ਬੋਲੀ ਖੁਣੋਂ ਅਸੀਂ ਹੱਥਾਂ ਦੇ ਇਸ਼ਾਰਿਆਂ ਨਾਲ ਹੀ ਗੁਜ਼ਾਰਾ ਕਰ ਲਿਆ। ਸਾਨੂੰ ਵੇਖ ਕੇ ਘਰ ਵਾਲੇ ਖ਼ੁਸ਼ ਹੋਏ, ਸਾਡੇ ਲਈ ਫੱਟਿਆਂ ਉੱਤੇ ਇਕ ਚਟਾਈ ਵਿਛਾ ਦਿੱਤੀ ਤੇ ਰੋਟੀ ਭੀ ਸਾਨੂੰ ਪੁੱਛੀ। ਇਕ ਕੁੜੀ ਵਿਆਹੀ ਜਾਪਦੀ ਸੀ, ਬੁਨੈਣ ਦੇ ਉਤੋਂ ਦੀ ਸੋਹਣੀ ਵੇਲ ਦੀ, ਘੁੰਡੀਆਂ ਤੇ ਖੁੱਲ੍ਹੀਆਂ ਬਾਹਾਂ ਵਾਲੀ, ਝੱਗੀ; ਸਿਰ ਤੇ ਵਾਲ ਬਣਾ ਸਵਾਰ ਕੇ ਸਿਖਰ ਮੋਟਾ ਜਿਹਾ ਜੂੜਾ ਕੀਤਾ ਹੋਇਆ, ਗਲ ਵਿਚ ਫੁੰਦੇਦਾਰ ਰੇਸ਼ਮੀ ਧਾਗੇ ਦੀ ਕਾਲੀ ਗਾਨੀ, ਜਿਸ ਨਾਲ ਇਕ ਨਿੱਕਾ ਜਿਹਾ ਕੁਛ-ਖ਼ਬਰੇ ਤਵੀਤ, ਲਮਕਦਾ ਸੀ—ਤੇ ਤੇੜ ਰੇਸ਼ਮ ਦੀ ਧੋਤੀ ਗਿੱਟਿਆਂ ਤੀਕ, ਜਦ ਤੁਰੇ ਤਾਂ ਰੇਸ਼ਮ ਫ਼ਰ ਫ਼ਰ ਕਰੇ ਤੇ ਸੋਹਲ ਲੱਤਾਂ ਨੂੰ ਗੋਡਿਆਂ ਤੋਂ ਹੇਠ ਘੁੱਟ ਜਿਹੀ ਪਾਵੇ। ਮੂੰਹ ਉੱਤੇ ਚੰਦਨ ਆਦਿ ਮਲਨਾ ਆਮ ਗੱਲ ਹੈ। ਭਾਵੇਂ ਇਹ ਘਰ ਜੰਗਲ ਵਿਚ ਸੀ ਪਰ ਏਨ੍ਹਾਂ ਦੀ ਸਫ਼ਾਈ ਤੇ ਸਲੀਕੇ[3] ਦੀ ਰਹਿਣੀ ਘਰ ਉੱਤੇ ਨਜ਼ਰ ਮਾਰਿਆਂ ਦਿੱਸਦੀ ਸੀ। ਜੁੱਤੀਆਂ, ਪੌੜੀਆਂ ਚੜ੍ਹਦੇ ਹੀ ਇਕ ਥਾਂ ਰੱਖੀਆਂ ਹੋਈਆਂ, ਰੋਜ਼ ਪਹਿਨਣ ਦੇ ਕਪੜੇ ਟੰਗਣੇ ਉੱਤੇ, ਪਾਣੀ

Digitized by Panjab Digital Library | www.panjabdigilib.org

ਦੇ ਮਟ ਘੜੋਂਜੀ ਉੱਤੇ; ਰਸੋਈ ਅਲੱਗ, ਨੀਵੀਂ ਤੇ ਚੁੱਲ੍ਹੇ ਦਾ ਧੂੰਆਂ ਬਾਹਰ ਨੂੰ ; ਪਸ਼ੂਆਂ ਦਾ ਘਰ, ਘਰੋਂ ਵਿੱਥ ਉੱਤੇ । ਅਸਾਂ ਉਨ੍ਹਾਂ ਨੂੰ ਆਖਿਆ ਕਿ ਸਾਡੇ ਬਾਈਸਿਕਲ ਰੱਖ ਛੱਡੋ, ਅਸੀਂ ਉੱਪਰ ਪਹਾ-ੜੀਆਂ ਦੀ ਸੈਰ ਕਰ ਆਈਏ । ਉਨ੍ਹਾਂ ਸੈਕਲ ਫੜ ਲਏ ਤੇ ਸਾਡੇ ਖ਼ਾਲੀ ਹੱਥ ਵੇਖ ਕੇ ਇਸ਼ਾਰਾ ਕੀਤਾ, ਮੋਢੇ ਉਤੇ ਰੱਖ ਕੇ ਬੰਦੂਕ ਦੇ ਨਿਸ਼ਾਨੇ ਦਾ, ਪਰ ਸਾਡੇ ਕੋਲ ਤਾਂ ਕੁਛ ਨਹੀਂ ਸੀ । ਉਨ੍ਹਾਂ ਕੁਛ ਹੈਰਾਨੀ ਜੇਹੀ ਮੰਨੀ ਤੇ ਚੁੱਪ ਕਰ ਰਹੇ ।

ਅਜੇ ਦੁਪਹਿਰਾ ਨਹੀਂ ਸੀ ਹੋਇਆ ਜਦ ਅਸੀਂ ਪਹਾੜਾਂ ਵਿਚ ਨੂੰ ਤੁਰ ਪਏ । ਇਕ ਟਿੱਬੇ ਜਿਹੇ ਉੱਤੇ ਜਾ ਚੜ੍ਹੇ ਤੇ ਵੇਖਿਆ ਕਿ ਸਿਖਰ ਇਕ ਪਗੋਡਾ, ਇੱਟਾਂ ਦਾ, ਛੋਟਾ ਜਿਹਾ ਬਣਾਇਆ ਹੋਇਆ ਹੈ । ਪਗੋਡਾ, ਬੁਧ ਮੱਤ ਵਿਚ, ਮੰਦਰ ਦੀ ਸ਼ਕਲ ਸਮਝੀ ਜਾਂਦੀ ਹੈ, ਥੱਲਾ ਗੋਲ ਤੇ ਉੱਪਰ ਨੂੰ ਪਤਲਾ ਹੋਈ ਜਾਂਦਾ ਹੈ ਤੇ ਸਿਖਰ ਟੀਸੀ ਦੀ ਤਿੱਖੀ ਨੋਕ । ਸਿਆਮੀ ਭੀ, ਬਰ੍ਹਮੀਆਂ ਵਾਂਗ, ਥਾਂ ਥਾਂ ਪਗੋਡੇ ਬਣਾਉਣਾ ਪੁੰਨ ਅਤੇ ਧਰਮ ਸਮਝਦੇ ਹਨ । ਬੁੱਧ ਦੀਆਂ ਮੂਰਤੀਆਂ, ਆਸਣ ਵਿਚ ਯਾ ਟੇਢੇ ਸੁੱਤੇ ਹੋਏ ਦੀਆਂ ਆਮ ਹਨ। ਗੱਲਾਂ ਕਰਦੇ ਅਸੀਂ ਜੰਗਲ ਵਿਚ ਦੂਰ ਨਿਕਲ ਗਏ, ਇਕ ਡੰਡਾ ਜਿਹਾ ਅਸੀਂ ਸਿਆਮੀ ਘਰ ਤੋਂ ਚੁੱਕ ਲਿਆ ਸੀ । ਅੱਗੇ ਜਾ ਕੇ ਨਾਲਾ ਆਇਆ ਜਿਸ ਵਿਚ ਥੋੜ੍ਹਾ ਜਿਹਾ ਪਾਣੀ ਵਗ ਰਿਹਾ ਸੀ ਤੇ ਕਿਨਾਰਿਆਂ ਉੱਤੇ ਘਣੀ ਬਨਸਪਤੀ ਸੀ। ਹਰ ਪ੍ਰਕਾਰ ਦੇ ਦਰਖ਼ਤ—ਅੰਬ, ਕਟਾਹਰ, ਸਿੰਮਲ, ਸਾਗਵਾਨ, ਹੋਰ ਲਕੜ ਵਾਲੇ ਬਿਰਛ ਜੋ ਜੰਗਲ ਵਿਚ ਸਿਰ ਚੁੱਕੀ ਖਲੋਤੇ ਸਨ। ਅਸੀਂ ਨਾਲਾ ਪਾਰ ਕਰ ਕੇ ਓਧਰ ਨੂੰ ਚਲੇ ਜਿੱਥੇ ਬਨਸਪਤੀ ਬੜੀ ਘਣੀ ਸੀ। ਸੁਭਾਵਕ ਸਹਿਜ ਨਾਲ ਤੁਰੇ ਜਾਂਦੇ ਸਾਂ ਕਿ ਇੰਵ ਮਲੂਮ ਹੋਇਆ ਜਿਵੇਂ ਜੰਗਲ ਵਿਚ ਰੌਬਲਾ ਜਿਹਾ ਤੁਰ ਪਿਆ ਹੈ। ਨਜ਼ਰ ਚੁੱਕ ਕੇ ਵੇਖਿਆ ਤਾਂ ਹਾਥੀ । ਅਸੀਂ ਜਿਉਂ ਭੱਜੇ ਹਾਥੀ ਤੋਂ ਬਚਣ ਲਈ, ਸਾਨੂੰ ਨਹੀਂ ਪਤਾ ਕਿ ਅਸੀਂ ਕਿੱਧਰ ਨੂੰ ਗਏ। ਹਾਥੀ, ਅਸਲ ਵਿਚ, ਨਾਲੇ ਤੋਂ ਪਾਣੀ ਪੀ ਕੇ

Digitized by Panjab Digital Library | www.panjabdigilib.org

ਝਾੜੀਆਂ ਜਿਹੀਆਂ ਵਿਚ ਅਡੋਲ ਖਲਤਾ ਸੀ ਜਿਸ ਕਰ ਕੇ ਸਾਨੂੰ ਉਸ ਦਾ ਉੱਕਾ ਕੋਈ ਖ਼ਿਆਲ ਨਹੀਂ ਆਇਆ। ਸਾਡੀ ਆਹਟ ਸੁਣ ਕੇ ਉਹ ਹਿੱਲ ਤੁਰਿਆ ਤੇ ਅਸਾਂ ਸ਼ੁਕਰ ਕੀਤਾ ਕਿ ਉਸ ਨੇ ਸਾਡਾ ਪਿੱਛਾ ਨਹੀਂ ਕੀਤਾ। ਚੁੱਪ ਕਰ ਕੇ ਬੈਠ ਕੇ ਸਾਹ ਲਿਆ। ਇਹ ਭੀ ਖ਼ਿਆਲ ਸੀ ਕਿ ਖ਼ਬਰੇ ਇਸ ਦੇ ਨਾਲ ਦੇ ਹੋਰ ਭੀ ਹੋਣ। ਥੋੜ੍ਹਾ ਚਿਰ ਬੈਠ ਕੇ ਅਸੀਂ ਉੱਠੇ ਤੇ ਬੜੇ ਖ਼ਬਰਦਾਰ ਹੋ ਕੇ ਤੁਰੇ ਕਿ ਮੁੜ ਚੱਲੀਏ। ਆਪਣੇ ਜਾਣੇ ਮੁੜ ਨਾਲੇ ਵੱਲ ਨੂੰ ਆ ਰਹੇ ਸਾਂ, ਪਰ ਡੇਢ ਘੰਟਾ ਗੁਜ਼ਰ ਗਿਆ ਨਾਲਾ ਨਾ ਆਉਣ ਵਿਚ ਆਵੇ। ਇਕ ਦੂਜੇ ਦੇ ਮੂੰਹ ਵੱਲ ਤੱਕਣ ਲਗੇ, ਨਾਲਾ ਕਿਧਰ ਸੀ, ਭੱਜੇ ਕਿਧਰੋਂ ਸਾਂ, ਜੰਗਲ ਵਿਚ ਨਾ ਕੋਈ ਨਿਸ਼ਾਨੀ ਸੀ ਨਾ ਪਗਡੰਡੀ। ਜਿਸ ਪਗਡੰਡੀ ਨੂੰ ਅਸੀਂ ਆਦਮੀਆਂ ਦਾ ਰਾਹ ਸਮਝਦੇ ਸਾਂ ਉਹ ਸ਼ਾਇਦ ਹਾਥੀਆਂ ਦਾ ਨਾਲੇ ਨੂੰ ਆਉਣ ਦਾ ਰਾਹ ਸੀ। ਦਿਨ ਛੋਟੇ ਹੋ ਗਏ ਸਨ, ਅਸੀਂ ਆਪਣੀ ਤੱਕ ਨਾਲ ਨਾਲਾ ਹੀ ਲੱਭ ਰਹੇ ਸਾਂ ਪਰ ਹੈਰਾਨੀ ਦੀ ਗਲ ਇਹ ਕਿ ਨਾਲਾ ਸਾਨੂੰ ਨਾ ਲੱਭਿਆ। ਸ਼ਾਮ ਪੈ ਰਹੀ ਸੀ ਤੇ ਅਸੀਂ ਬੜੇ ਘਬਰਾ ਗਏ। ਅੱਗੇ ਸਗੋਂ ਜੰਗਲ ਵਿਚ ਤੁਰ ਤਾਂ ਸਕਦੇ ਸਾਂ ਹੁਣ ਵੱਡਾ ਵੱਡਾ ਘਾਹ ਕੰਡਿਆਂ ਵਾਲਾ, ਜੋਕਾਂ ਬੇਸ਼ੁਮਾਰ, ਜ਼ਰਾ ਕੁ ਖਲੋਈਏ ਤਾਂ ਚੜ੍ਹਣ ਲੱਗ ਪੈਣ। ਜਿਉਂ ਜਿਉਂ ਵਕਤ ਲੰਘੇ ਸਾਡਾ ਦਿਲ ਥੋੜ੍ਹਾ ਹੁੰਦਾ ਜਾਵੇ। ਭਾਜੜ ਜਿਹੀ ਪੈ ਗਈ, ਹਾਰ ਕੇ ਸ਼ਰਮਾ ਆਖਣ ਲੱਗਾ ਬਈ ਅਸੀਂ ਤਾਂ ਰਾਹ ਭੁੱਲ ਗਏ ਹਾਂ ਤੇ ਜੰਗਲ ਵਿੱਚ ਗੁਆਚ ਗਏ ਹਾਂ, ਨਾ ਸਾਡੇ ਕੋਲ਼ ਅੱਗ ਦਾ ਸਾਮਾਨ ਹੈ ਨਾ ਕੁਛ ਖਾਣ ਪੀਣ ਨੂੰ ਹੈ। ਹਰ ਹਾਲਤ ਵਿਚ ਜੇ ਜੋਕਾਂ ਤੋਂ ਤੇ ਜੰਗਲੀ ਜਾਨਵਰਾਂ ਤੋਂ ਜਾਨ ਬਚਾਉਣੀ ਹੈ ਤਾਂ ਸਾਨੂੰ ਇਕ ਘੰਟੇ, ਹੱਦ ਡੇਢ ਘੰਟੇ ਵਿਚ, ਕਿਧਰੇ ਇਸ ਡਰਾਉਣੇ ਜੰਗਲ ਤੋਂ ਬਾਹਰ ਨਿਕਲਣਾ ਚਾਹੀਦਾ ਹੈ। ਬੜੇ ਘਬਰਾਏ ਕਿ ਕੁਦਰਤ ਨੇ ਮੌਤ ਕਿਵੇਂ ਹਰ ਥਾਂ ਨੇੜੇ ਹੀ ਰੱਖੀ ਹੋਈ ਹੈ। ਇਕ ਉੱਚਾ ਤੇ ਲੰਮਾ ਜਿਹਾ ਦਰਖ਼ਤ ਵੇਖ ਕੇ

Digitized by Panjab Digital Library | www.panjabdigilib.org

ਅਸੀਂ ਓਧਰ ਨੂੰ ਹੋਏ ਤੇ ਸ਼ਰਮਾ ਕਹਿਣ ਲੱਗਾ ਕਿ ਇਸ ਉੱਤੇ ਚੜ੍ਹ। ਮੈਂ ਕੋਟ ਤੇ ਬੂਟ ਲਾਹ ਕੇ ਚੜ੍ਹਨ ਲੱਗਾ, ਭਲਾ ਮਿਰਕਣ[5] ਦੇ ਪਲਿਆਂ ਹੋਇਆਂ ਦਾ ਅਤੇ ਘਬਰਾਏ ਹੋਏ ਆਦਮੀ ਦਾ ਸਿੱਧੇ ਦਰਖ਼ਤ ਉੱਤੇ ਚੜ੍ਹਨਾ ਸੁਖਾਲਾ ਹੈ? ਮੈਂ ਦੋ ਕੁ ਹਬਕੇ ਮਾਰ ਕੇ ਹੱਥ ਭਰ ਚੜ੍ਹਦਾ ਸਾਂ, ਠਹਿਰ ਜਾਂਦਾ ਸਾਂ ਤਾਂ ਗਿੱਠ ਖਿਸਕ ਆਉਂਦਾ ਸਾਂ। ਘੰਟਾ ਤਾਂ ਮੈਨੂੰ ਟਾਹਣਾਂ ਤੱਕ ਪਹੁੰਚਣ ਨੂੰ ਲੱਗ ਗਿਆ, ਅੱਗੋਂ ਚੜ੍ਹਾਈ ਸੁਖਾਲੀ ਹੋ ਗਈ ਤੇ ਮੈਂ ਟੀਸੀ ਕੋਲ ਜਾ ਪਹੁੰਚਾ। ਸ਼ਰਮਾ ਹੇਠੋਂ ਮੈਨੂੰ ਸਵਾਲ ਪੁੱਛਦਾ ਸੀ ਮੈਂ ਵੇਖ ਕੇ ਉਪਰੋਂ ਜਵਾਬ ਦੇ ਦੇਂਦਾ ਸਾਂ। ਸੂਰਜ ਕਿਧਰ ਹੈ? ਕਿਤੇ ਧੂੰਆਂ ਯਾ ਆਬਾਦੀ ਦਾ ਨਿਸ਼ਾਨ? ਉਹ ਗ਼ਰਕ ਹੋਣਾ ਨਾਲਾ ਕਿਧਰੇ ਦਿੱਸਦਾ ਹੈ ਕਿ ਨਹੀਂ? ਸੂਰਜ ਦੇ ਡੁੱਬਣ ਤੋਂ ਪੂਰਬ ਪੱਛਮ ਦਾ ਤਾਂ ਪਤਾ ਲਗ ਗਿਆ ਜੋ ਸ਼ਰਮਾ ਨੇ ਦਰਖ਼ਤ ਦੇ ਤਨੇ ਉੱਤੇ ਨਿਸ਼ਾਨ ਲਾ ਲਿਆ। ਹੋਰ ਮੈਨੂੰ ਕੱਖ ਨਾ ਦਿੱਸਿਆ, ਨਾ ਕਿਤੇ ਧੂੰਆਂ, ਨਾ ਨਾਲਾ, ਨਾ ਆਬਾਦੀ ਦਾ ਨਿਸ਼ਾਨ। ਸੂਰਜ ਹੁਣ ਵਾਹੋ ਦਾਹ ਹੇਠਾਂ ਨੂੰ ਜਾ ਰਿਹਾ ਸੀ ਤੇ ਸਾਡੇ ਹੱਥ ਪੈਰ ਝੂਠੇ ਪੈਂਦੇ ਸਨ[6]। ਕੁਛ ਨਹੀਂ ਸੀ ਸੁੱਝਦਾ ਕਿ ਕੀ ਕਰੀਏ ਕੀ ਨਾ ਕਰੀਏ। ਸ਼ਰਮਾ ਬੈਠ ਕੇ ਰੇਲ ਦਾ ਤੇ ਚੀਂਗ਼ਮਈ ਦਾ ਠਿਕਾਣਾ ਜ਼ਮੀਨ ਉੱਤੇ ਕਾਇਮ ਕਰਕੇ ਸੋਚਣ ਲੱਗਾ ਕਿ ਅਸੀਂ ਕਿੱਧਰ ਨੂੰ ਆਏ ਹਾਂ। ਜੇ ਦਿਲ ਠਿਕਾਣੇ ਹੁੰਦਾ ਤੇ ਉੱਪਰੋਂ ਰਾਤ ਨਾ ਪੈ ਰਹੀ ਹੁੰਦੀ, ਤਦ ਤਾਂ ਇੰਜੀਨੀਅਰ ਸਾਹਿਬ ਪੋਜ਼ੀਸ਼ਨ ਕਾਇਮ ਕਰ ਲੈਂਦੇ, ਪਰ ਭਾਜੜ ਦੀ ਹਾਲਤ ਵਿਚ ਕੁਛ ਨਾ ਬਣ ਸਕਿਆ। ਸ਼ਰਮਾ ਨੇ ਫਿਰ ਮੈਨੂੰ ਆਖਿਆ ਕਿ ਸੂਰਜ ਛਿਪਣ ਲੱਗਾ ਹੈ, ਰੋਟੀ ਟੁੱਕ ਦਾ ਵੇਲਾ ਹੋਣ ਲੱਗਾ ਹੈ, ਹੁਣ ਫਿਰ ਚੁਫੇਰੇ ਨਜ਼ਰ ਟਿਕਾ ਕੇ ਵੇਖ, ਸ਼ਾਇਦ ਕਿਧਰੇ ਧੂੰਆਂ ਨਿਕਲਦਾ ਹੋਵੇ।

ਅਸੀਂ ਹੁਣ ਸਮਝ ਲਿਆ ਕਿ ਚਾਨਣੇ ਚਾਨਣੇ ਕਿਤੇ ਪਹੁੰਚਣਾ ਅਸੰਭਵ ਹੈ। ਸੂਰਜ ਡੁੱਬਣ ਲੱਗਾ ਸੀ ਜਦ ਮੈਨੂੰ ਦਿੱਸਿਆ ਕਿ ਦੂਰ ਸਾਰੇ ਡੁਬਦੇ ਸੂਰਜ ਵੱਲ ਨੂੰ ਮਾੜਾ ਜਿਹਾ ਧੂੰਆਂ ਉਠ ਰਿਹਾ ਹੈ।

Digitized by Panjab Digital Library | www.panjabdigilib.org

ਮੈਂ ਸ਼ਰਮੇ ਨੂੰ ਏਸ ਧੂੰਏਂ ਦਾ ਰੁਖ਼ ਹੱਥ ਨਾਲ ਦੱਸ ਦਿੱਤਾ ਤੇ ਹੋਰ ਕੁਛ ਨਾ ਦਿੱਸਿਆ । ਧੁੱਪ ਹਟ ਗਈ ਤੇ ਦਰਖ਼ਤ ਦੀਆਂ ਜੜ੍ਹਾਂ ਵਿਚ ਸ਼ਰਮਾ ਹਨੇਰੇ ਜਿਹੇ ਵਿਚ ਖਲੋਤਾ ਜਾਪਦਾ ਸੀ। ਹੁਣ ਸਾਨੂੰ ਨਿਸਚਾ ਹੋ ਗਿਆ ਕਿ ਅੱਜ ਦੀ ਰਾਤ ਸਾਨੂੰ ਏਥੇ ਹੀ ਕਿਤੇ ਕੱਟਣੀ ਪਵੇਗੀ, ਜੇ ਜਾਨ ਬਚ ਰਹੀ । ਭੁੱਖਣ ਭਾਣੇ, ਨਾ ਪਾਣੀ ਨਾ ਧਾਣੀ, ਅੱਗੋਂ ਜੰਗਲ ਦੀ ਰਾਤ । ਬੰਗਲੇ ਨੂੰ ਯਾਦ ਕਰ ਕੇ ਮੈਂ ਆਖ ਰਿਹਾ ਸਾਂ, ਕਿੱਥੇ ਸੈਰ ਦਾ ਪੰਗਾ ਲੈ ਬੈਠੇ। ਸ਼ਰਮਾ ਨੇ ਇਕ ਹੋਰ ਹਾਕ ਮਾਰੀ, ਆਖਣ ਲੱਗਾ ਇਕ ਵਾਰ ਹਰ ਚੰਗੂੰ ਵੇਖ ਤੇ ਦੱਸ ਕੁੱਝ ਦਿੱਸਦਾ ਹੈ ਜਾਂ ਨਹੀਂ, ਜ਼ਰਾ ਗਹੁ ਨਾਲ ਹੌਲੀ ਹੌਲੀ ਦਰਖ਼ਤਾਂ ਦੇ ਵਿਚ ਦੀ ਟੀਸੀਆਂ ਵਿੱਚੀਂ ਕੋਈ ਪਗੋਡਾ ਹੀ ਦਿੱਸਦਾ ਹੋਵੇ । ਮੈਂ ਫੇਰ ਅੱਖਾਂ ਪਾੜ ਕੇ ਦੇਖਣ ਲੱਗਾ। ਜੰਗਲ ਦੇ ਉੱਪਰ ਹਾਲਾਂ ਚਾਨਣ ਕਾਫ਼ੀ ਸੀ । ਕਿਉਂਕਿ ਸੂਰਜ ਹਾਲਾਂ ਡੁੱਬਿਆ ਹੀ ਸੀ। ਮੈਂ ਬੜੀ ਕੋਸ਼ਿਸ਼ ਨਾਲ ਜ਼ਰਾ ਜ਼ਰਾ ਬਿਰਛਾਂ ਦੀਆਂ ਟੀਸੀਆਂ ਵਿੱਚੀਂ ਵੇਖ ਭਾਲ ਕੀਤੀ ਤਾਂ ਇਕ ਥਾਂ ਚਿੱਟੀ ਟੀਸੀ ਇਕ ਪਗੋਡੇ ਦੀ ਦਿੱਸੀ । ਇਹ ਬਹੁਤ ਨੇੜੇ ਤੇ ਉੱਚੇ ਜੇਹੇ ਥਾਂ ਜਾਪਦਾ ਸੀ। ਸ਼ਰਮਾ ਨੇ ਜਦ ਇਹ ਨੋਟ ਕਰ ਲਿਆ ਤਾਂ ਮੈਂ ਉਤਰਨ ਦੀਆਂ ਤਿਆਰੀਆਂ ਕਰਨ ਲੱਗਾ। ਸ਼ਰਮਾ ਰਹਿਣ ਲੱਗਾ ਹੇਠਾਂ ਆ ਜਾ, ਪਰ ਹਾਲਾਂ ਉਤਰੀਂ ਨਾਂਹ। ਮੈਂ ਹੇਠਲਿਆਂ ਟਾਹਣਾਂ ਕੋਲ ਆ ਕੇ ਰੁਕ ਗਿਆ। ਹੁਣ ਹਨੇਰਾ ਹੋ ਚੱਲਿਆ ਸੀ ਤੇ ਦਿੱਸਦਾ ਸੀ ਕਿ ਇਸ ਬਿਰਛ ਤੋਂ ਪਰੇ ਹੋਰ ਕਿੱਥੇ ਜਾ ਸਕਦੇ ਹਾਂ ਸੋ ਸ਼ਰਮਾ ਆਖਣ ਲੱਗਾ ਮੈਨੂੰ ਭੀ ਹੁਣ ਉੱਪਰ ਹੀ ਚੜ੍ਹਾ, ਹੋਰ ਕਿਤੇ ਜਾਣ ਜੋਗੇ ਨਹੀਂ । ਪਰ ਮੈਂ ਉਸ ਨੂੰ ਉੱਪਰ ਕਿਵੇਂ ਚੜ੍ਹਾਵਾਂ। ਅੱਜ ਮੈਨੂੰ ਯਾਦ ਆਇਆ ਕਿ ਪੱਗ ਵਿਚ ਕਿੰਨੇ ਗੁਣ ਹੁੰਦੇ ਹਨ। ਮੈਂ ਆਖਿਆ ਸ਼ਰਮਾ ਉੱਪਰ ਫੇਰ ਚੜ੍ਹੀਂ, ਪਹਿਲੋਂ ਏਨ੍ਹਾਂ ਦੋਹਾਂ ਟੋਪੀਆਂ ਨੂੰ ਅੱਗ ਨਹੀਂ ਲਗਦੀ ਤਾਂ ਪਰ੍ਹਾਂ ਵਗਾਹ ਮਾਰ। ਪ੍ਰਣ ਕੀਤਾ ਜੋ ਸਾਨੂੰ ਜੀਉਂਦਿਆਂ ਨੂੰ ਸਵੇਰ ਹੋਈ ਤਾਂ

Digitized by Panjab Digital Library | www.panjabdigilib.org

ਪਾਣੀ ਪਿੱਛੋਂ ਪੀਆਂਗੇ ਪਹਿਲੋਂ ਸਾੜ੍ਹੇ ਖ਼ਰੀਦ ਕੇ ਸਿਰ ਬੰਨ੍ਹਾਂਗੇ। ਮੈਂ ਆਪਣਾ ਝੱਗਾ ਲਾਹਿਆ, ਸ਼ਰਮਾ ਨੇ ਆਪਣਾ, ਦੋਹਾਂ ਨੂੰ ਜੋੜਿਆ ਤੇ ਕੁੱਝ ਸ਼ਰਮੇ ਨੇ ਜ਼ੋਰ ਲਾਇਆ ਤੇ ਕੁੱਝ ਮੈਂ; ਉਸ ਨੂੰ ਉੱਪਰ ਨੂੰ ਖਿੱਚਿਆ ਤੇ ਰਾਤ ਪਈ ਅਸੀਂ ਬਿਰਛ ਨੂੰ ਬਸੇਰਾ ਬਣਾ ਕੇ ਬੁਰੇ ਹਾਲ ਹੋ ਕੇ ਬਹਿ ਗਏ।

ਚਾਨਣ ਦੀਆਂ ਅਖ਼ੀਰੀ ਝਲਕਾਂ ਮੱਧਮ ਪੈ ਰਹੀਆਂ ਸਨ। ਬਣ ਵਿਚੋਂ ਇਕ ਰਾਗ ਜਿਹਾ ਸ਼ੁਰੂ ਹੋਇਆ। ਸੰਧਿਆ ਨੂੰ, ਜੰਗਲ ਦੇ ਜੀਆ ਜੰਤ ਵੀ ਮਨਾਉਂਦੇ ਹਨ। ਬੀਂਡਿਆਂ ਤੇ ਹੋਰ ਜੀਵਾਂ ਨੇ ਇਕ ਅਜਿਹਾ ਮੱਧਮ ਸੁਰ ਅਲਾਪਿਆ ਕਿ ਜੇ ਸਾਡੇ ਆਪਣੇ ਦਿਲ ਉਦਾਸੀ ਤੇ ਖੇਚਲ ਨਾਲ ਚੂਰ ਨਾ ਹੁੰਦੇ ਤਾਂ ਅਸੀਂ ਉਸ ਜੰਗਲ ਨੂੰ ਮੰਗਲ ਆਖਦੇ। ਜਿਉਂ ਤਿਉਂ ਕਰ ਕੇ, ਅਸੀਂ ਡਿੱਗਣ ਤੋਂ ਡਰ ਕੇ, ਟਾਹਣੀਆਂ ਨੂੰ ਕਦੇ ਲੱਤਾਂ ਵਿਚਕਾਰ ਲੈ ਕੇ, ਕਦੇ ਤਨ ਨਾਲ ਮਾੜੀ ਜਿਹੀ ਢੋ ਲਾ ਕੇ, ਬੈਠ ਕੇ ਕੱਟਦੇ ਰਹੇ। ਰਾਤ ਦਾ ਲੰਘਣਾ ਸਾਨੂੰ ਪਹਾੜ ਜਾਪਦਾ ਸੀ ਪਰ ਹੋਰ ਹੋ ਵੀ ਕੀ ਸਕਦਾ ਸੀ ? ਰੱਬ ਯਾਦ ਆਇਆ ਪਰ ਬੜੇ ਔਖੇ ਵੇਲੇ। ਚੁੱਪ ਵੱਟ ਕਾਲੀ ਬੋਲੀ ਰਾਤ ਦੇ ਹਵਾਲੇ ਹੋ ਗਏ। ਉਹ ਰਾਤ ਜਦ ਭੀ ਯਾਦ ਆਉਂਦੀ ਹੈ ਤਾਂ ਆਖਦਾ ਹਾਂ ਰੱਬਾ ਅਜੇਹੀ ਮੁਸ਼ਕਲ ਵਿਚ ਕਿਸੇ ਨੂੰ ਨਾ ਪਾਈਂ। ਜੰਗਲ ਦਾ ਰਾਗ ਬੰਦ ਹੋਇਆ ਤਾਂ ਗਿੱਦੜਾਂ ਨੇ ਚੀਕ ਚਿੰਘਾੜ ਅਰੰਭ ਦਿੱਤਾ ਪਰ ਵੱਡੀ ਰਾਤ ਜਾ ਕੇ ਜੰਗਲ ਭੀ ਨੀਂਦ ਦੀ ਲਪੇਟ ਵਿਚ ਆ ਗਿਆ ਤੇ ਸਾਰੇ ਸੁੰਨਸਾਨ ਹੋ ਗਿਆ।

ਜਦ ਅੱਧੀ ਕੁ ਰਾਤ ਹੋਈ ਹਵਾ ਦਾ ਬੁੱਲ੍ਹਾ ਆਇਆ ਤੇ ਲੱਗਾ ਦਰਖ਼ਤ ਭੀ ਝੂਮਣ। ਸਾਨੂੰ ਭੁੱਲ ਗਿਆ ਸੀ ਕਿ ਬਿਰਛ ਹਿੱਲਿਆ ਭੀ ਕਰਦੇ ਹਨ। ਹਵਾ ਦੇ ਨਾਲ ਹੀ ਬੱਦਲ ਦੀ ਗੜ ਗੜ ਭੀ ਸ਼ੁਰੂ ਹੋਈ। ਹਵਾ ਨਾਲ ਬਿਰਛ ਝੂਮੇ ਤੇ ਅਸੀਂ ਸੰਭਲੀਏ। ਬਿਜਲੀ ਕੜਕਣ ਲੱਗ ਪਈ ਤੇ ਬੱਦਲ ਚੜ੍ਹ ਆਇਆ। ਬਿਜਲੀ ਦੀ

Digitized by Panjab Digital Library | www.panjabdigilib.org

ਚਮਕ ਨਾਲ ਸਾਰਾ ਜੰਗਲ ਚਾਨਣਾ ਹੋ ਜਾਂਦਾ ਸੀ। ਸਿਆਲ ਦਾ ਬੱਦਲ ਏਨ੍ਹਾਂ ਦੇਸ਼ਾਂ ਵਿਚ ਖ਼ਬਰੇ ਕੇਹੋ ਜਹਾ ਹੋਵੇ ? ਇਕ ਅੱਗੇ ਠੰਢ ਨਾਲ ਮਰੇ ਜਾਂਦੇ ਸਾਂ ਉੱਪਰੋਂ ਮੀਂਹ ਆ ਗਿਆ। ਅਸੀਂ ਆਪਣੇ ਬੇਆਸਰਾਪਣ ਤੇ ਉੱਲੂ-ਪਣੇ ਤੇ ਕਿ ਜੰਗਲ ਨੂੰ ਅਸਾਂ ਕੀ ਸਮਝਿਆ ਕਿ ਇਕ ਸੀਖਾਂ ਦੀ ਡੱਬੀ ਭੀ ਨਾਲ ਲੈ ਕੇ ਨਾ ਤੁਰੇ, ਡਾਢੇ ਸ਼ਰਮਿੰਦੇ ਭੀ ਤੇ ਗੁੱਸੇ ਭੀ ਹੋ ਰਹੇ ਸਾਂ। ਏਨੇ ਨੂੰ ਬੱਦਲ ਆਇਆ ਤੇ ਮੋਹਲੇ ਧਾਰ ਵਰ੍ਹਨ ਲੱਗ ਪਿਆ, ਨਾਲੇ ਕੜਕੇ ਨਾਲੇ ਬਰਸੇ; ਸਿਰ ਨੀਵੇਂ ਕਰ ਕੇ ਤੇ ਮੂੰਹ ਮੀਚ ਕੇ ਅਸੀਂ ਮਿਰਕਣੀਏ ਸਾਹਿਬਾਂ ਨੇ ਸਭ ਕੁਛ ਝੱਲ ਲਿਆ। ਏਨਾਂ ਸ਼ੁਕਰ ਕਿ ਮੀਂਹ ਕੁੱਲ ਪੰਜ ਮਿੰਟ ਹੀ ਪਿਆ ਪਰ ਪਾਣੀ ਦਾ ਵਗਣਾ ਤੇ ਦਰਖ਼ਤਾਂ ਤੋਂ ਚੋਣਾ ਘੰਟਾ ਭਰ ਸੁਣਦਾ ਰਿਹਾ। ਹਵਾ ਭੀ ਬੰਦ ਹੋ ਗਈ, ਸਰਦੀ ਦੀ ਰੁੱਤ ਸੀ ਨਹੀਂ ਤਾਂ ਸ਼ਾਇਦ ਉਸ ਰਾਤ ਸਾਨੂੰ ਓਥੇ ਮੱਛਰ ਹੀ ਖਾ ਜਾਂਦਾ। ਸ਼ੁਕਰ ਕੀਤਾ ਕਿ ਅਸਮਾਨ ਫੇਰ ਸਾਫ਼ ਹੋ ਗਿਆ। ਹਾਲਾਂ ਟਿਕ ਟਿਕਾ ਹੋਣ ਲੱਗਾ ਸੀ ਕਿ ਦਰਖ਼ਤ ਵੱਲ ਨੂੰ ਪੱਤਿਆਂ ਵਿਚੋਂ ਇਕ ਮੋਟੀ ਜੇਹੀ ਲਕੀਰ ਹੌਲੀ ਹੌਲੀ ਆਉਂਦੀ ਦਿੱਸੀ। ਹਨੇਰ ਵਿਚ ਟਟਿਆਣਾ ਤਾਂ ਭਲਾ ਸਾਫ਼ ਚਮਕਦਾ ਹੈ, ਏਹ ਮੱਧਮ ਜੇਹੀ ਲੰਮੀ ਲਕੀਰ ਜੇਹੀ, ਅੱਧੀ ਘਾਹ ਵਿਚ ਤੇ ਅੱਧੀ ਬਾਹਰ; ਸਾਡੇ ਸਾਹ ਖ਼ੁਸ਼ਕ ਹੋ ਗਏ ਕਿ ਇਹ ਨਵੀਂ ਬਲਾ ਕੀ ਹੈ ? ਤੁਰਦੀ ਜਾਪਦੀ ਨਹੀਂ ਸੀ ਪਰ ਬਿਰਛ ਦੀਆਂ ਜੜ੍ਹਾਂ ਵੱਲ ਨੂੰ ਵਧ ਰਹੀ ਸੀ। ਪਹਿਲਾਂ ਅਸਾਂ ਸਮਝਿਆ ਕਿ ਕੀੜਿਆਂ ਦਾ ਭੌਣ ਉਠ ਤੁਰਿਆ ਹੈ ਪਰ ਛੇਤੀ ਹੀ ਸਮਝ ਆ ਗਈ ਕਿ ਇਹ ਤਾਂ ਵੱਡਾ ਮੋਟਾ ਸੱਪ ਹੈ। ਉੱਪਰੋਂ ਬੈਠਿਆਂ ਨੂੰ ਏਸ ਚਮਕ ਦੀ ਚੌੜਾਈ ਗਿੱਠ ਦੇ ਕਰੀਬ ਜਾਪਦੀ ਸੀ ਤੇ ਜਿੱਥੇ ਵਲ ਪੈ ਜਾਂਦਾ ਸੀ ਉੱਥੇ ਚਮਕਦਾਰ ਤਵਾ ਜੇਹਾ ਬਣ ਜਾਂਦਾ ਸੀ। ਚਮਕ ਪਤਾ ਨਹੀਂ ਕਿ ਉਸ ਦੇ ਸਰੀਰ ਦੀ ਆਪਣੀ ਸੀ ਯਾ ਅਸਮਾਨੀ ਚਾਨਣ ਦਾ ਪਰਤਾਉ ਸੀ। ਸਾਡੀ ਜਾਨ ਨੂੰ ਬਣ ਗਈ ਕਿ ਹੁਣ ਕੀ ਕਰਾਂਗੇ, ਇਸ ਦਾ

Digitized by Panjab Digital Library | www.panjabdigilib.org

ਮੁਕਾਬਲਾ ਕਿਵੇਂ ਕਰਾਂਗੇ ? ਇਕ ਗੱਲ ਸਾਡੀ ਤਸਕੀਨ[7] ਵਾਲੀ ਸੀ ਕਿ ਏਹ ਸੁਰਾਲ[8] ਹਿੱਲਦੀ ਬਹੁਤ ਹੌਲੀ ਸੀ । ਖ਼ਬਰੇ ਦਰਖ਼ਤ ਉਤੇ ਨਾ ਹੀ ਚੜ੍ਹੇ, ਸਿੱਧੀ ਲੰਘ ਜਾਵੇ !

ਜੜ੍ਹਾਂ ਵਿਚ ਚਾਨਣ ਦਾ ਢੇਰ ਜੇਹਾ ਲੱਗ ਗਿਆ ਤੇ ਸਾਨੂੰ ਪਤਾ ਲੱਗ ਗਿਆ ਕਿ ਇਹ ਉੱਪਰ ਜ਼ਰੂਰ ਚੜ੍ਹੇਗਾ । ਸ਼ਰਮਾ ਆਖਣ ਲੱਗਾ ਕਿ ਇਸ ਨੂੰ ਸਾਡੇ ਸਰੀਰਾਂ ਦਾ ਮੁਸ਼ਕ ਮੀਂਹ ਦੇ ਉਸ ਪਾਣੀ ਦੇ ਵਗਣ ਨਾਲ ਆਇਆ ਹੈ ਜੋ ਸਾਡੇ ਉੱਤੋਂ ਵਗ ਕੇ ਹੇਠ ਗਿਆ ਹੈ । ਸਾਡਾ ਇਕੋ ਮੰਗਵਾਂ ਸੋਟਾ ਹੇਠਾਂ ਹੀ ਰਹਿ ਗਿਆ ਸੀ । ਅਸੀਂ ਆਪਣੇ ਬਚਾ ਦੀ ਸੋਚ ਰਹੇ ਸਾਂ । ਐਡਾ ਮੋਟਾ ਸੱਪ ਫੁਰਤੀਲਾ ਤਾਂ ਹੋ ਨਹੀਂ ਸਕਦਾ ਕਿ ਝਟ ਪਟ ਬਿਰਛ ਉਤੇ ਚੜ੍ਹ ਆਵੇ ਤੇ ਸਾਨੂੰ ਖਾ ਜਾਵੇ, ਸੋ ਅਸਾਂ ਇਹੋ ਸੋਚਿਆ ਕਿ ਜੇ ਨੇੜੇ ਢੁੱਕਦਾ ਦਿੱਸਿਆ ਤਾਂ ਛਾਲਾਂ ਮਾਰ ਦਿਆਂਗੇ । ਇਸ ਮਤਲਬ ਲਈ ਸਾਡਾ ਹੇਠਲੇ ਟਾਹਣਾਂ ਕੋਲ ਹੋ ਕੇ ਧਰਤੀ ਦੇ ਨੇੜੇ ਹੋਣਾ ਜ਼ਰੂਰੀ ਸੀ । ਮੈਂ ਐਧਰ ਓਧਰ ਹੌਲੀਆਂ ਟਾਹਣੀਆਂ ਟੋਹਣ ਲੱਗਾ ਕਿ ਹੋ ਸਕੇ ਤਾਂ ਦੋ ਸੋਟੀਆਂ ਹੀ ਤੋੜ ਭੰਨ ਲਈਏ । ਮੋਟੀ ਸੋਟੀ ਟੁੱਟਦੀ ਨਹੀਂ ਸੀ ਤੇ ਪਤਲੀ ਕਿਸੇ ਕੰਮ ਨਹੀਂ ਸੀ । ਫੇਰ ਭੀ ਇਕ ਚੰਗੀ ਟਾਹਣੀ ਤੋੜ ਲਈ ਤੇ ਤਿਆਰ ਹੋ ਬੈਠੇ । ਸੱਪ ਹੁਣ ਬਿਰਛ ਦੇ ਦੁਆਲੇ ਵਲ ਪਾਉਣ ਲੱਗ ਪਿਆ ਤੇ ਸਾਨੂੰ ਨਿਸਚਾ ਹੋ ਗਿਆ ਕਿ ਸਾਡੇ ਵੱਲ ਆਵੇਗਾ । ਘੜੀਆਂ ਸਾਡੇ ਕੋਲ ਹੈ ਸਨ ਪਰ ਹਨੇਰੇ ਵਿਚ ਦਿੱਸਦਾ ਕੁਝ ਨਹੀਂ ਸੀ । ਬਿਜਲੀ ਨਾਲ ਵੇਖਿਆ ਸੀ ਤਾਂ ਓਦੋਂ ਡੇਢ ਬਜਿਆ ਸੀ । ਅਸਾਂ ਅਨੁਮਾਨ ਲਾਇਆ ਕਿ ਹੁਣ ਵੱਡਾ ਤੜਕਾ ਹੋਣਾ ਹੈ ਤੇ ਵਕਤ ਤਿੰਨ ਅਤੇ ਚਾਰ ਦੇ ਵਿਚਕਾਰ ਹੋਵੇਗਾ । ਮੁਸੀਬਤ ਵਿਚ ਘੜੀਆਂ ਭੀ ਖ਼ਬਰੇ ਹੌਲੀ ਹੋ ਜਾਂਦੀਆਂ ਹਨ । ਸਾਡਾ ਅੰਦਾਜ਼ਾ ਸੀ ਕਿ ਸੱਪ ਜੇ ਬਹੁਤ ਛੇਤੀ ਚੜ੍ਹਿਆ ਤਦ ਵੀ ਘੰਟਾ ਡੇਢ ਘੰਟਾ ਤਾਂ ਲਾ ਹੀ ਦੇਵੇਗਾ । ਅਸੀਂ ਉਸ ਦੇ ਭੂਤਾਂ ਵਾਂਗ ਚਮਕ ਰਹੇ ਧੜ ਵੱਲ ਨੀਝ ਲਾਈ

Digitized by Panjab Digital Library | www.panjabdigilib.org

ਬੈਠੇ ਸਾਂ, ਗਹੁ ਨਾਲ ਵੇਖਿਆਂ ਸਾਨੂੰ ਉਸ ਦੀਆਂ ਅੱਖਾਂ ਭੀ ਚਮਕ ਨਾਲ ਦਿੱਸਣ ਲੱਗ ਪਈਆਂ। ਇੰਞ ਸੀ ਜਿਵੇਂ ਅੱਧ ਸੁੱਤਾ ਜੇਹਾ ਕਦੇ ਸਲਾਹਾਂ ਕਰਦਾ ਹੈ ਤੇ ਕਦੇ ਫੇਰ ਰੁਕ ਜਾਂਦਾ ਹੈ। ਬਾਹਲਾ ਹਿਲਦਾ ਜੁਲਦਾ ਮਲੂਮ ਨਹੀਂ ਸੀ ਹੁੰਦਾ ਪਰ ਇਹ ਗੱਲ ਪੱਕੀ ਸੀ ਕਿ ਹੌਲੀ ਹੌਲੀ ਉਪਰ ਨੂੰ ਜ਼ਰੂਰ ਆ ਰਿਹਾ ਸੀ। ਮੈਂ ਕੋਸ਼ਿਸ਼ ਕੀਤੀ ਟਾਹਣੀਆਂ ਦੇ ਡੱਕੇ ਆਦਿ ਉਸ ਵੱਲ ਸੁੱਟਣ ਦੀ ਪਰ ਉਹ ਤਾਂ ਖਿਸਕਦਾ ਹੀ ਨਹੀਂ ਸੀ। ਅਸੀਂ ਜ਼ਮੀਨ ਤੋਂ ਬਾਰਾਂ ਕੁ ਫ਼ੁਟ ਉੱਚੇ ਬੈਠੇ ਸਾਂ ਤੇ ਇਹ ਤੀਜਾ ਕੁ ਹਿੱਸਾ ਚੜ੍ਹ ਆਇਆ ਸੀ। ਪਹੁ ਪਾਟਣ ਲੱਗੀ ਸੀ ਜਦ ਇਹ ਅੱਧ ਟੱਪ ਆਇਆ ਤੇ ਅਸੀਂ ਛਾਲਾਂ ਮਾਰਨ ਨੂੰ ਤਿਆਰ ਹੋਣ ਲੱਗੇ। ਸ਼ਰਮਾ ਆਖਣ ਲੱਗਾ ਕਾਹਲੀ ਨਾ ਕਰੀਂ। ਪਹਿਲਾਂ ਤੂੰ ਛਾਲ ਮਾਰੀਂ ਤੇ ਫੇਰ ਮੈਂ ਇਕ ਅੱਧਾ ਮਿੰਟ ਠਹਿਰ ਕੇ ਮਾਰਾਂਗਾ। ਦਰਖ਼ਤ ਦੇ ਟਾਹਣੇ ਜੇ ਬੋਹੜ ਵਾਂਗ ਬਾਹਰ ਨੂੰ ਫੈਲੇ ਹੁੰਦੇ ਤਾਂ ਸਾਡੇ ਲਈ ਆਸਾਨ ਹੋ ਜਾਣਾ ਸੀ; ਹੁਣ ਤਾਂ ਸਾਨੂੰ ਏਹੋ ਸੀ ਕਿ ਜਦ ਇਸ ਅਯਦਹੇ[9] ਦਾ ਮੂੰਹ ਸਾਤੋਂ ਤਿੰਨ ਚਾਰ ਫ਼ੁਟ ਰਹਿ ਜਾਵੇ ਉਦੋਂ ਦਰਖ਼ਤ ਦੇ ਟਾਹਣੇ ਨੂੰ ਧੱਕ ਕੇ ਜੜ੍ਹਾਂ ਤੋਂ ਬਾਹਰ ਨੂੰ ਛਾਲਾਂ ਮਾਰੀਏ। ਸਾਨੂੰ ਹੁਣ ਕੁਛ ਹੌਸਲਾ ਜੇਹਾ ਹੋ ਗਿਆ ਕਿ ਚਾਨਣ ਹੋਣ ਵਾਲਾ ਹੈ। ਅੱਧਾ ਘੰਟਾ ਹੋਰ ਏਸੇ ਤਰ੍ਹਾਂ ਬੀਤ ਗਿਆ ਤੇ ਚਾਨਣ ਦੀ ਥਾਂ ਸਗੋਂ ਹਨੇਰਾ ਬਹੁਤਾ ਹੋ ਗਿਆ ਤੇ ਅਸੀਂ ਡਰ ਗਏ ਕਿ ਸਾਨੂੰ ਅਚਾਨਚੱਕ ਨਾ ਇਹ ਆ ਦੱਬੇ। ਮੈਂ ਛਾਲ ਮਾਰੀ ਤੇ ਮਗਰੇ ਸ਼ਰਮਾ ਨੇ ਤੇ ਅਸੀਂ ਸਾਬਤ ਹੀ ਹੇਠ ਆ ਗਏ; ਕੁਛ ਘਾਹ ਕਰ ਕੇ ਤੇ ਕੁਛ ਮੀਂਹ ਨਾਲ ਨਰਮੀ ਹੋਣ ਕਰ ਕੇ ਸਾਨੂੰ ਛਾਲਾਂ ਨਾਲ ਸੱਟਾਂ ਨਹੀਂ ਵੱਜੀਆਂ। ਅਸੀਂ ਹੁਣ ਹੇਠ ਸਾਂ ਤੇ ਸੱਪ ਉੱਤੇ। ਮਲੂਮ ਹੁੰਦਾ ਹੈ ਕਿ ਸੱਪ ਨੂੰ ਐਨੀ ਬੇਸੁਰਤੀ ਨਹੀਂ ਸੀ, ਸਾਡੇ ਹੇਠ ਆਉਣ ਨਾਲ ਉਹ ਰੁਕ ਗਿਆ ਪਰ ਕੁੱਝ ਚਿਰ ਰੁਕ ਕੇ ਫਿਰ ਉੱਪਰ ਨੂੰ ਹੀ ਚੜ੍ਹਨ ਲੱਗ ਪਿਆ। ਸਾਨੂੰ ਹੁਣ ਸਾਫ਼ ਦਿੱਸਣ ਲੱਗ ਪਿਆ ਸੀ,

Digitized by Panjab Digital Library | www.panjabdigilib.org

ਕਿ ਸੱਪ ਦਸ ਕੁ ਗਜ਼ ਲੰਮਾ ਤੇ ਪਤਲੇ ਪੱਟ ਵਰਗਾ ਮੋਟਾ ਸੀ, ਜੀਭ ਗਿੱਠ ਗਿੱਠ ਬਾਹਰ ਪੈਂਦੀ ਸੀ । ਸ਼ਰਮਾ ਆਖੇ, ਛੱਡ ਏਸ ਬਲਾ ਨੂੰ, ਚੱਲੀਏ ਰਾਹ ਲੱਭੀਏ ਪਰ ਮੈਂ ਆਖਾਂ ਤੇਰੇ ਨਿਸ਼ਾਨ ਤਾਂ ਬਿਰਛ ਉੱਤੇ ਹਨ । ਅਸੀਂ ਦੂਰ ਹੋ ਕੇ ਵਖਣ ਲੱਗ ਪਏ । ਸਾਡੇ ਲਈ ਇਹ ਅਚੰਭਾ ਸੀ । ਸੱਪ ਜਦ ਪਹਿਲੇ ਟਾਹਣੇ ਕੋਲ ਅੱਪੜ ਗਿਆ ਬਿਰਛ ਦਾ ਵਲਾ ਛੱਡ ਦਿੱਤਾ ਤੇ ਸਿੱਧਾ ਟਾਹਣੇ ਦੇ ਉੱਪਰ ਨੂੰ ਹੋ ਲਿਆ ; ਟਾਹਣ ਦੇ ਉਦਾਲੇ ਵਲ ਨਹੀਂ ਪਾਇਆ ਸਗੋਂ ਟਾਹਣੇ ਦੇ ਉੱਪਰ ਲੰਮੇ ਦਾ ਪੈ ਗਿਆ ਤੇ ਕੁਛ ਪਾਸਿਆਂ ਵੱਲ ਨੂੰ ਲਮਕਣ ਲੱਗ ਪਿਆ । ਅਸੀਂ ਵੱਡਾ ਘਾਹ ਟੱਪ ਕੇ ਡਰਦੇ ਡਰਦੇ ਲੁਕ ਕੇ ਬਹਿ ਗਏ ਤੇ ਅਸਾਂ ਡਿੱਠਾ ਕਿ ਇਕ ਚੌਪਾਯਾ[10] ਜਾਨਵਰ ਹੌਲੀ ਹੌਲੀ ਆਇਆ । ਖ਼ਬਰੇ ਗਿੱਦੜ ਸੀ ਕਿ ਹੋਰ ਕੁਛ ਪਰ ਸਾਫ਼ ਦਿੱਸਦਾ ਸੀ ਕਿ ਉਹ ਭੀ ਸਾਡੇ ਮੁਸ਼ਕ ਮਗਰ ਹੈ ਤੇ ਦਰਖ਼ਤ ਦੇ ਦੁਆਲੇ ਸੁੰਘਦਾ ਫਿਰਦਾ ਸੀ ਕਿ ਉਪਰੋਂ ਮਣ ਪੱਕੇ ਦਾ ਭਾਰ ਉਸ ਦੀ ਪਿੱਠ ਦੇ ਉੱਤੇ ਡਿੱਗ ਪਿਆ, ਉਹ ਭੱਜਣ ਲੱਗਾ ਤੇ ਉਸ ਨੇ ਸੱਪ ਨੂੰ ਦੋ ਕੁ ਫ਼ੁੱਟ ਹੀ ਘਸੀਟਿਆ ਸੀ ਕਿ ਜੀਭ ਕੱਢ ਕੇ ਬੱਸ ਹੋ ਗਿਆ । ਸੱਪ ਦੀ ਘੁੱਟ ਐਡੀ ਚੜ੍ਹੀ ਕਿ ਉੱਥੋਂ ਹਿੱਲ ਹੀ ਨਹੀਂ ਸੱਕਿਆ । ਸ਼ਰਮੇ ਦਾ ਦਿਲ ਐਡਾ ਭੈ ਭੀਤ ਤੇ ਖ਼ਰਾਬ ਹੋਇਆ ਕਿ ਉਹ ਮੈਨੂੰ ਮੱਲੋ ਮੱਲੀ ਏਸ ਭਿਆਨਕ ਤੇ ਲਹੂ ਜਮਾ ਦੇਣ ਵਾਲੇ ਦ੍ਰਿਸ਼ ਤੋਂ ਖਿੱਚ ਕੇ ਲੈ ਤੁਰਿਆ ।

ਚੜ੍ਹਦੇ ਸੂਰਜ ਤੋਂ ਕੁਛ ਅੰਦਾਜ਼ਾ ਜੇਹਾ ਲਾ ਕੇ ਅਸੀਂ ਵਾਹੋ ਦਾਹ ਤੁਰ ਪਏ । ਸਰੀਰ ਵਿਚ ਸਕਤ[11] ਨਹੀਂ ਸੀ ਪਰ ਜਾਨ ਬੜੀ ਪਿਆਰੀ ਹੁੰਦੀ ਹੈ, ਦੁਪਹਿਰ ਤੋਂ ਉਰੇ ਉਰੇ ਅਸੀਂ ਰੇਲ ਦੀ ਲਾਈਨ ਉਤੇ ਪਹੁੰਚੇ ਤੇ ਪਤਾ ਲੱਗਾ ਕਿ ਚੀਂਗਮਈ ਤੋਂ ਪੰਜ ਮੀਲ ਹੇਠ ਹਾਂ । ਜਦ ਤਸੱਲੀ ਹੋ ਗਈ ਕਿ ਹੁਣ ਘਰ ਪਹੁੰਚ ਜਾਵਾਂਗੇ, ਬਹਿ ਕੇ ਦਮ ਲਿਆ ਤੇ ਕੁਛ ਬੇਫ਼ਿਕਰੀ ਵਿਚ ਤੇ ਕੁਛ ਆਪਣੀ ਬੇ ਸਮਝੀ ਉਤੇ ਝੂਰਦੇ ਹੋਏ ਅਸੀਂ ਚੀਂਗਮਈ ਦੇ ਸਟੇਸ਼ਨ ਅਪੜੇ ਤੇ ਉੱਥੋਂ ਬੰਗਲੇ ਪਹੁੰਚ ਗਏ ।

Digitized by Panjab Digital Library | www.panjabdigilib.org

ਪ੍ਰਿੰ. ਤੇਜਾ ਸਿੰਘ

# ਸਾਊਪੁਣਾ

੧

ਸਾਊ ਉਹ ਹੈ ਜੋ ਸੋਹਣਾ ਵਰਤੇ। ਅੰਗਰੇਜ਼ੀ ਦੇ ਲਫ਼ਜ਼ 'ਜੰਟਲਮੈਨ' ਵਾਂਗੂੰ 'ਸਾਊ' ਦੇ ਅਰਥ ਬਦਲਦੇ ਆਏ ਹਨ। ਪਹਿਲਾਂ ਪਹਿਲ ਇਹ ਲਫ਼ਜ਼ ਸਮਾਜਕ ਜਾਂ ਖ਼ਾਨਦਾਨੀ ਵਡਿਆਈ ਦਾ ਵਾਚਕ[1] ਸੀ। ਸਾਊ ਜਾਂ ਰਾਠ ਉਹ ਲੋਕ ਹੁੰਦੇ ਸਨ, ਜਿਹੜੇ ਰਾਜੇ ਦੇ 'ਸਾਥੀ' ਹੋਣ, ਰਾਜ ਦਰਬਾਰ ਜਾਂ ਜੰਗ ਵਿਚ ਸ਼ਾਮਲ ਹੋ ਕੇ ਉਸ ਦਾ ਸਾਥ ਦੇਣ, ਜਿਹੜੇ ਆਮ ਲੋਕਾਂ ਵਾਂਗ ਮਿਹਨਤ ਮਜ਼ੂਰੀ ਕਰ ਕੇ ਪੇਟ ਪਾਲਣ ਦੀਆਂ ਲੋੜਾਂ ਤੋਂ ਉੱਤੇ ਹੋਣ। "ਨਾਈਆਂ ਦੀ ਜੰਞ, ਸੱਭੇ ਸਾਊ" ਦੇ ਅਖਾਣ ਵਿਚ ਇਸੇ ਵੰਡ ਵੱਲ ਇਸ਼ਾਰਾ ਹੈ। ਸਾਊ ਲੋਕ "ਭੁਈਂ ਨਈਂ ਦੇ ਸਾਈਂ"[2] ਹੁੰਦੇ ਸਨ; ਚੰਗਾ ਖਾਂਦੇ ਤੇ ਸੋਹਣਾ ਹੰਢਾਂਦੇ ਸਨ। ਉਨ੍ਹਾਂ ਦੇ ਜੁੱਸੇ ਮੱਖਣਾਂ ਦੇ ਪਲੇ ਹੋਏ, ਸੋਹਣੇ ਸੁਡੌਲ ਤੇ ਨਕਸ਼ ਤਿੱਖੇ ਹੁੰਦੇ ਸਨ। 'ਜੇਡਾ ਸਿਰ ਤੇਡੀ ਸਿਰ ਪੀੜ' ਦਾ ਅਖਾਣ ਦੱਸਦਾ ਹੈ ਕਿ ਸਿਰ ਸਾਊਆਂ ਦੇ ਵੱਡੇ ਹੁੰਦੇ ਸਨ, ਅਤੇ ਉੱਨੀਆਂ ਹੀ ਵੱਡੀਆਂ ਪੱਗਾਂ। ਉਨ੍ਹਾਂ ਦਾ ਪਹਿਰਾਵਾ ਠੁੱਕ ਅਬਰੋ[3] ਵਾਲਾ ਤੇ ਆਮ ਲੋਕਾਂ ਲਈ ਨਮੂਨੇ ਦਾ ਕੰਮ ਦਿੰਦਾ ਸੀ। ਉਨ੍ਹਾਂ ਦੇ ਬੋਲ ਖ਼ਾਸ ਕਰ ਕੇ ਮਿੱਠੇ, ਕੋਮਲ ਤੇ

Digitized by Panjab Digital Library | www.panjabdigilib.org

ਸਭਿਤਾ ਵਾਲੇ ਹੁੰਦੇ ਸਨ। ਉਨ੍ਹਾਂ ਨੂੰ ਮੌਕੇ ਸਿਰ ਪਹਿਲੀ ਗੱਲ ਆਖਣ ਦੀ ਜਾਚ ਆਉਂਦੀ ਸੀ। ਚਾਲ ਢਾਲ ਵਿਚ ਬਿਨਾਂ ਹੈਂਕੜ ਦੇ ਗੰਭੀਰ, ਅਝੁੱਕ ਹੋਣ ਦੇ ਬਾਵਜੂਦ ਨਿੰਮ੍ਹੀ ਨਿੰਮ੍ਹੀ ਲੱਜਾ ਵਾਲੇ ਤੇ ਹੋਛੇ ਦਿਖਾਵੇ ਤੋਂ ਬਿਨਾਂ ਉਦਾਰ-ਚਿੱਤ ਤੇ ਮਿਤਰਾਨਾ ਸਲੂਕ ਵਾਲੇ ਹੁੰਦੇ ਸਨ। ਆਪਣੀ ਅਣਖ ਉਤੇ ਮਰ ਮਿਟਣਾ, ਬਾਂਹ ਫੜੀ ਦੀ ਲਾਜ ਰੱਖਣੀ, ਬਚਨ ਦਾ ਪੱਕਾ ਹੋਣਾ, ਔਕੜ ਦੇ ਵੇਲੇ ਢੇਰੀ ਨਾ ਢਾਹ ਬਹਿਣਾ, ਬਲਕਿ ਖਿੜੇ ਮੱਥੇ, ਹੌਂਸਲੇ ਨਾਲ ਮੁਸੀਬਤ ਦਾ ਟਾਕਰਾ ਕਰਨਾ—ਇਹ ਉਨ੍ਹਾਂ ਦੇ ਖ਼ਾਸ ਗੁਣ ਹੁੰਦੇ ਸਨ। ਇਨ੍ਹਾਂ ਦੇ ਉਲਟ ਅਸਾਉ ਜਾਂ ਕੰਮੀ ਲੋਕਾਂ ਦਾ ਖ਼ਾਸ ਔਗਣ 'ਕਮੀਨਗੀ' ਹੁੰਦਾ ਸੀ, ਜਿਸ ਵਿਚ ਨੀਚਤਾ, ਕਾਇਰਤਾ, ਹੋਛਾਪਣ, ਤੰਗਦਿਲੀ, ਨਿਲੱਜਤਾ, ਸੰਗਾਊਪੁਣਾ; ਅਵੈੜ[4], ਮੋਟੀ, ਠੁਲ੍ਹੀ ਬੋਲੀ ਤੇ ਹਰ ਤਰ੍ਹਾਂ ਦਾ ਕੋਝ ਸ਼ਾਮਲ ਸੀ।

ਜਿਉਂ ਜਿਉਂ ਸਮਾਜ ਦੀ ਬਣਤਰ ਬਦਲਦੀ ਗਈ ਅਤੇ ਖ਼ਾਸ ਖ਼ਾਸ ਵਿਹਲੀਆਂ ਜਮਾਤਾਂ ਦੀ ਥਾਂ ਆਮ ਲੋਕਾਂ ਦੀ ਕਦਰ ਵਧਦੀ ਗਈ, ਊਚ ਨੀਚ ਦਾ ਭਾਵ ਨਸਲੀ ਜਾਂ ਖ਼ਾਨਦਾਨੀ ਵਿਤਕਰੇ ਉੱਤੇ ਨਿਰਭਰ ਹੋਣ ਦੀ ਥਾਂ ਸ਼ਖ਼ਸੀ[5] ਆਚਰਣ ਉੱਤੇ ਨਿਰਭਰ ਹੋਣ ਲੱਗਾ, ਤਿਉਂ ਤਿਉਂ ਸਾਊਪੁਣਾ ਵੀ ਸ਼ਖ਼ਸੀ ਗੁਣਾਂ ਲਈ ਵਰਤੀਣ ਲੱਗਾ। ਹੁਣ ਇਹ ਗੁਣ ਉੱਚੀਆਂ ਜਾਤੀਆਂ ਵਿਚ ਹੀ ਨਹੀਂ ਵੇਖਿਆ ਜਾਂਦਾ, ਬਲਕਿ ਸਾਧਾਰਨ ਲੋਕਾਂ ਵਿਚ ਵੀ ਮਿਲਦਾ ਹੈ। ਇਸੇ ਦਾ ਨਾਂ ਸ਼ਰਾਫ਼ਤ, ਭਲਮਣਸਊ, ਬੀਬਾ ਪੁਣਾ ਹੈ।

੨

ਇਸ ਗੁਣ ਦੀ ਅੱਜਕਲ ਖ਼ਾਸ ਲੋੜ ਹੈ। ਲੋਕਾਂ ਵਿੱਚੋਂ ਭਾਵੇਂ ਨਸਲੀ ਵਿਤਕਰੇ ਘਟ ਰਹੇ ਹਨ, ਪਰ ਹੋਰ ਕਈ ਤਰ੍ਹਾਂ ਦੇ ਵਖੇਵੇਂ ਦਿਮਾਗ਼ੀ ਤੇ ਸਮਾਜਕ ਉੱਨਤੀ ਅਵੁਨਤੀ ਦੇ ਕਾਰਣ ਵਧ ਰਹੇ ਹਨ। ਪੜ੍ਹਿਆਂ ਹੋਇਆਂ ਦੀ ਅਨਪੜ੍ਹਾਂ ਨਾਲ, ਅਮੀਰਾਂ ਦੀ ਗ਼ਰੀਬਾਂ ਨਾਲ ਅਤੇ ਧਰਮ ਦੇ ਠੇਕੇਦਾਰਾਂ ਦੀ ਆਮ ਖੁੱਲ੍ਹ-ਖ਼ਿਆ-

Digitized by Panjab Digital Library / www.panjabdigilib.org

ਲੀਆਂ ਤੇ ਖੁੱਲ੍ਹ-ਵਰਤੀਆਂ ਨਾਲ ਖਹਿ-ਮਖਹਿ ਬਣੀ ਰਹਿਂਦੀ ਹੈ। ਇਸ ਟਾਕਰੇ ਵਿਚ ਹਰ ਵਕਤ ਇਹ ਖ਼ਤਰਾ ਰਹਿੰਦਾ ਹੈ ਕਿ ਇਕ ਧਿਰ ਦੂਜੀ ਧਿਰ ਨਾਲ ਵਰਤਦਿਆਂ ਸਭਿਅਤਾ[6] ਦੇ ਪੈਂਤੜੇ ਤੋਂ ਥਿੜਕ ਨਾ ਜਾਏ।

ਫਿਰ ਜ਼ਿੰਦਗੀ ਦੀ ਦੌੜ ਭੱਜ, ਰੋਜ਼ੀ ਕਮਾਉਣ ਦੀ ਹਫੜਾ-ਦਫੜੀ ਇੰਨੀ ਵਧ ਗਈ ਹੈ ਕਿ ਇਸ ਖੇਡ ਵਿਚ ਸਾਊਪੁਣੇ ਦੇ ਨੇਮ ਪਾਲਣੇ ਔਖੇ ਹੋ ਜਾਂਦੇ ਹਨ। ਹਰ ਇਕ ਆਦਮੀ ਆਪਣਾ ਹੀ ਕੰਮ ਸਾਰਨਾ ਚਾਹੁੰਦਾ ਹੈ ਤੇ ਹੋਰਨਾਂ ਤੋਂ ਅਗਾਹਾਂ ਲੰਘ ਕੇ ਛੇਤੀ ਹੀ ਕਾਮਯਾਬੀ ਦਾ ਮੂੰਹ ਦੇਖਣਾ ਚਾਹੁੰਦਾ ਹੈ। ਇਸ ਉਤਾਵਲ[7] ਵਿਚ ਕਈ ਵੇਰ ਸ਼ਰਾਫ਼ਤ ਦਾ ਪੱਲਾ ਹੱਥੋਂ ਛੁੜਕ ਜਾਂਦਾ ਹੈ।

ਅੱਜ ਕਲ ਲੋਕਾਂ ਵਿਚ ਸੈ੍ਮਾਨ ਦਾ ਇਕ ਗ਼ਲਤ ਖ਼ਿਆਲ ਘਰ ਕਰ ਗਿਆ ਹੈ। ਉਹ ਹੈ ਆਪਣੀ ਪੁਜ਼ੀਸ਼ਨ ਕਾਇਮ ਰੱਖਣ ਦੀ ਹੈਂਕੜ। ਅੱਗੇ ਲੋਕਾਂ ਨੂੰ ਖ਼ਿਆਲ ਹੁੰਦਾ ਸੀ ਕਿ ਹਾਏ ਸਾਡਾ ਨੱਕ ਨਹੀਂ ਰਹਿੰਦਾ। ਹੁਣ ਉਸ ਦੀ ਥਾਂ ਪਦਵੀ ਦੇ ਦਿਖਾਵੇ ਨੇ ਮੱਲ ਲਈ ਹੈ। ਗੱਡੀ ਦੇ ਡੱਬੇ ਵਿਚ ਕੋਲ ਬੈਠਾ ਮੁਸਾਫ਼ਿਰ ਤੇਹ ਨਾਲ ਜਾਂ ਬਿਮਾਰੀ ਨਾਲ ਤੜਫ ਰਿਹਾ ਹੋਵੇ, ਪਰ ਬਾਬੂ ਹੋਰੀਂ ਉਸ ਨਾਲ ਕੂਣਗੇ ਭੀ ਨਹੀਂ, ਕਿਉਂਕਿ ਉਸ ਨਾਲ ਜਾਣ ਪਛਾਣ ਨਹੀਂ ਕਰਾਈ ਗਈ। ਮਿੱਟੀ ਵਿਚ ਰੁਲਦੇ ਫੱਟੜ ਨੂੰ ਮੋਢੇ ਤੇ ਚੁੱਕ ਕੇ ਹਸਪਤਾਲ ਪੁਚਾਣ ਲਈ ਕੋਈ ਮੈਲੇ ਕੱਪੜਿਆਂ ਵਾਲਾ ਮਜ਼ਦੂਰ ਨਿੱਤਰ ਪਵੇ ਤਾਂ ਨਿੱਤਰ ਪਵੇ, ਪਰ ਇਹ ਕੰਮ ਬੂਟ ਸੂਟ ਪਹਿਨੇ ਹੋਏ ਜੰਟਲਮੈਨ ਕੋਲੋਂ ਨਹੀਂ ਹੋਣਾ, ਕਿਉਂਕਿ ਇਉਂ ਕਰਨ ਨਾਲ ਉਸ ਦੀ ਪੈਂਟ ਦੀ ਭਾਨ ਵਿੰਗੀ ਹੋ ਜਾਂਦੀ ਹੈ, ਜਾਂ ਕੋਟ ਦੀ ਤਹਿ ਭੱਜ ਜਾਂਦੀ ਹੈ। ਲੋਕੀ ਵਡਿਆਈ ਇਸੇ ਵਿਚ ਸਮਝਦੇ ਹਨ ਕਿ ਮੂੰਹ ਵੱਟ ਕੇ ਮੱਥੇ ਤੇ ਤਿਊੜੀ ਪਾਈ ਰੱਖਣਾ, ਨਾ ਕਿਸੇ ਨਾਲ ਖੁੱਲ੍ਹ ਕੇ ਬੋਲਣਾ ਨਾ ਹੱਸਣਾ। ਅੱਜਕਲ ਅਫ਼ਸਰੀ ਦਾ ਅਹੁਦਾ ਇਕ ਉੱਚੀ ਪਹਾੜ ਦੀ ਟੀਸੀ ਹੈ, ਜਿਸ ਉੱਤੇ ਨਿਰੀ

Digitized by Panjab Digital Library | www.panjabdigilib.org

ਠੰਢ, ਸੁੰਞ ਤੇ ਇਕੱਲ ਵਰਤੀ ਰਹਿੰਦੀ ਹੈ । ਐਹੋ ਜਿਹੇ ਬਦਨਸੀਬ ਅਫ਼ਸਰ ਨੂੰ ਆਪਣੇ ਨਾਲ ਜਾਂ ਹੇਠਾਂ ਕੰਮ ਕਰਨ ਵਾਲਿਆਂ ਨਾਲ ਕੋਈ ਭਰਾਵੱਲੀ[8] ਦੀ ਸਾਂਝ ਨਹੀਂ ਹੁੰਦੀ । ਉਸ ਨੂੰ ਜੀਅ ਕਰਦਾ ਭੀ ਹੋਵੇ ਤਾਂ ਭੀ ਹੀਆ ਨਹੀਂ ਪੈਂਦਾ ਕਿ ਆਪਣੀ ਪਦਵੀ ਦੇ ਮਾਣ ਤੋਂ ਹੇਠਾਂ ਲਹਿ ਕੇ ਕਿਸੇ ਨੂੰ ਸਾਥੀ ਸਮਝ ਕੇ ਗਲਵੱਕੜੀ ਪਾ ਲਵੇ ਜਾਂ ਹਾਸੇ ਨੂੰ ਹੀ ਆਪਣੇ ਹੋਠਾਂ ਤੋਂ ਬਾਹਰ ਨਿਕਲਣ ਦੇਵੇ ।

ਇਹ ਫੋਕਾ ਰੋਅਬ ਦਾਬ ਹੈ, ਸ੍ਵੈਮਾਨ ਨਹੀਂ । ਅਸਲ ਸ੍ਵੈਮਾਨ ਬਾਹਰ ਦਿਖਾਵੇ ਵਿਚ ਨਹੀਂ ਆਉਂਦਾ । ਇਹ ਦਿੱਸੇ ਭੀ ਤਾਂ ਲੋਕਾਚਾਰ[9] ਦੀ ਗ਼ੁਲਾਮੀ ਤੋਂ ਸੁਤੰਤਰਤਾ, ਸਚਾਈ ਦੇ ਅਟੱਲ ਪਿਆਰ ਤੇ ਆਚਰਣ ਦੀ ਸਫ਼ਾਈ ਤੇ ਦ੍ਰਿੜ੍ਹਤਾ[10] ਵਿੱਚ ਦਿਸਦਾ ਹੈ । ਇਸੇ ਸ੍ਵੈਮਾਨ ਦੇ ਕਾਰਣ ਗ਼ਰੀਬ ਆਦਮੀ ਆਪਣੇ ਕੱਚੇ ਕੋਠੇ ਨੂੰ ਲਿੰਬ ਪੋਚ ਕੇ ਰੱਖਦਾ, ਲੋਕਾਂ ਦੇ ਸਾਮ੍ਹਣੇ ਸੁਅੱਛ ਕਪੜੇ ਪਾ ਕੇ ਆਉਂਦਾ ਅਤੇ ਬਿਗਾਨਿਆਂ ਅੱਗੇ ਆਪਣੇ ਦੁਖੜੇ ਫੋਲਣ ਤੋਂ ਸੰਗਦਾ ਹੈ । ਐਸੇ ਸ੍ਵੈਮਾਨ ਵਾਲਾ ਆਦਮੀ ਹੰਗਤਾ,[11] ਚਾਪਲੂਸੀ[12] ਤੇ ਹੋਛੀ ਟਿਚਕਰ ਤੋਂ ਪਰੇ ਨੱਸਦਾ ਹੈ, ਆਪਣੇ ਗੁੱਸੇ ਨੂੰ ਕਾਬੂ ਵਿਚ ਰੱਖ ਕੇ ਲੋਕਾਂ ਸਾਹਮਣੇ ਝਗੜਨ ਜਾਂ ਛਿੱਥਾ ਪੈਣ ਤੋਂ ਝਕੱਦਾ ਹੈ, ਅਤੇ ਜੇ ਕਿਧਰੇ ਕਿਸੇ ਨਾਲ ਕਰੜਾ ਇਨਸਾਫ਼ ਵਰਤਣਾ ਪਏ, ਤਾਂ ਆਪਣੇ ਫ਼ੈਸਲੇ ਨੂੰ ਹੈਂਕੜ ਤੋਂ ਸਾਫ਼ ਕਰ ਕੇ ਸੋਹਣੇ, ਕੋਮਲ ਤੇ ਤਰਸਵਾਨ ਲਹਿਜੇ ਵਿਚ ਜ਼ਾਹਰ ਕਰਦਾ ਹੈ ।

ਸਾਊਪੁਣੇ ਦੀ ਵਰਤੋਂ ਵਿਚ ਇਕ ਹੋਰ ਔਕੜ ਇਸ ਜ਼ਮਾਨੇ ਦੀ ਆਪਣੀ ਪੈਦਾ ਕੀਤੀ ਹੋਈ ਹੈ । ਉਹ ਹੈ ਮਨੁੱਖਾਂ ਦੀ ਪਰਸਪਰ ਸਮਾਨਤਾ ਦਾ ਖ਼ਿਆਲ । ਇਸ ਨਵੇਂ ਖ਼ਿਆਲ ਨੇ ਜਿੱਥੇ ਪੁਰਾਣੀਆਂ ਗ਼ੁਲਾਮੀਆਂ ਦੂਰ ਕਰਨ ਵਿਚ ਸਹਾਇਤਾ ਕੀਤੀ ਹੈ, ਉੱਥੇ ਕਈ ਤਰ੍ਹਾਂ ਦੀ ਸ਼ੋਖ਼ੀ ਤੇ ਗੁਸਤਾਖ਼ੀ ਵਧਾ ਦਿੱਤੀ ਹੈ, ਜਿਸ ਨਾਲ ਸਾਊਪੁਣਾ ਕਾਇਮ ਨਹੀਂ ਰਹਿੰਦਾ । ਮਸਲਨ, ਕਈਆਂ ਲੋਕਾਂ

Digitized by Panjab Digital Library | www.panjabdigilib.org

ਨੂੰ ਖ਼ਿਆਲ ਹੋ ਰਿਹਾ ਹੈ ਕਿ ਪੂਰੀ ਪੂਰੀ ਸਮਾਨਤਾ ਤਦੇ ਹੋ ਸਕਦੀ ਹੈ ਜੇ ਉਮਰ, ਅਕਲ ਤੇ ਪਦਵੀ ਦੀ ਵਡਿਆਈ ਦਾ ਲਿਹਾਜ਼ ਛੱਡ ਕੇ, ਸਭ ਨੂੰ ਇੱਕੋ ਜਿਹਾ ਠੁੱਠ ਦਿਖਾਇਆ ਜਾਵੇ । ਹੋ ਸਕਦਾ ਹੈ ਕਿ ਸਾਡੇ ਮਾਪੇ ਪੜ੍ਹਾਈ ਵਿਚ ਸਾਥੋਂ ਘਟੀਆ ਹੋਣ, ਪਰ ਇਸ ਕਾਰਣ ਉਨ੍ਹਾਂ ਦੀ ਸਮਝ ਤੇ ਤਜਰਬੇ ਨੂੰ ਹੇਚ[13] ਸਮਝਣਾ ਉਨ੍ਹਾਂ ਦੀ ਨਿਰਾਦਰੀ ਕਰਨਾ ਹੈ । ਸ਼ਰਾਫ਼ਤ ਇਸ ਵਿਚ ਹੈ ਕਿ ਉਨ੍ਹਾਂ ਦੀ ਪਦਵੀ ਦਾ ਅਦਬ ਕਰਦੇ ਹੋਏ ਉਨ੍ਹਾਂ ਦੀਆਂ ਦਲੀਲਾਂ ਨੂੰ ਧੀਰਜ ਨਾਲ ਸੁਣੀਏ ਤੇ ਜੇ ਗ਼ਲਤ ਭੀ ਹੋਣ ਤਾਂ ਭੀ ਪਿਆਰ ਵਾਲੇ ਹਾਸੇ ਨਾਲ ਟਾਲ ਦੇਈਏ ਅਤੇ ਆਪਣੀ ਜਿੱਤ ਦਾ ਦਿਖਾਵਾ ਨਾ ਕਰੀਏ । ਉਸਤਾਦਾਂ ਤੇ ਸ਼ਗਿਰਦਾਂ ਦਾ ਸੰਬੰਧ ਵੀ ਇਕ ਪਿਆਰ ਤੇ ਆਦਰ ਵਾਲਾ ਸੰਬੰਧ ਹੈ । ਸਮਾਨਤਾ ਦੇ ਖ਼ਿਆਲ ਨਾਲ ਕਈ ਵਾਰੀ ਵਿਦਿਆਰਥੀਆਂ ਨੂੰ ਇਹ ਤੌਖ਼ਲਾ ਹੋ ਜਾਂਦਾ ਹੈ ਕਿ ਸਕੂਲ ਜਾਂ ਕਾਲਜ ਵੀ ਕਾਰਖ਼ਾਨਿਆਂ ਵਾਕਰ ਹੁੰਦੇ ਹਨ, ਜਿਨ੍ਹਾਂ ਵਿਚ ਮੁੰਡੇ ਮਜ਼ਦੂਰਾਂ ਵਾਕਰ ਕੰਮ ਕਰਦੇ ਹਨ, ਜਾਂ ਇਉਂ ਕਹੋ ਕਿ ਮੁੰਡੇ ਫ਼ੀਸ ਦੀ ਸ਼ਕਲ ਵਿਚ ਮਜ਼ਦੂਰੀ ਦੇਂਦੇ ਹਨ ਤੇ ਅਧਿਆਪਕ ਪੈਸੇ ਲੈ ਕੇ ਪੜ੍ਹਾਈ ਕਰਾਉਂਦੇ ਹਨ । ਜਦ ਭੀ ਅਧਿਆਪਕਾਂ ਜਾਂ ਪ੍ਰਬੰਧਕਾਂ ਨਾਲ ਵਿਦਿਆਰਥੀਆਂ ਦਾ ਵਖੇਵਾਂ ਹੋਇਆ, ਝੱਟ ਹੜਤਾਲ ਦੇ ਰਾਹੋਂ ਉਨ੍ਹਾਂ ਉੱਤੇ ਦਾਬਾ ਪਾ ਕੇ ਆਪਣੀਆਂ ਸ਼ਰਤਾਂ ਮੰਨਵਾ ਲਈਆਂ । ਕਈ ਵਾਰੀ ਵਿਦਿਆਰਥੀ ਵਿਦਿਆਲੇ ਨੂੰ ਕਲੱਬ ਜਾਂ ਸਭਾ ਮੰਨ ਕੇ ਸਾਰੇ ਫ਼ੈਸਲੇ ਆਪਣੀਆਂ ਰਾਵਾਂ ਦੀ ਬਹੁ-ਸੰਮਤੀ ਨਾਲ ਮੰਨਵਾਣਾ ਚਾਹੁੰਦੇ ਹਨ । ਯਾਦ ਰੱਖਣਾ ਚਾਹੀਦਾ ਹੈ ਕਿ ਵਿਦਿਆਲਾ, ਸਭਾ (Association) ਨਹੀਂ, ਆਸ਼੍ਰਮ (Institution) ਹੁੰਦਾ ਹੈ । ਜਿਵੇਂ ਘਰ ਵਿਚ ਮਾਪਿਆਂ ਨੂੰ ਬਾਲ ਬੱਚੇ ਦੀ ਰਾਇ ਦੀ ਕਦਰ ਕਰਨੀ ਚਾਹੀਦੀ ਹੈ, ਬਲਕਿ ਰਾਇ ਬਣਾਣ ਤੇ ਉਸ ਨੂੰ ਮਨਾਣ ਦੀ ਜਾਚ ਸਿਖਾਲਣੀ ਚਾਹੀਦੀ ਹੈ, ਪਰ ਅੰਤਮ ਫ਼ੈਸਲਾ ਮਾਪਿਆਂ ਦੇ ਹੱਥ ਹੋਣਾ ਚਾਹੀਦਾ ਹੈ, ਨਾ ਕਿ ਸਾਰੇ ਟੱਬਰ ਦੀ ਬਹੁ-ਸੰਮਤੀ ਉਤੇ ;

Digitized by Panjab Digital Library | www.panjabdigilib.org

ਇਸੇ ਤਰ੍ਹਾਂ ਵਿਦਿਅਕ ਆਸ਼੍ਰਮਾਂ ਵਿੱਚ ਪ੍ਰਬੰਧਕਾਂ ਦਾ ਫ਼ਰਜ਼ ਹੈ ਕਿ ਉਹ ਵਿਦਿਆਰਥੀਆਂ ਨੂੰ ਸੁਤੰਤਰ ਰਾਇ ਬਣਾਨ ਤੇ ਉਸ ਨੂੰ ਯੋਗਤਾ ਦੇ ਆਸਰੇ ਮੰਨਵਾਣ ਦੀ ਜਾਚ ਸਿਖਾਲਣ, ਪਰ ਵਿਦਿਆਰ-ਥੀਆਂ ਨੂੰ ਆਪਣੀਆਂ ਰਾਵਾਂ ਦੀ ਬਹੁਲਤਾ ਜਾਂ ਆਮਦਨੀ ਦੇ ਘਾਟੇ ਦੇ ਡਰਾਵੇ ਦੇ ਜ਼ੋਰ ਨਾਲ ਆਪਣੀ ਈਨ ਮਨਾਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਭਾ ਤੇ ਆਸ਼੍ਰਮ ਵਿਚ ਫ਼ਰਕ ਇਹੋ ਹੁੰਦਾ ਹੈ ਕਿ ਸਭਾ ਵਿਚ ਸਾਰੇ ਮਿੰਬਰ ਆਪੋ ਆਪਣੀ ਸੁਤੰਤਰ ਰਾਇ ਰੱਖਦੇ ਹਨ ਤੇ ਉਨ੍ਹਾਂ ਦੇ ਅਧਿਕਾਰ ਬਰਾਬਰ ਹੁੰਦੇ ਹਨ, ਪਰ ਆਸ਼੍ਰਮ ਵਿਚ ਸਿਖਾਂਦਰੂ[14] ਇਕੱਠੇ ਹੁੰਦੇ ਹਨ, ਜਿਨ੍ਹਾਂ ਦੀ ਰਾਇ ਅਜੇ ਸੁਤੰਤਰ ਬਣ ਰਹੀ ਹੁੰਦੀ ਹੈ, ਪਰ ਪੂਰੀ ਤਰ੍ਹਾਂ ਬਣੀ ਨਹੀਂ ਹੁੰਦੀ, ਅਤੇ ਪ੍ਰਬੰਧ ਵਿਚ ਤਾਂ ਉਨ੍ਹਾਂ ਦੇ ਅਧਿਕਾਰ ਦੀ ਥਾਂ ਈ ਨਹੀਂ ਨਹੀਂ ਹੁੰਦੀ। ਐਸੀ ਹਾਲਤ ਵਿਚ ਆਪਣੀ ਰਾਇ ਪ੍ਰਬੰਧਕਾਂ ਤਕ ਪੁਚਾਣਾ ਤਾਂ ਫ਼ਰਜ਼ ਹੈ, ਪਰ ਉਸ ਨੂੰ ਨਿਰੀ ਬਹੁਲਤਾ ਦੇ ਆਸਰੇ ਮੰਨਵਾਣਾ ਠੀਕ ਨਹੀਂ। ਨਾਲੇ ਏਥੇ ਰਿਸ਼ਤਾ ਮਾਲਕਾਂ ਤੇ ਮਜ਼ਦੂਰਾਂ ਵਾਲਾ ਨਹੀਂ ਹੁੰਦਾ, ਬਲਕਿ ਘਰ ਦੇ ਬੰਦਿਆਂ ਵਾਲਾ ਹੁੰਦਾ ਹੈ, ਜਿਨ੍ਹਾਂ ਨੇ ਰਲ ਕੇ ਕੁੱਝ ਸਿਖਣਾ ਸਿੱਖਾਣਾ ਹੈ, ਕੁੱਝ ਬਣਨਾ ਬਣਾਣਾ ਹੈ, ਨਾ ਕਿ ਕੁੱਝ ਦੇਣਾ ਜਾਂ ਲੈਣਾ।

੩

ਸਾਊਪੁਣਾ ਕੀ ਹੈ? ਮਨੁੱਖਾਂ ਦੀ ਆਪੋ ਵਿਚ ਦੀ ਸੋਹਣੀ ਵਰਤੋਂ। ਇਹ ਮਨ ਦੀ ਇਕ ਹਾਲਤ ਹੁੰਦੀ ਹੈ ਜੋ ਸਦੀਆਂ ਦੀ ਮਿਹਨਤ ਤੇ ਕਈ ਪੀਹੜੀਆਂ ਦੀ ਰਲਵੀਂ ਤੇ ਲਗਾਤਾਰ ਵਰਤੋਂ ਤੋਂ ਪੈਦਾ ਹੁੰਦੀ ਹੈ। ਇਸ ਵਿਚ ਬਹੁਤਾ ਹਿੱਸਾ ਖ਼ਾਨਦਾਨੀ ਜੀਵਣ-ਜਾਚ ਜਾਂ ਰੀਤੀ ਦਾ ਹੁੰਦਾ ਹੈ। ਫਿਰ ਉਸ ਵਿਚ ਮਨੁੱਖ ਦੀ ਆਪਣੀ ਸਮਾਜਕ ਰਹਿਣੀ ਦੀਆਂ ਸੁੰਦਰਤਾਈਆਂ ਭੀ ਆ ਸ਼ਾਮਲ ਹੁੰਦੀਆਂ ਹਨ।

ਸਾਊ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਕਿਸੇ ਦਾ ਦਿਲ ਨਹੀਂ ਦੁਖਾਣਾ ਚਾਹੁੰਦਾ। ਉਹ 'ਸਭਨਾ ਮਨ ਮਾਣਿਕ,

Digitized by Panjab Digital Library | www.panjabdigilib.org

ਠਾਹਣੁ ਮੂਲ ਮਚਾਂਗਵਾ[15] ਵਾਲੇ ਹੁਕਮ ਉੱਤੇ ਚਲਦਾ ਹੈ । ਗੱਲਾਂ ਕਰਦਿਆਂ ਜੇ ਕਿਤੇ ਰਾਇ ਦਾ ਫ਼ਰਕ ਹੋ ਪਵੇ ਤਾਂ ਉਹ ਆਪਣੀ ਰਾਇ ਦੇ ਕੇ ਦੂਜੇ ਦੀ ਵਿਚਾਰ-ਗੋਚਰੇ ਛੱਡ ਦਿੰਦਾ ਹੈ । ਮੁੜ ਮੁੜ ਆਪਣੀ ਰਾਇ ਨੂੰ ਦੁਹਰਾ ਕੇ ਕਿਸੇ ਨੂੰ ਤੰਗ ਕਰਨ ਤੋਂ ਸੰਕੋਚ ਕਰਦਾ ਹੈ। ਇਕ ਵਾਰੀ ਆਪਣੀ ਵਿਚਾਰ ਪੇਸ਼ ਕਰ ਕੇ ਦੇਖਦਾ ਹੈ ਕਿ ਜੇ ਅਗਲਾ ਆਪਣੀ ਰਾਇ ਨੂੰ ਨਹੀਂ ਬਦਲਦਾ ਤਾਂ ਗੱਲ ਨੂੰ ਘਸੀਟਦਾ ਨਹੀਂ, ਸਗੋਂ ਉੱਥੇ ਹੀ ਛੱਡ ਕੇ ਕਿਸੇ ਹੋਰ ਪਹਿਲੂ ਨੂੰ ਲੈ ਲੈਂਦਾ ਹੈ ਜਾਂ ਗੱਲ ਹੀ ਪਰਤਾ ਜਾਂਦਾ ਹੈ । ਦਲੀਲ ਵਿਚ ਧੌਂਸ ਜਾਂ ਆਪਣੀ ਪਦਵੀ ਦਾ ਦਾਬਾ ਨਹੀਂ ਜਤਾਂਦਾ । ਅਗਲੇ ਨੂੰ ਆਪਣੇ ਨਾਲ ਦਾ ਸਮਝ ਕੇ ਹੌਲੀ ਹੌਲੀ ਠਰ੍ਹੰਮੇ ਨਾਲ ਗੱਲ ਕਰਦਾ ਹੈ। ਉਹ ਉੱਚਾ ਨਹੀਂ ਬੋਲਦਾ, ਪੁੱਛਾਂ ਪੁੱਛ ਪੁੱਛ ਕੇ ਤੰਗ ਨਹੀਂ ਕਰਦਾ, ਬਲਕਿ ਆਪਣੀ ਗੱਲ ਬਿਆਨ ਕਰ ਕੇ ਸਮਝਾਂਦਾ ਹੈ । ਆਪਸ ਵਿਚ ਵਿਚਾਰ ਕਰਦਿਆਂ ਦੂਜੇ ਦੀ ਕਮਜ਼ੋਰੀ ਦਾ ਨਾਜਾਇਜ਼ ਫ਼ਾਇਦਾ ਨਹੀਂ ਉਠਾਂਦਾ, ਸਗੋਂ ਉਸ ਦੀ ਦਲੀਲ ਦੇ ਚੰਗੇ ਹਿੱਸੇ ਨੂੰ ਮੰਨ ਕੇ ਤੇ ਪੂਰੀ ਪੂਰੀ ਕਦਰ ਕਰ ਕੇ ਅਗਾਹਾਂ ਚਲਦਾ ਹੈ । ਉਹ ਵਿਰੋਧੀ ਦੇ ਅੰਦਰ ਵੜ ਕੇ ਉਸ ਦੇ ਖ਼ਿਆਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਮਤਾਂ ਉਸ ਨਾਲ ਬੇਇਨਸਾਫ਼ੀ ਹੋ ਜਾਏ । ਆਪਣੀ ਬਾਬਤ ਬਹੁਤ ਗੱਲਾਂ ਕਰਨ ਵਾਲਾ ਭੀ ਸਾਊ ਨਹੀਂ ਹੁੰਦਾ, ਕਿਉਂਕਿ ਉਸ ਨੂੰ ਆਪਣੇ ਉੱਤੇ ਮਾਣ ਹੁੰਦਾ ਹੈ ਤੇ ਦੂਜਿਆਂ ਨੂੰ ਤੁੱਛ ਸਮਝ ਕੇ ਉਨ੍ਹਾਂ ਦੀ ਗੱਲ ਵਿਚ ਰੁਚੀ ਨਹੀਂ ਦੱਸਦਾ । ਸਾਊ ਆਦਮੀ ਕਿਸੇ ਨੂੰ ਗੱਲ ਕਰਦਿਆਂ ਟੋਕਦਾ ਨਹੀਂ, ਜਦ ਤੱਕ ਉਹ ਗੱਲ ਪੂਰੀ ਨਾ ਕਰ ਲਵੇ, ਆਪਣੀ ਗੱਲ ਨਹੀਂ ਚਲਾਂਦਾ । ਹੋਰਨਾਂ ਨੂੰ ਧੀਰਜ ਨਾਲ ਸੁਣਨ ਦੀ ਵਾਦੀ ਚੰਗਿਆਂ ਦੀ ਨਿਸ਼ਾਨੀ ਹੈ । ਇਸ ਦੀ ਤਹਿ ਵਿਚ ਇਕ ਨਿਮਰਤਾ ਤੇ ਮਿਠਾਸ ਹੈ ਜੋ ਸਾਰੇ ਗੁਣਾਂ ਦਾ ਤੱਤ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :—

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ"[16]।

(ਵਾਰ ਆਸਾ)

ਇਹ ਨਿਮਰਤਾ ਤੇ ਮਿਠਾਸ ਸਾਰੇ ਬਜ਼ੁਰਗਾਂ ਵਿਚ ਦੇਖੀ ਜਾਂਦੀ ਹੈ । ਸਾਹਦੀ[17] ਜੀ ਕਹਿੰਦੇ ਹਨ, "ਸਿਆਣਾ ਆਦਮੀ ਹਲੀਮੀ[18] ਵਰਤਦਾ ਹੈ, ਜਿਵੇਂ ਫਲ ਨਾਲ ਲੱਦੀ ਹੋਈ ਟਹਿਣੀ ਧਰਤੀ ਵਲ ਝੁਕਦੀ ਹੈ ।" ਨਿਊਟਨ, ਜੋ ਇੰਗਲਿਸਤਾਨ ਦਾ ਇਕ ਉੱਘਾ ਸਾਇੰਸਦਾਨ ਹੋਇਆ ਹੈ, ਆਪਣੀ ਅਪਾਰ ਵਿੱਦਿਆ ਦੇ ਬਾਵਜੂਦ ਕਹਿੰਦਾ ਹੈ ਕਿ ਗਿਆਨ ਇਕ ਅਥਾਹ ਸਮੁੰਦਰ ਵਾਂਗਰ ਮੇਰੇ ਸਾਹਮਣੇ ਖਿੱਲਰਿਆ ਪਿਆ ਹੈ, ਤੇ ਮੈਂ ਉਸ ਦੇ ਕੰਢੇ ਇਕ ਇਆਣੇ ਬਾਲ ਵਾਂਗਰ ਘੋਗੇ ਚੁਣ ਰਿਹਾ ਹਾਂ । ਸੁਕਰਾਤ, ਜੋ ਯੂਨਾਨ ਦਾ ਸਭ ਤੋਂ ਸਿਆਣਾ ਫ਼ਲਾਸਫ਼ਰ ਹੋਇਆ ਹੈ, ਕਹਿੰਦਾ ਹੈ ਕਿ ਮੈਨੂੰ ਪੜ੍ਹ ਪੜ੍ਹ ਕੇ ਅੰਤ ਇੱਕੋ ਗੱਲ ਨਿਸਚੇ ਹੋਈ ਹੈ ਕਿ ਮੈਨੂੰ ਕੁੱਝ ਨਹੀਂ ਆਉਂਦਾ ।

ਇਹ ਨਿਮਰਤਾ ਸਭ ਤੋਂ ਵੱਧ ਅਸਰ ਵਾਲੀ ਤਦੇ ਹੁੰਦੀ ਹੈ ਜਦੋਂ "ਹੋਂਦੇ ਤਾਣਿ ਨਿਤਾਣਿਆਂ ਰਹਿਹਿ ਨਿਮਾਣਨੀਆ" ਵਾਲੀ ਹੋਵੇ । ਹਜ਼ਰਤ ਮੁਹੰਮਦ ਨੇ ਸਾਰੀ ਉਮਰ ਵਿਚ ਕਿਸੇ ਨੂੰ "ਸਲਾਮ ਅਲੈਕਮ" ਆਪਣੇ ਤੋਂ ਪਹਿਲਾਂ ਨਹੀਂ ਸੀ ਕਹਿਣ ਦਿੱਤਾ । ਕਈ ਸੱਜਣ ਕੋਸ਼ਿਸ਼ ਕਰਦੇ ਰਹੇ ਕਿ ਸਲਾਮ ਕਰਨ ਵਿਚ ਪਹਿਲ ਕਰਨ, ਪਰ ਨਾ ਹੋ ਸਕੀ। ਇੱਕ ਵੇਰ ਨਬੀ[19] ਆਪਣੇ ਨੌਕਰ ਨਾਲ ਮਦੀਨੇ ਜਾ ਰਹੇ ਸਨ । ਉਨ੍ਹਾਂ ਪਾਸ ਇੱਕੋ ਊਠ ਸੀ, ਜਿਸ ਉੱਤੇ ਵਾਰੋ ਵਾਰੀ ਚੜ੍ਹਦੇ ਸਨ । ਜਦ ਮਦੀਨੇ ਸ਼ਹਿਰ ਵਿੱਚ ਵੜਨ ਲੱਗੇ ਤਾਂ ਵਾਰੀ ਨੌਕਰ ਦੀ ਸੀ । ਨਬੀ ਨੂੰ ਨੌਕਰ ਨੇ ਕਿਹਾ, "ਰਸੂਲ ਕਰੀਮ[20] ! ਤੁਸੀਂ ਚੜ੍ਹੋ । ਲੋਕੀ ਵੇਖਣਗੇ ਤਾਂ ਕੀ ਕਹਿਣਗੇ ?" ਸ਼ਰਾਫ਼ਤ ਦੇ ਪੁਤਲੇ ਨਬੀ ਨੇ ਕਿਹਾ, "ਨਹੀਂ ਤੂੰ ਹੀ ਚੜ੍ਹ । ਮੈਂ ਇਉਂ ਹੀ ਚੰਗਾ ਲਗਦਾ ਹਾਂ ।" ਸ਼ਰਾਫ਼ਤ ਦੀ ਪਰਖ ਹੀ ਇਹ ਹੈ ਕਿ ਕੋਈ ਵੱਡੀ ਪਦਵੀ ਵਾਲਾ, ਆਪਣੇ ਨੌਕਰਾਂ ਚਾਕਰਾਂ ਜਾਂ ਆਪਣੇ ਹੇਠਾਂ ਕੰਮ ਕਰਨ ਵਾਲਿਆਂ ਨਾਲ ਕਿਵੇਂ ਵਰਤਦਾ ਹੈ । ਗੁਰੂ ਨਾਨਕ ਆਪਣੀ ਇਲਾਹੀ ਵਡਿੱਤਣ ਦੇ ਹੁੰਦਿਆਂ ਆਪਣੇ

Digitized by Panjab Digital Library | www.panjabdigilib.org

ਆਪ ਨੂੰ 'ਸਗ[21] ਨਾਨਕ', 'ਨਾਨਕੁ ਨੀਚੁ', 'ਹਮ ਆਦਮੀ ਹਾਂ ਇਕ ਦਮੀ', 'ਹਉ ਢਾਢੀ ਵੇਕਾਰ' ਕਹਿੰਦਾ ਹੈ । ਉਹ ਪੈਗ਼ੰਬਰਾਂ ਤੇ ਅਵਤਾਰਾਂ ਵਿੱਚੋਂ ਨਮੂਨੇ ਦਾ ਸਾਊ ਹੋਇਆ ਹੈ, ਜਿਸ ਨੇ ਅਟੁੱਟ ਵਖੇਵੇਂ ਰਖਦਿਆਂ ਹੋਇਆਂ ਕਦੀ ਕਿਸੇ ਦੇ ਧਰਮ ਉੱਤੇ ਸਮੁੱਚੇ ਤੌਰ ਤੇ ਹਮਲਾ ਨਹੀਂ ਕੀਤਾ । ਪਾਪੀਆਂ ਨੂੰ ਭੀ ਰਾਹੇ ਪਾਣ ਲੱਗਿਆਂ ਉਨ੍ਹਾਂ ਦੇ ਦਿਲ ਨੂੰ ਠੇਸ ਨਹੀਂ ਲੱਗਣ ਦਿੱਤੀ । ਸੱਜਣ ਠੱਗ ਨੂੰ ਸੁਧਾਰਣ ਲਗਿਆਂ (ਦੇਖੋ ਰਾਗ ਸੂਹੀ ਵਿਚ 'ਉਜਲ ਕੈਹਾ ਚਿਲਕਣਾ' ਵਾਲਾ ਸ਼ਬਦ) ਉਸ ਨੂੰ ਐਸੇ ਸਾਊ ਤਰੀਕ ਨਾਲ ਸਮਝਾਇਆ ਹੈ ਕਿ ਉਸ ਨੂੰ ਅੰਦਰੋਂ ਅੰਦਰੀ ਸ਼ਰਮ ਆਵੇ ਤਾਂ ਪਈ ਆਵੇ, ਪਰ ਬਾਹਰੋਂ ਗੁਰੂ ਜੀ ਦੇ ਸਾਹਮਣੇ ਮੰਹ ਕੱਜਣ ਦੀ ਲੋੜ ਨਾ ਪਏ । ਪਹਿਲਾਂ ਉਸ ਦੇ ਨਾਂ ਉੱਤੇ ਟਕੋਰ ਕਰਦੇ ਹਨ :

"ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਸੰਨਿ[22] ।"

ਫੇਰ ਬਾਹਰੋਂ ਚਿਤਰੇ ਹੋਏ ਕੋਠਿਆਂ, ਤੀਰਥਾਂ ਉੱਤੇ ਬੈਠੇ ਬਗਲਿਆਂ, ਉੱਚੇ ਲੰਮੇ ਸਿੰਮਲ ਰੁੱਖ ਵਲ ਇਸ਼ਾਰਾ ਕਰ ਕੇ ਉਸ ਦਾ ਧਿਆਨ ਉਸ ਦੀ ਦੰਭ ਵਾਲੀ ਜ਼ਿੰਦਗੀ ਵਲ ਦੁਆਂਦੇ ਹਨ, ਪਰ ਕਿਤੇ ਵੀ ਇਹ ਮਹਿਸੂਸ ਹੋਣ ਨਹੀਂ ਦਿੰਦੇ ਕਿ ਉਹ ਨੀਵਾਂ ਹੈ ਤੇ ਗੁਰੂ ਜੀ ਉਸ ਤੋਂ ਉੱਚੇ ਹਨ । ਬਲਕਿ ਇਹ ਆਖ ਕੇ ਆਪਣੇ ਆਪ ਨੂੰ ਉਸ ਦੇ ਨਾਲ ਸ਼ਾਮਲ ਕਰ ਲੈਂਦੇ ਹਨ :

'ਅੰਧੁਲੇ ਭਾਰੁ ਉਠਾਇਆ, ਡੂਗਰ ਵਾਟ ਬਹੁਤੁ ।
ਅਖੀ ਲੋੜੀ ਨਾ ਲਹਾ, ਹਉ ਚੜਿ ਲੰਘਾ ਕਿਤੁ ?'

ਉਹ ਨਹੀਂ ਕਹਿੰਦਾ ਕਿ ਹੇ ਸੱਜਣ ! ਤੂੰ ਅੰਨ੍ਹਾਂ ਹੈਂ, ਤੂੰ ਪਾਪਾਂ ਦਾ ਭਾਰ ਸਿਰ ਤੇ ਚੁੱਕਿਆ ਹੈ । ਨਹੀਂ, ਸਗੋਂ ਆਪਣੇ ਆਪ ਨੂੰ ਕਹਿਦੇ ਹਨ ਕਿ ਮੈਂ ਅੰਨ੍ਹਾਂ ਹਾਂ, ਮੈਂ ਸਿਰ ਤੇ ਭਾਰ ਚੁੱਕਿਆ ਹੈ, ਤੇ ਰਸਤਾ ਬਹੁਤ ਪਹਾੜੀ ਹੈ, ਅੱਖਾਂ ਨਾਲ ਟੋਲਦਾ ਹਾਂ ਪਰ ਰਸਤਾ ਲਭਦਾ ਨਹੀਂ, ਮੈਂ ਕਿਵੇਂ ਚੜ੍ਹ ਕੇ ਪਾਰ ਹੋਵਾਂ ?

Digitized by Panjab Digital Library | www.panjabdigilib.org

ਇਸੇ ਤਰ੍ਹਾਂ ਇਕ ਵੇਰ ਲੋਕੀ ਇਕ ਤੀਵੀਂ ਨੂੰ ਬਦਕਾਰੀ[23] ਕਰਦਿਆਂ ਫੜ ਕੇ ਈਸਾ ਜੀ ਪਾਸ ਲਿਆਏ । ਈਸਾ ਜੀ ਨੇ ਲੋਕਾਂ ਨੂੰ ਤਾਂ ਆਪਣੀ ਨੇਕੀ ਦੀ ਹੈਂਕੜ ਉੱਤੇ ਸ਼ਰਮਿੰਦਾ ਕਰ ਕੇ ਤੋਰ ਦਿੱਤਾ, ਪਰ ਤੀਵੀਂ ਉੱਥੇ ਹੀ ਜ਼ਿਮੀਂ ਤੇ ਬੈਠੀ ਰਹਿ ਗਈ । ਉਹ ਨਜ਼ਾਰਾ ਬੜਾ ਦਰਦਨਾਕ ਹੈ । ਇਕ ਪਾਸੇ ਪਾਪ ਤੋਂ ਸ਼ਰਮ ਖਾਂਦੀ ਇਸਤਰੀ ਬੈਠੀ ਹੋਈ ਜ਼ਿਮੀਂ ਖੋਤਰ ਰਹੀ ਹੈ । ਦੂਜੇ ਪਾਸੇ ਉਸ ਕੋਲੋਂ ਵੀ ਵਧੀਕ ਲੱਜਾਵਾਨ ਹੋਇਆ ਈਸਾ ਬੈਠਾ ਰੇਤ ਉਤੇ ਲੀਕਾਂ ਵਾਹ ਰਿਹਾ ਹੈ, ਤੇ ਅੱਖ ਚੁੱਕ ਕੇ ਵੀ ਉਸ ਵੱਲ ਨਹੀਂ ਵੇਖਦਾ, ਮਤਾਂ ਵਿਚਾਰੀ ਨੂੰ ਮੇਰੇ ਵੱਲੋਂ ਲੱਜਾ ਆਵੇ । ਅੰਤ ਈਸਾ ਨੇ ਤਰਸ ਤੇ ਪਿਆਰ ਦੇ ਜ਼ੋਰ ਨਾਲ ਕਿਹਾ, "ਬੀਬੀ ! ਜਾਹ, ਇਉਂ ਫੇਰ ਨਾ ਕਰੀਂ ।"

ਸਾਊ ਆਦਮੀ ਕਿਸੇ ਦੀ ਭੁੱਲ ਵੇਖ ਕੇ ਆਪਣੇ ਨਿਰਦੋਸ਼ਪੁਣੇ ਦੀ ਆਕੜ ਵਿਚ ਘ੍ਰਿਣਾ ਨਹੀਂ ਕਰਦਾ, ਸਗੋਂ ਉਸ ਦੇ ਅੰਦਰ ਵੜ ਕੇ ਉਸ ਦੀਆਂ ਮਜਬੂਰੀਆਂ, ਸਮਾਜ ਤੇ ਘਰ ਬਾਰ ਦੇ ਆਲੇ-ਦੁਆਲੇ ਦੀਆਂ ਕਮਜ਼ੋਰੀਆਂ ਅਤੇ ਭੁੱਲ ਕਰਨ ਦੇ ਖ਼ਾਸ ਕਾਰਨਾਂ ਅਤੇ ਮੌਕਿਆਂ ਉਤੇ ਵਿਚਾਰ ਕਰ ਕੇ ਦੋਸ਼ੀ ਨਾਲ ਹਮਦਰਦੀ ਕਰਦਾ ਤੇ ਉਸ ਨੂੰ ਭੁੱਲ ਵਿਚੋਂ ਕੱਢਣ ਦੇ ਆਹਰ[24] ਲਗਦਾ ਹੈ । ਉਸ ਵਿਚ ਕਿਸੇ ਨੂੰ ਆਪਣੇ ਆਪ ਤੋਂ ਨੀਵਾਂ ਸਮਝਣ ਦੀ ਰੁਚੀ ਤੇ ਸ਼ਰਮਿੰਦਾ ਕਰਨ ਦੀ ਵਿਹਲ ਹੀ ਨਹੀਂ ਹੁੰਦੀ ।

ਉਹ ਨੁਕਸ ਉਸੇ ਆਦਮੀ ਦੇ ਕੱਢਦਾ ਹੈ, ਜਿਸ ਨੂੰ ਉਹ ਆਪ ਪਿਆਰ ਕਰਦਾ ਹੈ ਤੇ ਨੁਕਸਾਂ ਤੋਂ ਬਰੀ ਦੇਖਣਾ ਚਾਹੁੰਦਾ ਹੈ। ਨੁਕਸ ਭੀ ਉਹੀ ਦੱਸਦਾ ਹੈ ਜਿਹੜੇ ਦੂਰ ਹੋ ਸਕਦੇ ਹੋਣ। ਉਹ ਕਿਸੇ ਦੇ ਕੁਦਰਤੀ ਘਾਟਿਆਂ ਜਾਂ ਦੋਸ਼ਾਂ ਵੱਲ ਇਸ਼ਾਰਾ ਨਹੀਂ ਕਰਦਾ। ਮਸਲਨ, ਉਹ ਅੰਨ੍ਹੇ ਜਾਂ ਲੂਲ੍ਹੇ ਨੂੰ ਦੇਖ ਕੇ ਉਸ ਦੀ ਸਰੀਰਕ ਹਾਲਤ ਉੱਤੇ ਮਖ਼ੌਲ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਇਹ ਉਸ ਦੇ ਵੱਸ ਦੀ ਗੱਲ ਨਹੀਂ । ਕਿਸੇ ਦੀ

Digitized by Panjab Digital Library | www.panjabdigilib.org

ਗ਼ਰੀਬੀ ਨੂੰ ਭੀ ਆਪਣੀ ਟਿਚਕਰ ਦਾ ਨਿਸ਼ਾਨਾ ਨਹੀਂ ਬਣਾਉਂਦਾ।

ਉਹ ਉਪਕਾਰ ਕਰਨ ਵੇਲੇ ਦਿਖਾਵਾ ਨਹੀਂ ਕਰਦਾ। ਉਹ ਖ਼ਿਆਲ ਰੱਖਦਾ ਹੈ ਕਿ ਜਿਸ ਨਾਲ ਭਲਾ ਕਰਨ ਲੱਗਾ ਹਾਂ ਉਸ ਦੇ ਮਨ ਨੂੰ ਠੇਸ ਨਾ ਲੱਗੇ, ਉਸ ਨੂੰ ਆਪਣੀ ਗ਼ਰੀਬੀ ਜਾਂ ਅਸਮ੍ਰਥਾ ਉਤੇ ਲੱਜਾ ਨਾ ਆਵੇ। ਅਸੀਂ ਕਈ ਵਾਰ ਦਾਨ ਕਰਨ ਲੱਗਿਆਂ ਨਾ ਕੇਵਲ ਆਪਣੀ ਉਦਾਰਤਾ ਦਾ ਦਿਖਾਵਾ ਹੀ ਕਰਦੇ ਹਾਂ, ਸਗੋਂ ਜਿਸ ਗ਼ਰੀਬ ਦੀ ਸਹਾਇਤਾ ਕਰਦੇ ਹਾਂ ਉਸ ਨੂੰ ਸ਼ਰਮਿੰਦਾ ਕਰ ਕੇ ਉਸ ਦੀ ਮਨੁੱਖਤਾ ਦੀ ਹੱਤਕ ਕਰਦੇ ਹਾਂ। ਸਾਊ ਮਨੁੱਖ ਨੂੰ ਸ਼ਬਦ-ਭੇਟ[25] ਦਾ ਏਲਾਨ ਕਰਾਂਦਿਆਂ, ਗੁਰਦੁਆਰਿਆਂ ਦੀਆਂ ਚਿੱਟੀਆਂ ਸਿਲਾਂ ਉੱਤੇ ਆਪਣੇ ਢਾਈ ਰੁਪਏ ਦੇ ਦਾਨ ਦਾ ਇਸ਼ਤਿਹਾਰ ਸਦਾ ਲਈ ਉਕਰਵਾਂਦਿਆਂ, ਜਾਂ ਮੁਸਾਫ਼ਰਖਾਨੇ ਲਈ ਚਾਦਰਾਂ ਤੇ ਮੰਜਿਆਂ ਦੇ ਦਾਨ ਦਾ ਅਰਦਾਸੇ ਵਿਚ ਜ਼ਿਕਰ ਕਰਾਂਦਿਆਂ ਸ਼ਰਮ ਆਵੇਗੀ। ਸਾਊ ਦਾਨ ਨਹੀਂ ਕਰਦਾ, ਭੇਟ ਕਰਦਾ ਹੈ। ਗ਼ਰੀਬ ਨੂੰ ਆਪਣੇ ਸਾਹਮਣੇ ਹੱਥ ਟੱਡਦਾ ਵੇਖ ਕੇ ਖ਼ੁਸ਼ ਨਹੀਂ ਹੁੰਦਾ ਸਗੋਂ ਉਸ ਦੀ ਪੀੜਾ ਨੂੰ ਆਪਣੀ ਪੀੜਾ ਸਮਝ ਕੇ ਉਸ ਦੇ ਪਾਸ ਹਾਜ਼ਰ ਹੁੰਦਾ ਹੈ ਤੇ ਜੋ ਕੁਝ ਦਿੰਦਾ ਹੈ ਉਸ ਦੀ ਭੇਟ ਕਰਦਾ ਹੈ, ਨਜ਼ਰ ਚੜ੍ਹਾਉਂਦਾ ਹੈ।

ਯਤੀਮ ਬੱਚਿਆਂ ਨੂੰ ਪੀਲੇ ਪੀਲੇ ਕੋਝੇ ਕਪੜੇ ਪਵਾ ਕੇ ਗੱਡੀਆਂ ਵਿਚ ਜਾਂ ਦੀਵਾਨਾਂ ਵਿਚ ਦਾਨ ਮੰਗਣ ਲਈ, ਲਈ ਫਿਰਨਾ ਉਨ੍ਹਾਂ ਦੀ ਇਨਸਾਨੀਅਤ ਦੀ ਦੁਰਗਤੀ ਕਰਨੀ ਹੈ। ਉਨ੍ਹਾਂ ਨੂੰ ਇਹ ਖ਼ਿਆਲ ਦੇਣਾ ਕਿ ਉਹ ਲਾਵਾਰਸ ਹਨ, ਹੀਣੇ ਹਨ, ਉਨ੍ਹਾਂ ਦੇ ਬਾਦਸ਼ਾਹੀ ਦਿਲਾਂ ਨੂੰ ਸ੍ਵੈ-ਸਤਿਕਾਰ ਤੋਂ ਵਾਂਝਿਆ ਰੱਖਣਾ ਹੈ। ਆਸ਼੍ਰਮ ਦਾ ਨਾਂ ਭੀ ਯਤੀਮਖ਼ਾਨਾ ਕਿਉਂ ਹੋਵੇ ? ਓਹ ਯਤੀਮ ਨਿਮਾਣੇ ਕਿਉਂ ਅਖਵਾਣ ? ਜੇ ਤੁਸੀਂ ਉਨ੍ਹਾਂ ਦੇ ਮਾਪੇ ਨਹੀਂ ਬਣ ਸਕਦੇ ਤੇ ਉਨ੍ਹਾਂ ਲਈ ਇਕ ਪਿਆਰਾ 'ਘਰ' ਉਨ੍ਹਾਂ ਦੀਆਂ ਸੱਧਰਾਂ

Digitized by Panjab Digital Library | www.panjabdigilib.org

ਦਾ ਕੇਂਦਰ ਨਹੀਂ ਬਣਾ ਸਕਦੇ, ਤਾਂ ਤੁਹਾਡਾ ਕੋਈ ਹੱਕ ਨਹੀਂ ਕਿ ਤੁਸੀਂ ਉਨ੍ਹਾਂ ਦੇ ਪਾਲਣ ਦਾ ਬੀੜਾ ਚੁੱਕੋ ।

ਉਹ ਨੇਕੀ ਨੇਕੀ ਨਹੀਂ, ਜਿਸ ਦੇ ਕਰਦਿਆਂ ਕਿਸੇ ਦੀ ਹੇਠੀ ਹੁੰਦੀ ਹੋਵੇ । ਜ਼ਾਤ-ਪਾਤ, ਛੂਤ-ਛਾਤ, ਸ਼ੁੱਧੀ-ਅਸ਼ੁੱਧੀ, ਮਜ਼ਬੀ-ਰਾਮਦਾਸੀਏ ਦੇ ਵਿਤਕਰੇ, ਸਾਰੇ ਪਰਸਪਰ ਘ੍ਰਿਣਾ ਤੇ ਅਸਾਊਪੁਣੇ ਦੀਆਂ ਨਿਸ਼ਾਨੀਆਂ ਹਨ । ਇਨ੍ਹਾਂ ਨੂੰ ਕਿਸੇ ਸ਼ਕਲ ਵਿਚ ਵੀ ਮੰਨਣਾ ਨਾ ਕੇਵਲ ਧਰਮ ਦੇ ਸਗੋਂ ਸਾਧਾਰਨ ਮਨੁੱਖਤਾ ਦੇ ਉਲਟ ਹੈ ।

ਧਾਰਮਕ ਵਖੇਵਿਆਂ ਵਿਚ ਵੀ ਅਸੀਂ ਆਮ ਤੌਰ ਤੇ ਅਸੱਭਿਤਾ ਤੋਂ ਕੰਮ ਲੈਂਦੇ ਹਾਂ । ਆਪੋ ਆਪਣਾ ਮਜ਼ੂਬ ਹਰ ਇਕ ਨੂੰ ਪਿਆਰਾ ਹੋਣਾ ਚਾਹੀਦਾ ਹੈ ਅਤੇ ਉਸ ਉੱਤੇ ਦ੍ਰਿੜ੍ਹ ਹੋਣ ਨਾਲ ਉਸ ਦਾ ਅਸਰ ਜ਼ਿੰਦਗੀ ਵਿਚ ਕੰਮ ਕਰ ਸਕਦਾ ਹੈ । ਮੈਂ ਇਸ ਖੁੱਲ੍ਹ ਦੇ ਹੱਕ ਵਿਚ ਨਹੀਂ ਕਿ ਆਦਮੀ ਆਪਣਾ ਕੋਈ ਮਜ਼ੂਬ ਨਾ ਰੱਖਦਾ ਹੋਇਆ ਸਾਰਿਆਂ ਮਜ਼ੂਬਾਂ ਦਾ ਇੱਕੋ ਜਿਹਾ ਸ਼ਰਧਾਲੂ ਅਖਵਾਵੇ । ਇਹੋ ਜਿਹਾ ਆਦਮੀ ਬੇ-ਮਜ਼ੂਬਾ ਹੀ ਹੁੰਦਾ ਹੈ । ਪਰ ਸਾਊਪੁਣੇ ਦੇ ਲਿਹਾਜ਼ ਨਾਲ ਉਹ ਆਦਮੀ ਧਰਮੀ ਨਹੀਂ ਜੋ ਹੋਰਨਾਂ ਦੇ ਮਜ਼ੂਬਾਂ ਉੱਤੇ ਹਮਲਾ ਕਰਦਾ ਹੈ ਜਾਂ ਕਹਿੰਦਾ ਹੈ ਕਿ ਮੇਰਾ ਮਜ਼ੂਬ ਹੀ ਤਾਰਨਯੋਗ ਹੈ, ਕਿਸੇ ਹੋਰ ਦਾ ਨਹੀਂ । ਸ਼ਰਾਫ਼ਤ ਇਸ ਗੱਲ ਦੀ ਮੰਗ ਕਰਦੀ ਹੈ ਕਿ ਮਨੁੱਖ ਮਜ਼ੂਬੀ ਮਾਮਲਿਆਂ ਵਿਚ ਪੂਰੀ ਪੂਰੀ ਰਵਾਦਾਰੀ ਵਰਤੇ । ਇਹ ਰਵਾਦਾਰੀ ਨਿਭ ਨਹੀਂ ਸਕਦੀ ਜਦ ਤਕ ਕਿ ਕੋਈ ਧਿਰ ਇਹ ਯਕੀਨ ਕਰਦੀ ਹੈ ਕਿ ਸਾਰੀ ਸਚਾਈ ਉਸ ਦੇ ਧਰਮ ਵਿਚ ਆਈ ਹੈ ਤੇ ਹੋਰ ਸਭ ਕੂੜ੍ਹ ਦਾ ਘਰ ਹਨ । ਸਾਊ ਨਿਸਚਾ ਇਹ ਹੈ ਕਿ ਵਾਹਿਗੁਰੂ ਦੇ ਹਜ਼ੂਰ ਹਿੰਦੂ-ਮੁਸਲਮਾਨ, ਈਸਾਈ ਸਭ ਇੱਕੋ ਜਿਹੇ ਹਨ । ਉੱਥੇ ਨਿਬੇੜਾ ਇਸ ਗੱਲ ਉੱਤੇ ਨਹੀਂ ਹੋਣਾ ਕਿ ਅਮਕਾ ਆਦਮੀ ਸਿੱਖ ਸੀ ਜਾਂ ਮੁਸਲਮਾਨ, (ਕਿਉਂਕਿ "ਅਗੈ ਜੀਓ ਨਵੇ" ਹੋ ਕੇ ਰੱਬ ਦੇ ਹਜ਼ੂਰ ਖੜੇ ਹੋਣਗੇ) ਬਲਕਿ ਇਸ ਉੱਤੇ ਹੋਣਾ ਹੈ ਕਿ ਮਨੁੱਖ ਵਿਚ ਚੰਗਿਆਈ ਕਿਤਨੀ ਸੀ ਅਤੇ ਉਸ ਦਾ ਦਿਲ ਰੱਬ ਦੇ

Digitized by Panjab Digital Library | www.panjabdigilib.org

ਨੇੜੇ ਕਿੰਨਾ ਕੁ ਸੀ । ਨੇਕੀ ਤੇ ਪਿਆਰ ਜ਼ਾਹਿਰ ਕਰਨ ਲਈ ਅਤੇ ਆਪਣੀ ਸ਼ਖ਼ਸੀਅਤ ਢਾਲਣ ਲਈ ਕਿਸੇ ਨਮੂਨੇ ਦੀ ਸ਼ਖ਼ਸੀਅਤ ਨੂੰ ਸਾਹਮਣੇ ਰੱਖਣਾ ਪੈਂਦਾ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਜਿਸ ਕਿਸੇ ਨੇ ਈਸਾ ਦੇ ਸਾਂਚੇ ਵਿਚ ਜ਼ਿੰਦਗੀ ਢਾਲਣੀ ਹੈ, ਉਹ ਇਹ ਮੰਨ ਲਵੇ ਕਿ ਕਿਸੇ ਹੋਰ ਲਈ ਇਹੋ ਕੰਮ ਗੁਰੂ ਗੋਬਿੰਦ ਸਿੰਘ ਜੀ ਦਾ ਜਾਂ ਮੁਹੰਮਦ ਸਾਹਿਬ ਦਾ ਸਾਂਚਾ ਨਹੀਂ ਕਰ ਸਕਦਾ । ਪੂਰੀ ਪੂਰੀ ਰਵਾਦਾਰੀ[26] ਲਈ ਇਹ ਮਨੌਤ ਜ਼ਰੂਰੀ ਹੈ ਕਿ ਆਪੋ ਆਪਣੀ ਥਾਂ ਸਾਰੇ ਧਰਮ ਮਨੁੱਖ ਨੂੰ ਪੂਰਣਤਾ ਦੇ ਸਕਦੇ ਹਨ ।

ਜੇ ਇਹ ਖ਼ਿਆਲ ਮੰਨ ਲਈਏ ਤਾਂ ਅੱਜਕਲ ਦੀਆਂ ਆਮ ਮਿਸ਼ਨਰੀ ਮੁਹਿੰਮਾਂ ਸਾਊਪੁਣੇ ਦੇ ਮਇਆਰ ਤੇ ਪੂਰੀਆਂ ਨਹੀਂ ਉਤਰਦੀਆਂ । ਹਰ ਇਕ ਆਦਮੀ ਨੂੰ ਇਹ ਖੁੱਲ੍ਹ ਹੋਣੀ ਚਾਹੀਦੀ ਹੈ ਕਿ ਉਹ ਕੋਈ ਧਰਮ ਧਾਰਨ ਕਰ ਲਵੇ, ਅਤੇ ਉਸ ਦੇ ਇਸ ਕੰਮ ਵਿਚ, ਸਰੇ ਬਣੇ, ਸਾਨੂੰ ਹਰ ਤਰ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ, ਪਰ ਇਸ ਕੰਮ ਵਿਚ ਨਿਰੀ ਗਿਣਤੀ ਵਧਾ ਕੇ ਪੁੰਨ ਖੱਟਣ ਦਾ ਖ਼ਿਆਲ ਜਾਂ ਜਿੱਤ ਪ੍ਰਾਪਤ ਕਰਨ ਦਾ ਭਾਵ ਚੰਗਾ ਨਹੀਂ । ਇਹ ਇੱਕ ਪੁਰਾਣੀ ਸ਼ਹਿਨਸ਼ਾਹੀਅਤ ਵਾਲਾ ਖ਼ਿਆਲ ਹੈ, ਜੋ ਜਿਵੇਂ ਮੁਲਕੀ ਮਾਮਲਿਆਂ ਵਿੱਚੋਂ ਦੂਰ ਹੋ ਰਿਹਾ ਹੈ, ਇਵੇਂ ਧਰਮ ਦੇ ਦਾਇਰੇ ਵਿੱਚੋਂ ਵੀ ਦੂਰ ਹੋ ਜਾਏਗਾ । ਸੇਵਾ ਜਾਂ ਉਪਕਾਰ ਦੇ ਇਰਾਦੇ ਨਾਲ ਸਕੂਲ ਜਾਂ ਹਸਪਤਾਲ ਖੋਲ੍ਹਣੇ ਚੰਗੇ ਹਨ, ਪਰ ਉਨ੍ਹਾਂ ਦੇ ਪਰਦੇ ਹੇਠ ਦੂਜਿਆਂ ਦੇ ਦਿਲਾਂ ਉੱਤੇ ਮਜ਼ਬੀ ਗ਼ਲਬਾ ਪਾਉਣ ਦਾ ਜਤਨ ਕਰਨਾ ਨਾ ਸਿਰਫ਼ ਅਸਾਊਪੁਣਾ ਹੈ, ਬਲਕਿ ਪਾਪ ਹੈ । ਇਕ ਸਿੱਖ ਦਾ ਕਿਸੇ ਚੰਗੇ ਭਲੇ ਗ਼ੈਰ-ਸਿੱਖ ਭਰਾ ਨੂੰ ਗ਼ਰੀਬੀ ਵਿਚ ਤੱਕ ਕੇ ਕਹਿਣਾ ਕਿ ਤੂੰ ਆਪਣਾ ਧਰਮ ਛੱਡ ਕੇ ਮੇਰੇ ਧਰਮ ਵਿਚ ਆ ਜਾ, ਨਿਰੀ ਗੁਸਤਾਖ਼ੀ ਹੈ । ਏਥੇ ਮੈਨੂੰ ਅੱਜਕਲ ਦੇ ਇਕ ਧਰਮੀ ਸਾਊ ਦੀ ਮਿਸਾਲ ਚੇਤੇ ਆਉਂਦੀ ਹੈ । ਭਾਈ

Digitized by Panjab Digital Library | www.panjabdigilib.org

ਤਾਰਾ ਸਿੰਘ ਸ਼ਾਹਦਰਾ (ਲਾਹੌਰ) ਦਾ ਵਸਨੀਕ ਸੀ । ਉਸ ਦਾ ਇੱਕ ਮੁਸਲਮਾਨ ਦੋਸਤ ਮਰਨ ਲੱਗਿਆਂ ਆਪਣੀ ਤਿੰਨ ਸਾਲ ਦੀ ਛੋਟੀ ਧੀ ਉਸ ਦੇ ਹਵਾਲੇ ਕਰ ਗਿਆ । ਉਸ ਨੇ ਇਸ ਅਮਾਨਤ ਨੂੰ ਚੰਗੀ ਤਰ੍ਹਾਂ ਨਿਬਾਹਿਆ । ਉਸ ਨੇ ਉਸ ਬਾਲੜੀ ਨੂੰ ਧੀਆਂ ਵਾਂਗ ਪਾਲ ਪੋਸ ਕੇ ਵੱਡਾ ਕੀਤਾ, ਪਰ ਉਸ ਦੇ ਧਰਮ ਜਾਂ ਨਿਸਚੇ ਵਿਚ ਕਿਸੇ ਤਰ੍ਹਾਂ ਨਾਲ ਦਖ਼ਲ ਨਾ ਦਿੱਤਾ । ਉਸ ਨੂੰ ਇਕ ਹਾਫ਼ਜ਼[27] ਰੱਖ ਕੇ ਕੁਰਾਨ ਮਜੀਦ[28] ਦਾ ਪਾਠ ਪੜ੍ਹਾਇਆ ਤੇ ਸਮਝਾਇਆ ਅਤੇ ਇਕ ਚੰਗੇ ਮੁਸਲਮਾਨ ਵਰਗੀ ਤਾਲੀਮ ਦੁਆਈ । ਜਦ ਵਿਆਹੁਣ ਜੋਗੀ ਹੋਈ ਤਾਂ ਆਪਣੇ ਪਾਸੋਂ ਸਾਰਾ ਖ਼ਰਚ ਕਰਕੇ ਇਕ ਚੰਗੇ ਲਾਇਕ ਮੁਸਲਮਾਨ ਨਾਲ ਉਸ ਦਾ ਨਿਕਾਹ ਪੜ੍ਹਵਾ ਦਿੱਤਾ । ਇਹੋ ਜਿਹੀ ਸ਼ਰਾਫ਼ਤ ਦੇ ਨਮੂਨੇ ਮੁਸਲਮਾਨਾਂ ਤੇ ਹਿੰਦੂਆਂ ਵਿਚ ਵੀ ਮਿਲਦੇ ਹਨ ।

ਸ਼ਰਾਫ਼ਤ ਦੇ ਹੋਰ ਭੀ ਕਈ ਗੁਣ ਹਨ ਜੋ ਭਾਈਚਾਰੇ ਦੀ ਸੋਹਣੀ ਵਰਤੋਂ ਵਿੱਚ ਸ਼ਾਮਲ ਹਨ । ਸਾਊ ਲੋਕ ਕਿਸੇ ਦੇ ਸਾਹਮਣੇ ਕਾਨਾਫੂਸੀ ਨਹੀਂ ਕਰਦੇ, ਦੂਜਿਆਂ ਦੀ ਪਿੱਠ ਪਿੱਛ ਨਿੰਦਾ ਨਹੀਂ ਕਰਦੇ, ਲੋਕਾਂ ਦੇ ਸਾਹਮਣੇ ਨੌਕਰਾਂ ਜਾਂ ਬੱਚਿਆਂ ਨੂੰ ਉੱਚੀ ਉੱਚੀ ਨਹੀਂ ਕੋਸਦੇ, ਨਾ ਹੀ ਘਰ ਦੇ ਝਗੜੇ ਛੇੜ ਬਹਿੰਦੇ ਹਨ। ਪ੍ਰਾਹੁਣੇ ਦੇ ਸਾਹਮਣੇ ਕਿਸੇ ਨੂੰ ਗੁੱਸੇ ਹੋਣਾ, ਪ੍ਰਾਹੁਣੇ ਦੀ ਨਿਰਾਦਰੀ ਕਰਨਾ ਹੈ। ਕਿਸੇ ਦੇ ਮੂੰਹ ਉੱਤੇ ਉਸ ਦੀ ਸਿਫ਼ਤ ਕਰਨਾ ਉਸ ਨੂੰ ਸ਼ਰਮਿੰਦਾ ਕਰਨਾ ਹੈ, ਇਸ ਲਈ ਇਹ ਕਮੀਨਗੀ ਵਿਚ ਸ਼ਾਮਲ ਹੈ। ਬਿਨਾਂ ਕੰਮ ਦੇ ਕਿਸੇ ਪਾਸ ਬਹਿ ਰਹਿਣਾ, ਲੰਮੀਆਂ ਲੰਮੀਆਂ ਗੱਲਾਂ ਕਰ ਕੇ ਵਕਤ ਗੁਆਉਣਾ, ਤੇ ਉਸ ਨੂੰ ਮੁੜ ਮੁੜ ਘੜੀ ਕੱਢ ਕੇ ਦਿਖਾਉਣ ਤੇ ਮਜਬੂਰ ਕਰਨਾ ਚੰਗਾ ਨਹੀਂ । ਜਦ ਕਿਸੇ ਪਾਸ ਜਾਈਏ, ਤਾਂ ਜਦ ਤੱਕ ਉਹ ਆਪੇ ਕੁਰਸੀ ਨਾ ਦਏ ਜਾਂ ਬੈਠਣ ਲਈ ਨਾ ਕਹੇ, ਤਦ ਤੱਕ ਬੈਠਣਾ ਨਹੀਂ ਚਾਹੀਦਾ । (ਕਈ ਤਾਂ ਐਸੇ ਅੱਲੜ ਜਾਂ ਆਕੜਖ਼ਾਨ ਹੁੰਦੇ ਹਨ ਕਿ ਚਿਰਾਂ ਤਾਂਈਂ ਖੜੇ ਰਹੋ ਤਾਂ ਭੀ ਉਹ ਬਹਿਣ ਲਈ ਨਹੀਂ ਕਹਿੰਦੇ ਆਪਣੀ ਅਫ਼ਸਰੀ ਇਸੇ ਵਿਚ ਸਮਝਦੇ ਹਨ) । ਆਪਣੇ ਵਤਨੀ

Digitized by Panjab Digital Library | www.panjabdigilib.org

ਭਰਾ ਨਾਲ ਆਪਣੀ ਮਾਦਰੀ ਬੋਲੀ ਛੱਡ ਕੇ ਕਿਸੇ ਹੋਰ ਬੋਲੀ ਵਿਚ ਗੱਲ ਬਾਤ ਕਰਨੀ ਇਕ ਤਰ੍ਹਾਂ ਦਾ ਦਿਖਾਵਾ ਹੈ, ਜੋ ਸਾਊ ਆਦਮੀਆਂ ਨੂੰ ਨਹੀਂ ਜਚਦਾ । ਜਦ ਸਭਾ ਲੱਗੀ ਹੋਵੇ ਤਾਂ ਦੇਰ ਨਾਲ ਆਉਣਾ ਚੰਗਾ ਨਹੀਂ । ਜਦ ਆਉ ਤਾਂ ਖਿਮਾਂ ਮੰਗ ਕੇ ਬੈਠੋ । ਜਿਹੜਾ ਆਦਮੀ ਗੱਲ ਬਾਤ ਕਰ ਰਿਹਾ ਹੈ, ਉਸ ਨੂੰ ਚਾਹੀਦਾ ਹੈ ਕਿ ਨਵੇਂ ਆਏ ਸੱਜਣ ਲਈ ਜੋ ਕੁੱਝ ਕਿਹਾ ਜਾ ਚੁੱਕਾ ਹੈ ਜਾਂ ਜੋ ਕੁੱਝ ਨਜਿੱਠਿਆ ਜਾ ਚੁੱਕਾ ਹੈ, ਉਸ ਦਾ ਸਾਰ ਅੰਸ਼ ਸੁਣਾ ਦੇਵੇ । ਸੁਣਨ ਵਾਲਿਆਂ ਨੂੰ ਉਬਾਸੀਆਂ ਨਹੀਂ ਲੈਣੀਆਂ ਚਾਹੀਦੀਆਂ, ਕਿਉਂਕਿ ਜਿਵੇਂ ਘੜੀ ਦੱਸਣ ਨਾਲ ਮਿਲਣ ਆਇਆ ਆਦਮੀ ਚਲੇ ਜਾਣ ਤੇ ਮਜਬੂਰ ਹੁੰਦਾ ਹੈ, ਤਿਵੇਂ ਸ੍ਰੋਤਿਆਂ[29] ਨੂੰ ਉਬਾਸੀਆਂ ਲੈਂਦਿਆਂ ਦੇਖ ਕੇ ਲੈਕਚਰਾਰ ਨੂੰ ਆਪਣਾ ਲੈਕਚਰ ਬੰਦ ਕਰਨ ਦੀ ਸੂਚਨਾ ਹੁੰਦੀ ਹੈ । ਜਾਣ ਲੱਗਿਆਂ, ਆਗਿਆ ਲੈ ਕੇ ਬਾਹਰ ਜਾਣਾ ਚਾਹੀਦਾ ਹੈ । ਕਿਸੇ ਦੇ ਅੱਗੋਂ ਨਹੀਂ ਲੰਘਣਾ ਚਾਹੀਦਾ । ਕਿਸੇ ਦੇ ਅੰਗ ਨੂੰ ਛੋਹਣ ਲੱਗੋ ਜਾਂ ਕਪੜੇ ਨੂੰ ਪੈਰ ਲੱਗ ਜਾਵੇ ਤਾਂ ਖਿਮਾਂ ਮੰਗ ਲੈਣੀ ਚਾਹੀਦੀ ਹੈ । ਕਿਸੇ ਨੂੰ ਸਿਰ ਨੰਗੇ ਜਾਂ ਅੱਧੜ-ਵੰਞੇ ਨਹੀਂ ਮਿਲਣਾ ਚਾਹੀਦਾ । ਜੇ ਸਰੀਰ ਅੱਧ-ਕੱਜਿਆ ਹੋਵੇ ਤਾਂ ਖਿਮਾ ਮੰਗ ਲੈਣੀ ਚਾਹੀਦੀ ਹੈ । ਸਭਾ ਸੁਸਾਇਟੀ ਵਿਚ ਬੈਠਣ ਲਗਿਆਂ ਕਮੀਜ਼ ਜਾਂ ਕੋਟ ਦੇ ਬਟਣ ਖੁੱਲ੍ਹੇ ਨਹੀਂ ਰੱਖਣੇ ਚਾਹੀਦੇ । ਬਜ਼ਾਰ ਵਿਚ ਜਾਂ ਆਮ ਪਬਲਿਕ ਥਾਂ ਤੇ ਖਾਣ ਪੀਣ ਲਈ ਮੂੰਹ ਮਾਰਦਾ ਆਦਮੀ ਚੰਗਾ ਨਹੀਂ ਲਗਦਾ । ਖ਼ਤ ਲਿਖਣ ਵੇਲੇ ਸੁਹਣੀ ਲਿਖਤ ਕਰਨੀ ਚਾਹੀਦੀ ਹੈ । ਛੇਤੀ ਛੇਤੀ ਜਾਂ ਸ਼ਿਕਸਤ[130] ਲਿਖਣਾ ਪੜ੍ਹਨ ਵਾਲੇ ਦੀ ਨਿਰਾਦਰੀ ਕਰਨਾ ਹੈ ।

ਸਾਊ ਆਦਮੀ ਲੋਕਾਂ ਨੂੰ ਬਹੁਤ ਨਸੀਹਤਾਂ ਨਹੀਂ ਕਰਦਾ ; ਇਹ ਭੀ ਗੁਸਤਾਖ਼ੀ ਗਿਣੀ ਜਾਂਦੀ ਹੈ । ਚੰਗਾ ਫਿਰ ਮੈਂ ਭੀ ਇਹ ਗੁਸਤਾਖ਼ੀ ਬੰਦ ਕਰਦਾ ਹਾਂ !

Digitized by Panjab Digital Library | www.panjabdigilib.org

ਪ੍ਰਿੰ: ਸਾਹਿਬ ਸਿੰਘ

# ਰੋਜ਼ਾਨਾ ਮਨੁੱਖਾ-ਜੀਵਨ ਤੇ ਧਰਮ

ਇਕ ਵਾਰੀ ਤ੍ਰਿਲੋਚਨ ਆਪਣੇ ਮਿੱਤਰ ਭਗਤ ਨਾਮਦੇਵ ਜੀ ਨੂੰ ਮਿਲਣ ਆਇਆ, ਅੱਗੇ ਨਾਮਦੇਵ ਆਪਣਾ ਕਪੜੇ ਛਾਪਣ ਦਾ ਵਿਹਾਰ ਕਰ ਰਿਹਾ ਸੀ। ਤ੍ਰਿਲੋਚਨ ਆਪਣੇ ਮਿੱਤਰ ਨੂੰ ਦੁਨੀਆਂ ਦੇ ਕੰਮ ਵਿਚ ਰੁੱਝਾ ਸਮਝ ਕੇ ਹੈਰਾਨ ਹੋਇਆ, ਨਾਮ ਦੇਵ ਨੇ ਉਸ ਦੀ ਹੈਰਾਨੀ ਦਾ ਉੱਤਰ ਦਿੱਤਾ ਕਿ ਮਨੁੱਖ ਨੇ ਹੱਥਾਂ ਨਾਲ ਕਿਰਤ-ਕਾਰ ਕਰਨੀ ਹੈ ਤੇ ਮਨ ਨੂੰ ਪਰਮਾਤਮਾ ਦੀ ਯਾਦ ਵਿਚ ਜੋੜਨਾ ਹੈ। ਇਹਨਾਂ ਦੋਹਾਂ ਦੀ ਇਹ ਗੱਲ ਬਾਤ ਕਬੀਰ ਜੀ ਨੇ ਇਉਂ ਬਿਆਨ ਕੀਤੀ ਹੈ :—

"ਨਾਮਾ ਮਾਇਆ ਮੋਹਿਆ, ਕਹੈ ਤ੍ਰਿਲੋਚਨੁ ਮੀਤ[1] ॥
ਕਾਹੇ ਛੀਪਹੁ ਛਾਇਲੈ, ਰਾਮਿ ਨ ਲਾਵਹੁ ਚੀਤੁ[2] ॥
ਨਾਮਾ ਕਹੈ ਤ੍ਰਿਲੋਚਨਾ, ਮੁਖ ਤੇ ਰਾਮੁ ਸਮਾਲਿ[3] ॥
ਹਾਥ ਪਾਉ ਕਰਿ ਕਾਮ ਸਭਿ, ਚੀਤੁ ਨਿਰੰਜਨ ਨਾਲਿ[4] ॥

'ਦੀਨ' ਤੇ 'ਦੁਨੀਆਂ' ਨੂੰ ਇੱਕ ਥਾਂ ਇਕੱਠਾ ਕਰਨਾ—ਧਾਰਮਿਕ ਜ਼ਿੰਦਗੀ ਵਾਸਤੇ ਇਹ ਇੱਕ ਵੱਡੀ ਭਾਰੀ ਅਜ਼ਮਾਇਸ਼ ਹੈ। ਧਰਮ-ਅਸਥਾਨ ਵਿਚ ਧਰਮੀ ਬਣਨਾ ਰਤਾ ਸੌਖਾ ਹੈ, ਪਰ ਦੁਨੀਆਂ ਦੇ ਝਮੇਲਿਆਂ ਵਿਚ ਧਰਮੀ ਰਹਿਣਾ ਡਾਢਾ ਕਠਨ ਹੈ। ਕਿਸੇ

Digitized by Panjab Digital Library | www.panjabdigilib.org

ਮੰਦਰ, ਮਸਜਿਦ, ਗਿਰਜੇ ਜਾਂ ਗੁਰਦੁਆਰੇ ਵਿਚ ਬੈਠਾ ਮਨੁੱਖ ਮਨ ਦੀ ਦੌੜ ਨੂੰ ਭਾਵੇਂ ਕੁੱਝ ਸਮੇਂ ਲਈ ਰੋਕ ਸਕੇ, ਪਰ ਹੋਰ ਝਮੇਲਿਆਂ ਵਿਚ ਫਸੇ ਹੋਏ ਲਈ ਇਹ ਕੰਮ ਬੜਾ ਮੁਸ਼ਕਿਲ ਹੁੰਦਾ ਹੈ; ਇਉਂ ਜਾਪਦਾ ਹੈ ਜਿਵੇਂ ਹਿਮਾਲੇ ਪਰਬਤ ਦੀ ਬਰਫ਼ਾਨੀ ਠੰਢੀ ਛੱਡ ਕੇ ਮਨੁੱਖ ਅਫ਼ਰੀਕਾ ਦੇ ਤਪਦੇ ਸਹਿਰਾ ਵਿਚ ਅੱਪੜ ਗਿਆ ਹੋਵੇ।

'ਦੀਨ' ਤੇ 'ਦੁਨੀਆਂ' ਨੂੰ ਇਕ ਥਾਂ ਇਕੱਠੇ ਨਾਂਹ ਰੱਖ ਸਕਣ ਦੀ ਇਹ ਔਕੜ ਇਤਨੀ ਜ਼ਬਰਦਸਤ ਹੈ ਕਿ ਸ਼ੁਰੂ ਤੋਂ ਮਨੁੱਖ ਇਸ ਦਾ ਟਾਕਰਾ ਕਰਨ ਲਈ ਕਈ ਢੰਗ ਵਰਤਦੇ ਆਏ ਹਨ। ਪੁਰਾਣੇ ਸਮਿਆਂ ਵਿਚ ਧਾਰਮਿਕ ਸੁਭਾਉ ਵਾਲੇ ਬੰਦੇ ਜਗਤ ਨੂੰ ਉੱਕਾ ਹੀ ਛੱਡ ਕੇ ਜੰਗਲ ਦੇ ਕਿਸੇ ਗੋਸ਼ੇ[5] ਵਿਚ ਜਾ ਬੈਠਦੇ ਸਨ। ਧ੍ਰੂ ਭਗਤ ਨੇ ਜਦੋਂ ਮਤ੍ਰੇਈ ਮਾਂ ਦੇ ਹੱਥੋਂ ਆਪਣੀ ਨਿਰਾਦਰੀ ਹੁੰਦੀ ਵੇਖੀ ਤੇ ਉਸ ਨੂੰ ਪਤਾ ਲੱਗਾ ਕਿ ਇਸ ਦਾ ਉਪਾਉ 'ਬੰਦਗੀ' ਹੀ ਹੈ, ਤਾਂ ਉਹ ਰਾਜ-ਮਹਲ ਛੱਡ ਕੇ ਬਾਹਰ ਜੰਗਲਾਂ ਵਿਚ ਤਪ ਕਰਨ ਚਲਾ ਗਿਆ। ਇਸ ਬਾਰੇ ਇਉਂ ਗਵਾਹੀ ਮਿਲਦੀ ਹੈ:—

ਧ੍ਰੂ ਹੱਸਦਾ ਘਰਿ ਆਇਆ, ਕਰਿ ਪਿਆਰੁ ਪਿਉ ਕੁੱਛੜਿ ਲੀਤਾ।
ਬਾਹੋਂ ਪਕੜਿ ਉਠਾਲਿਆ, ਮਨ ਵਿਚਿ ਰੋਸੁ ਮਤ੍ਰੇਈ ਕੀਤਾ।
ਡੱਡੋਲਿੱਕਾ ਮਾਂ ਪੁਛੈ, ਤੂੰ ਸਾਵਾਣੀ ਹੈ ਕਿ ਸਰੀਤਾ[6]।
ਸਾਵਾਣੀ ਹਾਂ ਜਨਮ ਦੀ, ਨਾਮੁ ਨ ਭਗਤੀ ਕਰਮੁ ਦ੍ਰਿੜੀਤਾ[7]।
ਕਿਸੁ ਉਦਮ ਤੇ ਰਾਜੁ ਮਿਲੈ, ਸ਼ਤਰੂ ਤੇ ਸਭਿ ਹੋਵਨਿ ਮੀਤਾ[8]।
ਪਰਮੇਸਰੁ ਆਰਾਧੀਐ, ਜਿਦੂੰ ਹੋਈਐ ਪਤਿਤ ਪੁਨੀਤਾ[9]।
ਬਾਹਰਿ ਚਲਿਆ ਕਰਨ ਤਪੁ, ਮਨਿ ਬੈਰਾਗੀ ਹੋਇ ਅਤੀਤਾ[10]।

ਐਸੇ ਤਿਆਗੀ ਕੋਈ ਇੱਕ ਦੋ ਚਾਰ ਨਹੀਂ, ਅਨੇਕਾਂ ਹੀ ਹੋਏ ਹਨ, ਧਰਤੀ ਦਾ ਇਤਿਹਾਸ ਭਰਿਆ ਪਿਆ ਹੈ।

ਅੱਜਕਲ ਦੇ ਸਿਆਣਿਆਂ ਨੇ ਇਕ ਹੋਰ ਢੰਗ ਵਰਤਿਆ ਹੈ, ਓਹਨਾਂ ਨੇ 'ਦੀਨ' ਤੇ 'ਦੁਨੀਆਂ' ਨੂੰ ਐਸੇ ਦੋ ਸ਼ਾਹੂਕਾਰ ਮਿੱਥ

Digitized by Panjab Digital Library | www.panjabdigilib.org

ਲਿਆ ਹੈ, ਜਿਨ੍ਹਾਂ ਦਾ ਕਰਚਾ ਮਨੁੱਖ ਨੇ ਦੇਣਾ ਹੈ, ਇਕੱਠਾ ਕਰਚਾ ਤਾਂ ਦੇ ਨਹੀਂ ਸਕਦਾ, ਦੋਹਾਂ ਨਾਲ ਕਿਸ਼ਤਾਂ ਕਰ ਲੈਂਦਾ ਹੈ। ਉਹ ਸਮਝਦਾ ਹੈ ਕਿ ਸਾਰਾ ਦਿਨ ਰੱਬ ਨੂੰ ਚੇਤੇ ਰੱਖਣਾ ਉਹਨਾਂ ਬੰਦਿਆਂ ਦਾ ਕੰਮ ਹੈ ਜਿਨ੍ਹਾਂ ਨੂੰ ਹੋਰ ਕੰਮ ਨਹੀਂ। ਸੋ ਨਤੀਜਾ ਇਹ ਨਿਕਲਿਆ ਹੈ ਕਿ ਜਿਵੇਂ ਕਾਲਜ ਦੇ ਪ੍ਰੋਫ਼ੈਸਰ ਆਪਣਾ 'ਗਾਊਨ' ਸਿਰਫ਼ ਕਿਸੇ ਖ਼ਾਸ ਇਕੱਠ ਤੇ ਹੀ ਵਰਤਦੇ ਹਨ, ਅੱਗੇ ਪਿੱਛੇ ਉਹ ਟਰੰਕ ਵਿਚ ਹੀ ਪਿਆ ਰਹਿੰਦਾ ਹੈ, ਤਿਵੇਂ ਧਰਮ ਭੀ ਮੰਦਰ, ਮਸਜਿਦ ਤੇ ਗੁਰਦੁਆਰੇ ਲਈ ਰਹਿ ਗਿਆ ਹੈ। ,ਜਿਵੇਂ, ਕੋਈ ਵੇਹਲਾ ਮਨੁੱਖ ਭੀੜ ਵਿੱਚੋਂ ਦੀ ਲੰਘੇ; ਤਾਂ ਧੱਕੇ ਪੈਂਦਿਆਂ ਪੈਂਦਿਆਂ ਉਹ ਕਿਸੇ ਗੁੱਠੇ ਜਾ ਲੱਗਦਾ ਹੈ, ਤਿਵੇਂ, ਵਿਹਾਰੀ ਲੋਕਾਂ ਨੇ ਧਰਮ ਨੂੰ ਵੇਹਲਿਆਂ ਦਾ ਕੰਮ ਜਾਣ ਕੇ ਧਰਮ-ਅਸਥਾਨ ਦੀ ਗੁੱਠ ਵਿਚ ਜਾ ਰੱਖਿਆ ਹੈ। 'ਧਰਮ' ਇਕ ਐਸੀ ਕੌੜੀ ਦਵਾਈ ਸਮਝੀ ਗਈ ਹੈ, ਜੋ ਕਦੇ ਕਦੇ ਪੀਣੀ ਚਾਹੀਦੀ ਹੈ ਜਦੋਂ ਸਰੀਰ ਨੂੰ ਕੋਈ ਰੋਗ ਆ ਦਬਾਏ; ਆਤਮਾ ਦੀ ਰੋਜ਼ ਦੀ ਤੇ ਹਰ ਵੇਲੇ ਦੀ ਖ਼ੁਰਾਕ ਇਸ ਨੂੰ ਨਹੀਂ ਮੰਨਿਆ ਗਿਆ।

'ਦੀਨ' ਦਾ ਜੋ ਨਿਸ਼ਾਨਾ ਗੁਰੂ ਨਾਨਕ ਦੀ ਬਾਣੀ ਵਿਚ ਆਇਆ ਹੈ ਉਹ ਇਹਨਾਂ ਦੱਸੇ ਖ਼ਿਆਲਾਂ ਦੇ ਉਲਟ ਹੈ। ਗੁਰੂ ਆਖਦਾ ਹੈ ਕਿ ਰੋਜ਼ੀ ਦੀ ਖ਼ਾਤਰ 'ਘਾਲ ਕਮਾਈ' ਦਾ ਤੇ 'ਭਗਤੀ' ਦਾ ਆਪੋ ਵਿਚ ਅਜੋੜ ਨਹੀਂ ਹੈ। 'ਧਰਮ' ਮਨੁੱਖ ਦੇ ਫ਼ਰਜ਼ਾਂ ਵਿਚੋਂ ਕੋਈ ਇਕ ਫ਼ਰਜ਼ ਨਹੀਂ, ਸਗੋਂ ਇਹ ਇੱਕ ਐਸੀ ਸ਼ੈ ਹੈ ਜਿਸ ਦਾ ਹਰੇਕ ਇਨਸਾਨੀ ਫ਼ਰਜ਼ ਨਾਲ ਸਬੰਧ ਹੈ। ਪਵਿਤ੍ਰਤਾ ਨਿਰੀ ਧਰਮ-ਅਸਥਾਨਾਂ ਵਾਸਤੇ ਨਹੀਂ ਹੈ, ਹਰੇਕ ਥਾਂ ਲਈ ਹੈ। ਅਸੀਂ 'ਦੁਨੀਆਂ' ਦੇ ਕਾਰ-ਵਿਹਾਰ ਕਰਦੇ ਹਾਂ, ਪਰ ਇਸ ਕਾਰ-ਵਿਹਾਰ ਨਾਲ ਅਸਾਡੇ ਫੇਫੜਿਆਂ ਦੇ ਕੰਮ (ਸਾਹ ਲੈਣ) ਵਿਚ ਕੋਈ ਰੁਕਾਵਟ ਨਹੀਂ ਪੈਂਦੀ, ਖ਼ੂਨ ਭੀ ਸਰੀਰ ਵਿਚ ਗੇੜੇ ਲਾਈ ਜਾਂਦਾ ਹੈ, ਜਿਸਮ ਭੀ ਵਧਦਾ ਫੁੱਲਦਾ ਰਹਿੰਦਾ ਹੈ, ਭਾਂਵੇਂ ਵੇਹਲੇ ਬੈਠੇ

Digitized by Panjab Digital Library | www.panjabdigilib.org

ਹਾਂ, ਭਾਵੇਂ ਬੜੇ ਰੁੱਝੇ ਹੋਏ ਹਾਂ। ਜਿਸਮ ਦੀ ਪਰਵਰਿਸ਼ ਦਾ ਇਹ ਕੰਮ ਜਾਰੀ ਰਹਿੰਦਾ ਹੈ, ਏਸੇ ਤਰ੍ਹਾਂ 'ਰੂਹ' ਦੀ ਪਰਵਰਿਸ਼ ਦਾ ਕੰਮ 'ਦੁਨੀਆਂ' ਦੇ ਕੰਮਾਂ ਦੇ ਨਾਲ ਨਾਲ ਜਾਰੀ ਰਹਿਣਾ ਚਾਹੀਦਾ ਹੈ।

ਮਨੁੱਖ ਦੀ ਮੌਜੂਦਾ ਜ਼ਿੰਦਗੀ ਚੰਦ-ਰੋਜ਼ਾ[11] ਹੈ। ਜੇ ਇਸ ਦੁਨਿਆਵੀ ਜ਼ਿੰਦਗੀ ਨੂੰ ਕੁਰਬਾਨ ਕਰਨ ਤੋਂ ਬਿਨਾਂ ਉਸ ਅਟੱਲ ਆਤਮਕ ਜੀਵਨ ਦੇ ਹਾਸਲ ਕਰਨ ਦਾ ਹੋਰ ਵਸੀਲਾ ਨਾ ਹੋਵੇ ਤਾਂ ਇਸ ਨੂੰ ਕੁਰਬਾਨ ਕਰ ਦੇਣਾ ਹੀ ਸਿਆਣਪ ਹੈ, ਨਿਰੀ 'ਦੁਨੀਆਂ' ਦੀ ਖ਼ਾਤਰ ਪੱਟ ਪਹਿਨਣ ਨਾਲੋਂ ਲੀਰਾਂ ਪਾ ਲੈਣੀਆਂ ਚੰਗੀਆਂ ਹਨ। ਫ਼ਰੀਦ ਜੀ ਨੇ ਇਹੀ ਗੱਲ ਆਖੀ ਹੈ :—

"ਫ਼ਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ[12]।"

ਨਿਰਾ ਇਹੀ ਨਹੀਂ, ਜੇ 'ਦੁਨੀਆਂ' ਵਿਚ ਰਹਿ ਕੇ 'ਦੀਨ' ਨਾ ਮਿਲ ਸਕਦਾ ਹੋਵੇ; ਤਾਂ :—

"ਤਨੁ ਤਪੈ ਤਨੂਰ ਜਿਉਂ ਬਾਲਣ ਹਡ ਬਲੰਨਿ।
ਪੈਰੀਂ ਥਕਾਂ ਸਿਰਿ ਜੁਲਾਂ ਜੇ ਮੂ ਪਿਰੀ ਮਿਲੰਨਿ[13]।"

ਫਿਰ ਤਾਂ, ਦੁਨੀਆਂ ਵਿਚ ਹਰੇਕ ਕਿੱਤੇ ਦੇ ਮਨੁੱਖ ਦਾ ਫ਼ਰਜ਼ ਹੋਵੇਗਾ ਕਿ ਉਹ ਸਭ ਕੁੱਝ ਛੱਡ ਕੇ ਰੱਬੀ ਯਾਦ ਵਾਸਤੇ ਜੰਗਲ ਵਿਚ ਜਾ ਬੈਠੇ।

ਪਰ, ਇਹ ਨਾ-ਮੁਮਕਿਨ[14] ਹੈ ਕਿ ਸਾਰੇ ਬੰਦੇ ਕਿਰਤ-ਕਾਰ ਛੱਡ ਕੇ ਰੱਬੀ ਯਾਦ ਵਿਚ ਲੱਗ ਪੈਣ, ਇਤਨੀ ਕੁਰਬਾਨੀ ਅਸੰਭਵ ਹੈ ਤੇ ਇਹੀ ਗੱਲ ਇਕ ਪੱਕਾ ਸਬੂਤ ਹੈ ਕਿ ਇਸ ਕੁਰਬਾਨੀ ਦੀ ਲੋੜ ਨਹੀਂ ਹੈ, ਤਾਹੀਏਂ ਗੁਰੂ ਨਾਨਕ ਦੇਵ ਜੀ ਨੇ ਬਾਬਾ ਫ਼ਰੀਦ ਜੀ ਨੂੰ ਆਖਿਆ ਕਿ ਤੁਹਾਡਾ ਖ਼ਿਆਲ ਤਾਂ ਠੀਕ ਹੈ ਕਿ ਜੇ 'ਦੀਨ' ਤੇ 'ਦੁਨੀਆਂ' ਦੋਹਾਂ ਵਿਚੋਂ ਇਕ ਚੀਜ਼ ਛੱਡਣੀ ਹੀ ਪਏ ਤਾਂ 'ਦੁਨੀਆਂ' ਛੱਡ ਦੇਣੀ ਚਾਹੀਦੀ ਹੈ; ਪਰ, ਇਸ ਦੀ ਲੋੜ ਨਹੀਂ, ਦੋਹਾਂ ਦਾ ਆਪੋ ਵਿੱਚ ਅਜੋੜ ਨਹੀਂ ਹੈ :—

Digitized by Panjab Digital Library | www.panjabdigilib.org

'ਕਾਹਿ ਪਟੋਲਾ ਪਾੜਤੀ ਕੰਬਲੜੀ ਪਹਿਰੇਇ ।
ਨਾਨਕ ਘਰ ਹੀ ਬੈਠਿਆਂ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ' ।ਮ: ੩।

ਦੁਨੀਆਂ ਦੇ ਇਸ ਨਜ਼ਾਮ[15] ਨੂੰ ਚਲਾਣ ਵਾਲਾ ਕੋਈ ਐਸਾ ਹਾਕਮ ਨਹੀਂ ਜੋ ਬੰਦਿਆਂ ਵਾਸਤੇ ਅਜੇਹੇ ਕੰਮ ਜ਼ਰੂਰੀ ਥਾਪ ਦੇਵੇ ਜਿਹੜੇ ਅਮਲ ਵਿਚ ਨਾ ਆ ਸਕਣ । ਇਸ ਪੰਜ-ਭੌਤਿਕ[16] ਦੁਨੀਆਂ ਵਿਚ ਕਿਤੇ ਕੋਈ ਵਿਰੋਧੀ ਨਿਯਮ ਨਹੀਂ ਹਨ, ਮਾਨਸਕ ਮੰਡਲ (Moral World) ਵਿਚ ਭੀ ਕੋਈ ਐਸੇ ਕਾਨੂੰਨ ਨਹੀਂ ਹਨ ਕਿ ਇਕ ਦੀ ਖ਼ਾਤਰ ਦੂਜੇ ਨੂੰ ਤਿਆਗਣਾ ਪਏ ।

ਗੁਰੂ ਅਰਜਨ ਸਾਹਿਬ ਨੇ ਫ਼ੁਰਮਾਇਆ ਹੈ:—

"ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ[17] ।"

ਜੇ ਰੱਬ ਚਾਹੁੰਦਾ ਤਾਂ ਬੰਦਿਆਂ ਵਾਸਤੇ ਭੀ ਭੋਜਨ ਦੀ ਵਰਖਾ ਉੱਤੋਂ ਹੀ ਕਰ ਦੇਂਦਾ, ਪਰ ਇਹ ਨਹੀਂ ਹੋਇਆ । ਜੇ ਮਨੁੱਖ ਕੰਮ ਬੰਦ ਕਰ ਦੇਵੇ ਤਾਂ ਸਾਰੀ ਤਰੱਕੀ ਬੰਦ ਹੋ ਜਾਏ । 'ਧਰਮ' ਭੀ ਇਨਸਾਨੀ ਤਰੱਕੀ ਵਾਸਤੇ ਹੀ ਹੈ, ਸੋ ਇਹ ਮਿਹਨਤ ਤੇ ਕਿਰਤ ਦਾ ਵਿਰੋਧੀ ਨਹੀਂ ਹੈ ।

ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ— ਗੁਰੂ ਨਾਨਕ

ਆਪਣੇ ਕਮਰੇ ਵਿਚ ਕੰਧ ਨਾਲ ਲਟਕਿਆ ਹੋਇਆ ਕਲਾਕ ਤੁਸੀਂ ਰੋਜ਼ ਵੇਖਦੇ ਹੋ, ਕਦੇ ਉਪਰਲਾ ਪਰਦਾ ਚੁੱਕ ਕੇ ਉਸ ਦੇ ਪੁਰਜ਼ੇ ਵੇਖੋ, ਬੜੇ ਨਾਜ਼ਕ ਹੁੰਦੇ ਹਨ । ਇਸ ਮਸ਼ੀਨਰੀ ਦੀ ਸਾਰ ਨਾ ਜਾਨਣ ਵਾਲਾ ਮਨੁੱਖ ਜਦੋਂ ਇਹਨਾਂ ਨਾਜ਼ਕ ਪੁਰਜ਼ਿਆਂ ਨੂੰ ਵੇਖਦਾ ਹੈ, ਤੇ ਨਾਲ ਹੀ ਉਸ ਕਲਾਕ ਵਿਚ ਲਟਕਦੇ ਪੈਂਡੂਲਮ ਦਾ ਭਾਰ ਜਾਚਦਾ ਹੈ ਤਾਂ ਖ਼ਿਆਲ ਕਰਦਾ ਹੈ ਕਿ ਜੇ ਇਹ ਭਾਰ ਕਲਾਕ ਨਾਲੋਂ ਲਾਹ ਲਿਆ ਜਾਏ ਤਾਂ ਕਲਾਕ ਦੇ ਪੁਰਜ਼ੇ ਕਿਹੇ ਸੌਖੇ ਤੁਰਨ । ਅੰਞਾਣ ਨੂੰ ਇਹ ਭਾਰ ਕਲਾਕ ਦੀ ਮਸ਼ੀਨਰੀ ਦੇ ਚੱਲਣ ਦੇ ਰਾਹ ਵਿਚ ਰੁਕਾਵਟ ਜਾਪਦਾ ਹੈ, ਪਰ ਅਸਲ ਗੱਲ

Digitized by Panjab Digital Library | www.panjabdigilib.org

ਇਹ ਹੈ ਕਿ ਇਹ ਭਾਰ ਕਲਾਕ ਦੇ ਪੁਰਜ਼ਿਆਂ ਦੀ ਰਫ਼ਤਾਰ ਨੂੰ ਟਿਕਵੀਂ ਰੱਖਣ ਵਾਸਤੇ ਹੈ। ਇਸੇ ਤਰ੍ਹਾਂ ਮਨੁੱਖ ਦੀਆਂ ਦੁਨੀਆਵੀ ਜ਼ਿਮੇਂਵਾਰੀਆਂ ਦਾ ਭਾਰ ਇਸ ਦੀ ਆਤਮਕ ਜ਼ਿੰਦਗੀ ਦੀ ਨਾਜ਼ਕ ਰਫ਼ਤਾਰ ਨੂੰ ਇਕ-ਸੁਰ ਤੇ ਅਡੋਲ ਰੱਖਣ ਵਾਸਤੇ ਹੈ, ਜੇ ਇਹ ਭਾਰ ਲਾਹ ਕੇ ਪਰ੍ਹੇ ਰੱਖ ਦਿਤਾ ਜਾਏ ਤਾਂ ਆਤਮਕ ਜੀਵਨ ਦੀ ਮਸ਼ੀਨਰੀ ਭੀ ਬੇ-ਥਵ੍ਹੀ ਹੋ ਜਾਂਦੀ ਹੈ।

ਅਕਾਸ਼ ਵਿਚ ਚੰਦਰਮਾ ਤੇ ਹੋਰ ਸਈਆਰਿਆਂ[18] ਵਲ ਤੱਕੋ, ਹਰੇਕ ਦੀ ਦੋਹਰੀ ਚਾਲ ਹੈ: ਇਕ ਆਪਣੇ ਚੱਕਰ-ਮੰਡਲ ਵਿਚ, ਤੇ ਦੂਜੀ ਆਪਣੇ ਧੁਰੇ ਦੇ ਦੁਆਲੇ। ਇਕ ਚਾਲ ਦੂਜੀ ਚਾਲ ਦਾ ਵਿਰੋਧ ਨਹੀਂ ਕਰਦੀ, ਦੋਵੇਂ ਇਕੱਠੀਆਂ ਹੀ ਇਕ-ਸੁਰ ਚੱਲੀਆਂ ਜਾ ਰਹੀਆਂ ਹਨ। ਇਨਸਾਨੀ ਜ਼ਿੰਦਗੀ ਦੀਆਂ ਭੀ ਦੋ ਹੀ ਚਾਲਾਂ ਹਨ; ਇਕ ਦੁਨੀਆਵੀ ਕੇਂਦਰ ਦੇ ਦੁਆਲੇ, ਤੇ ਦੂਜੀ ਰੂਹਾਨੀ ਕੇਂਦਰ ਦੇ ਗਿਰਦੇ। ਦੋਵੇਂ ਚਾਲਾਂ ਇਕ-ਸੁਰ ਰਹਿਣੀਆਂ ਹਨ, ਤਾਹੀਏਂ ਹੁਕਮ ਹੈ।

"ਹਾਥ ਪਾਉ ਕਰਿ ਕਾਮ ਸਭਿ ਚੀਤੁ ਨਿਰੰਜਨ ਨਾਲਿ।"

Digitized by Panjab Digital Library | www.panjabdigilib.org

ਪ੍ਰੋ੦ ਬ੍ਰਿਜ ਲਾਲ ਸ਼ਾਸਤ੍ਰੀ

# ਰਾਵਣ ਦਾ ਅੰਤ

ਲੰਕਾ ਦੇ ਰਾਹ ਵਿਚ, ਇਕ ਪਾਸੇ ਕਰਕੇ, ਨਿਕੁੰਭਲਾ ਦਾ ਮੰਦਰ ਸੀ, ਜਿਸ ਵਿਚ ਇੰਦ੍ਰਜੀਤ[1] ਕੋਈ ਹਵਨ ਕਰ ਰਿਹਾ ਸੀ। ਹਵਨ ਪੂਰਾ ਕਰ ਕੇ ਉਸ ਵਿਚ ਕੋਈ ਅਜਿਹੀ ਸ਼ਕਤੀ ਆ ਜਾਣੀ ਸੀ ਕਿ ਫੇਰ ਤਿੰਨਾਂ ਲੋਕਾਂ[2] ਵਿਚ ਉਸ ਨੂੰ ਜਿੱਤਣ ਜੋਗਾ ਕੋਈ ਨਹੀਂ ਸੀ ਰਹਿਣਾ। ਵਿਭੀਖਣ[3] ਇਹ ਜਾਣਦਾ ਸੀ। ਉਸ ਨੇ ਲਛਮਣ ਨੂੰ ਕਿਹਾ, "ਇਹ ਕਾਲੀ ਘਟਾ ਵਾਂਗ ਰਾਕਸ਼ਾਂ ਦੀ ਸੈਨਾ ਖਲੋਤੀ ਏ। ਬਾਂਦਰ ਰਿੱਛ ਇੱਕੋ ਵਾਰ ਟੁੱਟ ਕੇ ਜਾ ਪੈਣ। ਗੜ-ਬੜ ਮਚ ਜਾਣ ਤੇ, ਇੰਦ੍ਰਜੀਤ, ਆਪੇ ਹਵਨ ਪੂਰਾ ਕੀਤੇ ਬਾਝ, ਸਾਮ੍ਹਣੇ ਆ ਜਾਏਗਾ, ਫੇਰ ਉਹਦੇ ਨਾਲ ਸਿੱਝ ਲਵਾਂਗੇ। ਨਾਲੇ ਹਵਨ ਰੁਕ ਜਾਏਗਾ।"

ਘਮਸਾਨ ਦਾ ਜੁੱਧ ਹੋਇਆ। ਬਾਂਦਰ, ਰਿੱਛ ਮਰਨ ਮਾਰਨ ਤੇ ਤੁਲੇ ਹੋਏ, ਰਾਕਸ਼ਾਂ ਦੇ ਪੜਛੇ ਲਾਹੁਣ ਲੱਗੇ। ਉਨ੍ਹਾਂ ਵਿਚ ਹੂ ਹਾ ਤੇ ਭਾਜੜ ਪੈ ਗਈ। ਲਛਮਣ ਦੇ ਭੁੱਖੇ ਤੀਰ ਹਾਬੜ ਕੇ ਪੈ ਰਹੇ ਸਨ ਤੇ ਰਾਕਸ਼ਾਂ ਦੀਆਂ ਜਾਨਾਂ ਦਬਾਦਬ ਲੈ ਰਹੇ ਸਨ। ਓਹੋ ਗੱਲ ਹੋਈ। ਇੰਦ੍ਰਜੀਤ ਅੱਧ-ਕੀਤੇ ਹਵਨ ਤੋਂ ਉੱਠਿਆ। ਲਛਮਣ ਨੂੰ ਲਲਕਾਰਿਆ। ਪਰ ਜਿਸ ਵੇਲੇ ਚਾਚੇ ਜੀ ਤੇ ਉਸ

Digitized by Panjab Digital Library | www.panjabdigilib.org

ਦੀ ਨਜ਼ਰ ਪਈ ਤਾਂ ਉਹ ਅੱਗ ਭਬੂਕਾ ਹੋ ਗਿਆ ਤੇ ਬੋਲਿਆ, 'ਬੱਲੇ ਚਾਚਾ! ਮਾਂ ਪਿਓ ਦਿਆ ਪੁੱਤਰਾ! ਤਾਰ ਬੰਨੇ ਲਾਇਆ ਈ, ਬੰਸ ਨੂੰ। ਨਾਂ ਕੱਢਿਆ ਈ ਵੱਡਿਆਂ ਵਡੇਰਿਆਂ ਦਾ! ਆਪਣਿਆਂ ਨੂੰ ਛੱਡ ਕੇ ਪਰਾਇਆਂ ਦੀ ਗ਼ੁਲਾਮੀ ਕਰਨੀ ਨੀਚਤਾ ਏ, ਪਰ ਵੈਰੀ ਨਾਲ ਮਿਲ ਕੇ ਆਪਣਿਆਂ ਨਾਲ ਵੈਰ ਕਮਾਣਾ ਕੋਈ ਪਾਪ ਜੇਹਾ ਪਾਪ ਨਹੀਂ। ਦੂਰ ਹੋ ਅੱਖੋਂ, ਜਿੰਨਾਂ!"

ਵਿਭੀਖਣ ਬੋਲਿਆ, "ਮੌਤ ਆਉਂਦੀ ਏ ਤਾਂ ਵੱਡਿਆਂ ਦੀ ਹੱਤਕ ਸੁੱਝਦੀ ਏ, ਮੂਰਖਾ! ਦੂਜੇ ਦੀ ਤੀਵੀਂ ਚੁਰਾ ਲੈਣੀ ਕਿੱਥੇ ਧਰਮ ਦੱਸਿਆ ਏ? ਮੌਤ ਦਿਆ ਮੰਗਤਿਆ! ਨਾ ਲੰਕਾ ਰਹੇਗੀ, ਨਾ ਤੂੰ ਰਹੇਂਗਾ, ਨਾ ਤੇਰਾ ਪਿਉ ਰਹੇਗਾ, ਆਕੜੀ ਜਾ ਤੇ ਬਕੀ ਜਾ। ਦੁਸ਼ਟਾ, ਇਸ ਲਛਮਣ ਨਾਲ ਹੁਣ ਗੱਲ ਕਰ!" ਚੜ੍ਹਦੇ ਸੂਰਜ ਵਾਂਗ ਡਲ੍ਹਕਦੇ ਲਛਮਣ ਨੂੰ ਦੇਖ ਕੇ ਇੰਦ੍ਰਜੀਤ ਗਰਜ ਕੇ ਬੋਲਿਆ, "ਆਏ ਓ ਜੀ? ਬਚ ਗਏ ਸਾਓ ਉਸ ਦਿਨ? ਸ਼ਾਇਦ ਅੱਜ ਮਰਨ ਵਾਸਤੇ ਉਸ ਦਿਨ ਜੀ ਪਿਆ ਸੈਂ, ਲਛਮਣ! ਹੋ ਸਾਹਮਣੇ!" ਲਛਮਣ ਧਨੁਸ਼[4] ਨੂੰ ਟੁਣਕਾਰ ਕੇ ਬੋਲਿਆ, "ਚੋਰਾਂ ਦਿਆ ਚੋਰਾ! ਹੋ ਸਾਹਮਣੇ!"

ਸੱਪਾਂ ਵਾਂਗ ਸ਼ੂਕਦੇ ਇੰਦ੍ਰਜੀਤ ਦੇ ਬਾਣ ਲਛਮਣ ਦੇ ਲਹੂ ਵਿਚ ਨਹਾਣ ਲੱਗੇ। ਆਪਣੇ ਲਹੂ ਵਿਚ ਨਹਾਉਂਦੇ ਲਛਮਣ ਨੇ ਇੰਦ੍ਰਜੀਤ ਨੂੰ ਵਿੰਨ ਕੇ ਫੁਹਾਰਾ ਬਣਾ ਦਿੱਤਾ। ਨਹਿਲੇ ਦਾ ਉੱਤਰ ਦਹਿਲਾ ਮਿਲਿਆ ਦੇਖ ਕੇ ਇੰਦ੍ਰਜੀਤ ਕੁਝ ਝਵਿਆਂ[5]। ਵਿਭੀਖਣ ਨੇ ਉਹਦਾ ਇਹ ਰੰਗ ਡਿੱਠਾ ਤੇ ਲਛਮਣ ਨੂੰ ਕਿਹਾ, "ਇਹ ਢਹਿੰਦੀਆਂ ਕਲਾਂ ਵਿਚ ਈ। ਇਹੋ ਵੇਲਾ ਈ ਇਹਨੂੰ ਛੇਤੀ ਮਾਰ ਮੁਕਾਣ ਦਾ। ਲਾ ਦੇ ਝੜੀ! ਲਛਮਣ ਨੇ ਝੜੀ ਲਾ ਦਿੱਤੀ। ਇੰਦ੍ਰਜੀਤ ਵਿੱਚੋਂ ਕੰਬਿਆ ਤੇ ਕੱਸ ਕੇ ਮਾਰਨ ਲੱਗਾ ਬਾਣ ਲਛਮਣ ਨੂੰ, ਹਨੂੰਮਾਨ ਤੇ ਵਿਭੀਖਣ ਨੂੰ। ਲਛਮਣ ਹੱਸਿਆ ਤੇ ਬੋਲਿਆ, "ਰਾਕਸ਼! ਇਹ ਤੀਰ ਨੇ ਕਿ ਤੀਰੀਆਂ?" ਲਛਮਣ ਤੇ ਇੰਦ੍ਰਜੀਤ ਇਕ ਦੂਜੇ ਨੂੰ ਜੀਭ ਦੇ ਤੇ ਧਨੁਸ਼ ਦੇ ਬਾਣ ਮਾਰੀ ਜਾ ਰਹੇ ਸਨ।

Digitized by Panjab Digital Library | www.panjabdigilib.org

ਸਿਰ ਧੜ ਦੀਆਂ ਬਾਜ਼ੀਆਂ ਸਨ। ਦੋਹਾਂ ਦੇ ਕਵਚ[6] ਟੁੱਟ ਗਏ। ਦੋਵੇਂ ਲਹੂ ਲੁਹਾਣ ਹੋ ਗਏ। ਜਿਵੇਂ ਪਲਾਹ ਫੁੱਲੇ ਹੋਏ ਖਲੋਤੇ ਹੋਣ। ਇਹ ਸਾਂਵਾਂ ਭੇੜ ਸੀ। ਬਾਣਾਂ ਨੂੰ ਬਾਣ ਕੱਟ ਰਹੇ ਸਨ। ਸੱਪਾਂ ਨੂੰ ਸੱਪ ਲੜ ਰਹੇ ਸਨ।

ਵਿਭੀਖਣ ਨੇ ਸੋਚਿਆ ਕਿਤੇ ਖੇਡ ਪੁੱਠੀ ਨਾ ਪੈ ਜਾਏ। ਧਨੁਸ਼ ਖਿੱਚ ਕੇ ਅੱਗੇ ਵਧਿਆ ਤੇ ਬਾਣ ਤੇ ਬਾਣ ਮਾਰ ਕੇ ਰਾਕਸ਼ਾਂ ਦੇ ਕੜਾਕੇ ਕੱਢ ਦਿੱਤੇ ਤੇ ਬਾਂਦਰਾਂ ਨੂੰ ਬੋਲਿਆ, "ਕਿਹੜਾ ਵੇਲਾ ਦੇਖਦੇ ਓ? ਰੁੱਖ ਤੇ ਪੱਥਰ ਮੁੱਕ ਗਏ ਨੇ ਕੀ? ਕੁੰਭਕਰਣ, ਪ੍ਰਹਸਤ, ਕੁੰਭ, ਨਿਕੁੰਭ, ਅਕੰਪਨ, ਦੇਵਾਂਤਕ, ਅਤੀਕਾਯ ਤੇ ਹੋਰ ਵੱਡੇ ਵੱਡੇ ਜੋਧੇ ਤੁਸਾਂ ਹੀ ਮਾਰ ਮੁਕਾਏ ਸਨ। ਤੁਸਾਂ ਹੱਥ ਮਾਰ ਕੇ ਸਮੁੰਦਰ ਪਾਰ ਕਰ ਲਿਆ। ਹੁਣ ਇਹੋ ਛਪੜੀ ਜਿਹੀ ਰਹਿ ਗਈ ਏ। ਕਿਹੜੀ ਗੱਲ ਏ? ਟੱਪ ਜਾਓ ਛੜੱਪਾ ਮਾਰ ਕੇ!' ਬਾਂਦਰ ਮੱਚੇ। ਨਾਲ ਹੀ ਜਾਂਬਵੰਤ ਤੇ ਉਹਦੇ ਰਿੱਛ ਛਿੜ ਪਏ। ਰਾਕਸ਼ ਵੀ ਘਰੋਂ ਮਰਨ ਮਾਰਨ ਧਾਰ ਕੇ ਆਏ ਸਨ। ਉਹ ਜੁੱਧ ਹੋਇਆ ਕਿ ਰਹੇ ਨਾਂ ਸਾਈਂ ਦਾ। ਦੇਵਤਿਆ ਦਾਨਵਾਂ[7] ਦੀ ਲੜਾਈ ਮਾਤ ਪੈ ਗਈ। ਇੰਦ੍ਰਜੀਤ ਲੀਲੜੀ[8] ਵਾਂਗ ਲੰਕਾ ਦੇ ਮੱਪ ਵਿਭੀਖਣ ਉੱਤੇ ਚੋਟ ਤੇ ਚੋਟ ਕਰਨ ਲੱਗਾ। ਹਨੂੰਮਾਨ ਨੂੰ ਬਾਣਾਂ ਦੇ ਹਾਰ ਪਾ ਦਿੱਤੇ। ਲਛਮਣ ਵੱਲ ਉਛਲਿਆ। ਦੋਹਾਂ ਸਾਵਿਆਂ ਸੂਰਵੀਰਾਂ ਦਾ ਭੱਥਿਆਂ[9] ਵਿਚੋਂ ਬਾਣ ਕੱਢਣਾ, ਧਨੁਸ਼ ਤੇ ਰੱਖਣਾ, ਧਨੁਸ਼ ਦਾ ਇਕ ਹੱਥੋਂ ਦੂਜੇ ਵਿਚ ਲੈ ਜਾਣਾ, ਮੁੱਠੀ ਵਿਚ ਉਹਨੂੰ ਫੜਨਾ, ਕੰਨਾਂ ਤਕ ਖਿੱਚਣਾ, ਬਾਣ ਛੱਡਣਾ, ਨਿਸ਼ਾਨਾ ਢੂੰਡਣਾ—ਇਹ ਸਭ ਕੁੱਝ ਨਹੀਂ ਸੀ ਦਿੱਸਦਾ। ਬਸ ਬਾਣ ਬਰਸ ਰਹੇ ਸਨ। ਅਕਾਸ਼ ਭਰ ਰਿਹਾ ਸੀ। ਸੂਰਜ ਦੀਆਂ ਕਿਰਨਾਂ ਦੇ ਰਾਹ ਰੁਕ ਗਏ। ਹਨੇਰ ਛਾ ਗਿਆ। ਖ਼ੂਨ ਦੀਆਂ ਨਦੀਆਂ ਵਗ ਗਈਆਂ।

ਲਛਮਣ ਦਾ ਇਕ ਬਾਣ ਇੰਦ੍ਰਜੀਤ ਦੇ ਕੋਚਵਾਨ ਦੀ ਗਿੱਚੀ ਤੇ ਲੱਗਾ ਤੇ ਉਹਦਾ ਸਿਰ ਉਡਾ ਕੇ ਲੈ ਗਿਆ। ਇੰਦਜੀਤ ਨਾਲੇ

Digitized by Panjab Digital Library | www.panjabdigilib.org

ਲੜਾਈ ਲੜਦਾ ਗਿਆ, ਨਾਲੇ ਘੋੜੇ ਚਲਾਂਦਾ ਗਿਆ। ਉਹਦੀ ਫੁਰਤੀ ਦੇਖ ਸਭ ਹੈਰਾਨ ਰਹਿ ਗਏ। ਉਹ ਘੋੜੇ ਚਲਾਂਦਾ ਸੀ, ਲਛਮਣ ਉਸ ਤੇ ਤੀਰ ਚਲਾਂਦਾ ਸੀ। ਉਹ ਤੀਰ ਮਾਰਦਾ ਸੀ, ਲਛਮਣ ਉਹਦੇ ਘੋੜਿਆਂ ਨੂੰ ਤੀਰ ਮਾਰਦਾ ਸੀ। ਇਸ ਤਰ੍ਹਾਂ ਲਛਮਣ ਇੰਦ੍ਰਜੀਤ ਦੀ ਨੱਕ ਜਿੰਦ ਕਰ ਰਿਹਾ ਸੀ। ਇੰਨੇ ਵਿਚ ਚਾਰ ਬਾਂਦਰ ਜੋਧੇ ਆਪਣੇ ਪਰ੍ਹੇ ਵਿਚੋਂ ਕੁੱਦ ਕੇ ਰਥ ਦੇ ਘੋੜਿਆਂ ਤੇ ਜਾ ਪਏ ਤੇ ਮੁੱਕਿਆਂ, ਧੱਕਿਆਂ, ਮਰੋੜਿਆਂ ਨਾਲ ਉਨ੍ਹਾਂ ਨੂੰ ਅਧਮੋਏ ਕਰਕੇ ਸੁੱਟ ਦਿੱਤਾ ਤੇ ਰਥ ਤੋੜ ਤਾੜ ਕੇ ਉਛਲ ਕੇ ਆਪਣੇ ਪਾਸੇ ਆ ਗਏ।

ਸਾਵਾਂ ਭੇੜ ਤੇ ਹੁਣ ਹੋਇਆ। ਘਾਉ ਖਾਧੇ ਸਿੰਘ[10] ਵਾਂਗ ਇੰਦ੍ਰਜੀਤ ਗਰਜਿਆ। ਛਿੜੇ ਹੋਏ ਫਨੀਅਰ ਵਾਂਗ ਲਛਮਣ ਸ਼ੂਕਿਆ। ਪਿਛਲੀਆਂ ਟੱਕਰਾਂ ਵੀ ਮਾਤ ਪਈਆਂ। ਗੁੱਸੇ ਕੱਢ ਕੱਢ ਕੇ ਲੜੇ। ਮੰਤ੍ਰੇ ਹੋਏ ਅਸਤ੍ਰ[11] ਚੱਲਣ ਲੱਗੇ। ਜਮ ਦੇ ਅਸਤ੍ਰ ਕੁਬੇਰ[12] ਦੇ ਅਸਤ੍ਰ, ਬ੍ਰਹਮਾਂ ਦੇ ਅਸਤ੍ਰ, ਰੁਦ੍ਰ[13] ਦੇ ਅਸਤ੍ਰ, ਅਗਨੀ ਦੇ ਅਸਤ੍ਰ, ਵਰੁਣ[14] ਦੇ ਅਸਤ੍ਰ ਚੱਲ ਰਹੇ ਸਨ ਤੇ ਪਰਲੋ[15] ਮੂੰਹ ਵੱਟ ਕੇ ਦੇਖ ਰਹੀ ਸੀ, ਦੇਵਤੇ ਸਾਵੇ ਪੀਲੇ ਹੋ ਕੇ ਤੱਕ ਰਹੇ ਸਨ, ਰਿਸ਼ੀ, ਯੋਗੀ, ਸਿੱਧ ਕੰਬ ਕੰਬ ਝਾਤਾਂ ਮਾਰ ਰਹੇ ਸਨ।

ਅੰਤ ਲਛਮਣ ਨੇ ਇੰਦ੍ਰ ਦਾ ਅਸਤ੍ਰ ਫੜਿਆ ਇਸੇ ਨਾਲ ਇੰਦ੍ਰ ਨੇ ਦੇਵਤਿਆਂ ਅਸੁਰਾਂ[16] ਦੀ ਲੜਾਈ ਜਿਤੀ ਸੀ। ਅਸਤ੍ਰ ਨੂੰ ਇਹ ਕਹਿ ਕੇ ਕਿ ਜੇ ਰਾਮ ਜਤੀ ਸਤੀ ਏ ਤਾਂ ਕੁੱਝ ਕਰ ਵਿਖਾ, ਲਛਮਣ ਜੀ ਨੇ ਇੰਦ੍ਰਜੀਤ ਤੇ ਛੱਡ ਦਿੱਤਾ। ਇੰਦ੍ਰਜੀਤ ਜਿਵੇਂ ਅੱਗੇ ਹੀ ਮਰ ਚੁੱਕਾ ਸੀ। ਅਸਤ੍ਰ ਦੇ ਲਗਦੇ ਹੀ ਉਸ ਦਾ ਸਿਰ ਧੜ ਤੋਂ ਵੱਖਰਾ ਹੋ ਗਿਆ।

ਰਾਵਣ ਦੇ ਦਸੇ ਸਿਰ ਕੰਬ ਰਹੇ ਸਨ। ਪਿੰਜਰੇ ਪਏ ਰੋਗੀ ਸ਼ੀਂਹ[17] ਵਾਂਗ ਚੱਕਰ ਲਾ ਰਿਹਾ ਸੀ। ਬੁੱਝਦੇ ਹੋਏ ਕੋਲਿਆਂ ਵਾਂਗ ਉਹਦੀਆਂ ਵੀਹਾਂ ਅੱਖਾਂ ਦੀ ਲਾਲੀ ਸੋਗ ਦੀ ਸੁਆਹ ਵਿਚ ਲੁਕ

Digitized by Panjab Digital Library | www.panjabdigilib.org

ਗਈ ਸੀ। ਕੁੰਭਕਰਣ ਗਿਆ—ਮੇਘਨਾਥ ਗਿਆ—ਸੈਨਾ ਗਈ—ਜੋਧੇ ਗਏ। ਲੰਕਾ ਢੇਰ ਹੋ ਗਈ। ਘਰ ਦਾ ਭੇਤੀ ਚੜ੍ਹਾਈਆਂ ਵਿਚ ਸੀ। ਹੁਣ ਰਾਵਣ ਦਾ ਜੀਵਨ ਗਿਰੀਓਂ ਖ਼ਾਲੀ ਹਿੰਦਵਾਣੇ[18] ਦਾ ਖਰੋਪੜ ਸੀ। ਰਾਕਸ਼ਾਂ ਦਾ ਕੁੱਲ[19] ਬਾਝ ਥੰਮਾਂ ਦੇ ਛੱਤ ਸੀ। ਰਾਵਣ ਸੀ ਕਿ ਉਹਦਾ ਮਸਾਣ ਸੀ ? ਲੰਕਾ ਸੀ ਕਿ ਕੋਈ ਝਾਉਲਾ ਸੀ। ਰਾਵਣ ਦਾ ਲੱਕ ਟੁੱਟ ਗਿਆ। ਬਾਹਵਾਂ ਭੱਜ ਗਈਆਂ। ਉਹ ਕੰਬ ਰਿਹਾ ਸੀ ਤੇ ਚੱਕਰ ਲਾ ਰਿਹਾ ਸੀ।

ਮੰਤ੍ਰੀ ਸਮਝਾ ਰਹੇ ਸਨ ਤੇ ਧਰਵਾਸ ਦੇ ਰਹੇ ਸਨ। ਸਮਝਾਂ-ਦਿਆਂ ਬੁਝਾਂਦਿਆਂ ਇਹ ਗੱਲ ਨਿਕਲੀ ਕਿ ਇੰਦ੍ਰਜੀਤ ਲਛਮਣ ਤੋਂ ਨਹੀਂ ਸੀ ਮਰਦਾ। ਪਰ ਪੈਰ ਪੈਰ ਤੇ ਵਿਭੀਖਣ ਨੇ ਇੰਦ੍ਰਜੀਤ ਦੇ ਵਾਰਾਂ ਤੇ ਅਸਤਰਾਂ ਦੇ ਭੇਤ ਦਸ, ਦਾਉ ਸੁਝਾਏ, ਨਾਲ ਲਗ ਕੇ ਲੜਿਆ ਤਾਂ ਇਹ ਅਨਹੋਣੀ ਹੋਈ। ਰਾਵਣ ਦਾ ਸੋਗ ਕ੍ਰੋਧ ਵਿਚ ਬਦਲਿਆ ਤੇ ਮੁੜ ਰਾਵਣ ਬਣ ਕੇ ਬੋਲਿਆ, "ਮੈਂ ਰਾਵਣ ! ਦੇਵਤਿਆਂ ਦਾਨਵਾਂ ਨੂੰ ਠੂਠੇ ਪਾਣੀ ਪਿਆਵਾਂ ! ਪਹਾੜ ਉਡਾਵਾਂ ! ਸਾਗਰ ਸੁਕਾਵਾਂ ! ਮੈਂ ਰਾਵਣ ! ਜਿਸ ਦਸੇ ਸਿਰ ਹੋਮ ਦਿੱਤੇ, ਕੈਲਾਸ਼ ਚੀਚੀ ਤੇ ਚੁੱਕ ਲਿਆ ! ਮੇਰਾ ਸੂਰਜ ਵਾਂਗ ਚਮਕਦਾ ਕਵਚ, ਬ੍ਰਹਮਾ ਜੀ ਦੀ ਦਾਤ, ਜਿਸ ਨੂੰ ਦੇਵਤਿਆਂ ਦਾਨਵਾਂ ਦੇ ਜੁੱਧ ਵਿਚ ਕੋਈ ਕੁੱਝ ਨਾ ਕਰ ਸਕਿਆ, ਇਹ ਪਾ ਕੇ ਜਾਨਾਂ। ਇਕ ਇੰਦ ਕੀ, ਸੌ ਵੀ ਆ ਕੇ, ਮੇਰੇ ਸਾਮ੍ਹਣੇ ਨਾ ਠਹਿਰਣਗੇ। ਅੱਜ ਧ਼ਰਤੀ ਬਾਂਦਰਾਂ ਰਿਛਾਂ ਤੋਂ ਵਾਂਝੀ ਗਈ। ਅਜ ਰਾਮ ਲਛਮਣ ਦਾ ਦਾਣਾ ਪਾਣੀ ਮੁੱਕ ਗਿਆ। ਅਜ ਇਸ ਕੁੱਤੇ, ਕੀੜੇ, ਕਮੀਨੇ, ਨੀਚਾਂ ਦੇ ਨੀਚ ਵਿਭੀਖਣ ਦੀ ਖੇਹ ਉੱਡ ਕੇ ਨਰਕਾਂ ਵਿਚ ਚਲੀ ਜਾਏਗੀ !"

ਗੁੱਸੇ ਦੇ ਦਰਿਆ ਦੀ ਲਹਿਰ ਰਾਕਸ਼ ਨੂੰ ਅਸ਼ੋਕ ਬਣ ਵੱਲ ਲੈ ਟੁਰੀ। ਤਲਵਾਰ ਸੂਤ ਕੇ ਉਹ ਸੀਤਾ ਜੀ ਦੀ ਅਲ਼ਖ ਮੁਕਾਉਣ[20] ਟੁਰ ਪਿਆ। ਸਭਾ ਵਿਚ ਬੈਠਿਆਂ ਨੇ ਉਹਦਾ ਇਹ ਰੰਗ ਦੇਖਿਆ ਤੇ ਇਕ ਦੂਜੇ ਵੱਲ ਦੇਖਣ ਲਗੇ। ਮੰਤ੍ਰੀ ਸੁਪਾਸ਼ ਰਾਵਣ

Digitized by Panjab Digital Library | www.panjabdigilib.org

ਨੂੰ ਪਿਆਰਾ ਸੀ । ਉਸ ਰਾਵਣ ਅੱਗੇ ਬੇਨਤੀ ਕੀਤੀ ਕਿ ਇਹ ਕੰਮ ਨਾ ਕਰੋ । ਰਾਵਣ ਤਲਵਾਰ ਭਵਾਂਦਾ ਅਸ਼ੋਕਵਾੜੀ ਵੱਲ ਜਾ ਰਿਹਾ ਸੀ । ਉਹ ਪੁੰਨ ਵਾਂਗ ਪਾਪੀ ਦਾ ਪਿੱਛਾ ਕਰ ਰਿਹਾ ਸੀ । ਰਾਵਣ ਦੀ ਲੱਤ ਨਾਲ ਵਾੜੀ ਦਾ ਬੂਹਾ ਖੁੱਲ੍ਹਾ । ਸੀਤਾ ਨੇ ਚੀਕ ਮਾਰੀ—ਰਾਵਣ ਨੇ ਕੁੱਝ ਬੜ੍ਹਕ ਗਰਜ ਕੇ ਤਲਵਾਰ ਧੂਹੀ[21] । ਸੁਪਾਸ਼ ਨੇ ਰਾਕਸ਼ ਨੂੰ ਉਹਦਾ ਕੁੱਲ ਯਾਦ ਕਰਾਇਆ, ਵਿਦਿਆ ਦੀ ਵਡਿਆਈ ਕੀਤੀ, ਉਹਦੀ ਸੂਰਵੀਰਤਾ ਦੇ ਗੁਣ ਗਾਏ ਤੇ ਸੀਤਾ ਦੀ ਮੋਹਣੀ ਸੂਰਤ ਦੇ ਵਾਸਤੇ ਪਾਏ । ਤਲਵਾਰ ਮਿਆਨ ਵਿਚ ਪੈ ਗਈ । ਦਰਿਆ ਦੀ ਲਹਿਰ ਜਿੱਥੋਂ ਉੱਠੀ ਸੀ, ਮੁੜ ਓਥੇ ਆ ਗਈ ।

ਸੁਗ੍ਰੀਵ ਦੇ ਡੇਰੇ ਵਿਚ ਖ਼ੁਸ਼ੀਆਂ ਦੇ ਹੜ੍ਹ ਆਏ ਹੋਏ ਸਨ । ਲਛਮਣ ਲਛਮਣ ਹੋ ਰਿਹਾ ਸੀ । ਵਿਭੀਖਣ ਦੇ ਅਨੰਦ ਦਾ ਤੇ ਕੋਈ ਆਰ ਪਾਰ ਹੀ ਨਾ ਸੀ । ਰਾਮ ਜੀ ਨੇ ਜਾਤਾ ਲੰਕਾ ਜਿੱਤੀ ਗਈ । ਲੜਾਈ ਹੁਣ ਰਾਵਣ ਨਾਲ ਨਾ ਸੀ—ਉਹਦੇ ਬੁੱਤ ਨਾਲ ਸੀ ।

ਰੰਗ ਵਿਚ ਭੰਗ ਪੈ ਗਿਆ । ਕ੍ਰੋਧ ਦੇ ਹੜ੍ਹ ਵਿਚ ਰਾਵਣ ਦੀ ਸੈਨਾ ਦੀ ਮੋਹਰੀ[22] ਰਾਮ ਦੀ ਸੈਨਾ ਤੇ ਟੁੱਟ ਪਈ । ਇਕ ਪਾਸਿਓਂ ਪੱਥਰਾਂ ਤੇ ਰੁੱਖਾਂ ਦੀ ਹਨੇਰੀ ਚੱਲ ਪਈ—ਦੂਜੇ ਪਾਸਿਓਂ ਮੁਗਦਰ ਤੇ ਭਾਲੇ, ਕੁਹਾੜੇ ਤੇ ਤੀਰ ਚੱਲਣ ਲਗ ਪਏ ।

ਜਾਂਦੀ ਬਹਾਰ ਦਾ ਮੇਵਾ ਸੀ । ਰਾਮ ਜੀ ਨੇ ਖ਼ਬਰੇ ਇਸ ਲਈ ਧਨੁਸ਼ ਚੁੱਕਿਆ ਕਿ ਕਿਤੇ ਇਹਨੂੰ ਜ਼ੰਗਾਰ ਨਾ ਲਗ ਜਾਏ ! ਉਨ੍ਹਾਂ ਦੇ ਬਾਣ ਸੱਪਾਂ ਵਾਂਗ ਸਰਰ ਸਰਰ ਕਰਦੇ ਰਾਕਸ਼ਾਂ ਦੀਆਂ ਜਾਨਾਂ ਖਾਣ ਲੱਗੇ । ਉਹ ਅੰਨ੍ਹੇ ਵਾਹ ਇਧਰ ਤੋਂ ਉਧਰ ਨੱਸਣ ਲੱਗੇ । ਉਨ੍ਹਾਂ ਨੂੰ ਬਾਣ ਧਾਰਾਂ ਬਣ ਕੇ ਆਉਂਦੇ ਦਿੱਸਦੇ ਸਨ ਪਰ ਰਾਮ ਕਿਤੇ ਨਹੀਂ ਸਨ ਦਿੱਸਦੇ । ਉਨ੍ਹਾਂ ਨੂੰ ਸਾਰੇ ਰਾਮ ਹੀ ਦਿੱਸੇ ਤੇ ਕ੍ਰੋਧ ਵਿਚ ਆ ਕੇ ਇਕ ਦੂਜੇ ਨੂੰ ਮਾਰਨ ਲਗ ਪਏ । ਗੰਧਰਵ

Digitized by Panjab Digital Library | www.panjabdigilib.org

ਅਸਤ੍ਰ ਦੀ ਇਹ ਕਰਨੀ ਸੀ। ਇਸੇ ਲਈ ਕਦੀ ਰਾਮ ਦਿੱਸੇ ਹੀ ਨਾ, ਕਦੀ ਹਜ਼ਾਰਾਂ ਦਿੱਸਣ ਤੇ ਕਦੀ ਇਕੋ ਦਿੱਸਣ ਲਗ ਪਵੇ। ਫੁਰਤੀ ਬਿਜਲੀ ਦੀ ਸੀ। ਧਨੁਸ਼ ਦੀ ਨੁੱਕਰ ਹੀ ਘੁਮਦੀ ਦੇਖਦੇ ਸਨ। ਇਕੱਲੇ ਰਾਮ ਨੇ ਰਾਕਸ਼ਾਂ ਦੀਆਂ ਪਤਲਾਂ ਸਦਾ ਦੀ ਨੀਂਦਰੇ ਸੁਆ ਦਿੱਤੀਆਂ।

ਲੰਕਾ ਵਿਚ ਚੀਕ ਚਿਹਾੜਾ ਪੈ ਗਿਆ। ਰਾਕਸ਼ਾਂ ਦਾ ਕੋਈ ਹਾਲ ਨਾ ਸੀ। ਰਾਵਣ ਮੰਗਲ ਤਾਰੇ ਵਾਂਗ ਭਖਦਾ, ਕਾਹਲੀ ਕਾਹਲੀ ਰਾਮ ਲਛਮਣ ਵੱਲ ਹੋ ਗਿਆ। ਉਸ ਵੇਲੇ ਸੂਰਜ ਦੀ ਜੋਤ ਫਿੱਕੀ ਪੈ ਗਈ, ਚਾਰੇ ਪਾਸੇ ਹਨੇਰਾ ਹੀ ਹਨੇਰਾ ਹੋ ਗਿਆ। ਧਰਤੀ ਡੋਲੀ, ਬੱਦਲਾਂ ਤੋਂ ਲਹੂ ਵਹਿਆ, ਝੰਡੇ ਤੇ ਗਿਰਝ ਆ ਬੈਠੀ। ਉਸ ਦੀ ਖੱਬੀ ਅੱਖ ਫਰਕੀ। ਪਰ ਰਾਵਣ ਇਹ ਸਗਨ ਪਚਾ ਕੇ ਜਮਰਾਜ ਦਾ ਰੂਪ ਬਣਾ ਕੇ ਸੁਗ੍ਰੀਵ ਦੀ ਸੈਨਾ ਦੇ ਉਸ ਪਾਸੇ ਵੱਲ ਵਧਿਆ ਜਿੱਥੇ ਰਾਮ ਤੇ ਲੱਛਮਣ ਸਨ। ਬਸ, ਉਹਦਾ ਧਨੁਸ਼ ਡਾਢਾ ਮਛਰਿਆ। ਬਾਣਾਂ ਦੀ ਉਹ ਝੜੀ ਲਾ ਦਿੱਤੀ ਕਿ ਬਾਂਦਰਾਂ ਨੂੰ ਕੁੰਭਕਰਣ ਤੇ ਇੰਦ੍ਰਜੀਤ ਦੀ ਵਰਿਆਮੀ[23] ਭੁੱਲ ਗਈ। ਉਨ੍ਹਾਂ ਨੂੰ ਨਾ ਰਾਵਣ ਦਿੱਸਦਾ ਸੀ, ਨਾ ਉਸ ਦਾ ਧਨੁਸ਼ ਦਿੱਸਦਾ ਸੀ। ਬਾਣਾਂ ਨਾਲ ਅਕਾਸ਼ ਭਰਿਆ ਦਿੱਸਦਾ ਸੀ, ਦਬਾ ਦਬ ਆਂਦੇ ਜਾ ਰਹੇ ਸਨ, ਇੰਞ ਜਾਪਦਾ ਸੀ ਕਿ ਇੱਕ ਵੀ ਬਾਂਦਰ ਤੇ ਰਿੱਛ ਦਾ ਬੱਚਾ ਬਚ ਕੇ ਘਰ ਨੂੰ ਨਹੀਂ ਜਾਂਦਾ। ਰਾਕਸ਼ ਵੀ ਜਰਨੈਲ ਦੀ ਵਾਢੀ ਦੇਖ ਕੇ ਦੂਣੇ ਹੋ ਕੇ ਸਮੁੰਦਰੋਂ ਪਾਰ ਆਇਆਂ ਦੀ ਪੂਜਾ ਕਰ ਰਹੇ ਸਨ[24]।

ਪਰ ਬਾਂਦਰ ਰਿੱਛ ਵੀ ਸੁੱਤੇ ਨਹੀਂ ਸਨ ਪਏ। ਮੌਤ ਉਨ੍ਹਾਂ ਤੇ ਵਰ੍ਹ ਰਹੀ ਸੀ, ਪਰ ਰਾਮ ਜੀ ਤੇ ਲਛਮਣ ਜੀ ਕੋਲ ਸਨ। ਇਸ ਕਰ ਕੇ ਉਨ੍ਹਾਂ ਦੇ ਸਾਸਾਂ ਵਿਚ ਆਸਾਂ ਸਨ, ਪ੍ਰਾਣਾਂ ਵਿਚ ਤ੍ਰਾਣ ਸਨ। ਗੁੱਸੇ ਹੋਏ ਸੱਟਾਂ ਮਾਰ ਰਹੇ ਸਨ, ਰੁੱਧੀਆਂ ਬਿੱਲੀਆਂ ਵਾਂਗ ਚਿਤਰਿਆਂ ਦੀਆਂ ਅੱਖਾਂ ਕੱਢ ਰਹੇ ਸਨ। ਰਾਵਣ ਦਾ ਰੋਹ ਵਧਦਾ

Digitized by Panjab Digital Library | www.panjabdigilib.org

ਜਾ ਰਿਹਾ ਸੀ। ਰਾਮ ਤੇ ਲਛਮਣ ਦੇ ਧਨੁਸ਼ ਕਾਹਲੇ ਪੈ ਰਹੇ ਸਨ !

ਰਾਵਣ ਆਪਣੇ ਰਥ ਦੀ ਘਰ ਘਰ ਨਾਲ ਰਣਖੇਤ ਨੂੰ ਹੁੰਜਾਂਦਾ ਰਾਮ ਜੀ ਵਲ ਵਧਿਆ। ਤਾਮਸ ਅਸਤ੍ਰ ਛੱਡ ਕੇ ਬਾਂਦਰਾਂ ਨੂੰ ਉੜਾਂਦਾ, ਪਰ੍ਹੇ ਸਾਫ਼ ਕਰਦਾ ਦੋਹਾਂ ਭਰਾਵਾਂ ਦੇ ਸਾਹਮਣੇ ਆ ਖਲੋਤਾ। ਲਛਮਣ ਜੀ ਨਾਲ ਦੋ ਝੜਪਾਂ ਹੋਈਆਂ—ਪਰ ਰਾਮ ਜੀ ਵੱਲ ਹੋ ਕੇ ਰਾਕਸ਼ ਨੇ ਲਾਲੋ ਲਾਲ ਹ ਤੀਰਾਂ ਦੀ ਵਾਛੜ ਲਾ ਦਿੱਤੀ। ਦੋਏ ਵੱਡੀ ਮਾਲੀ[25] ਵਾਲੇ ਦੋ ਸ਼ੇਰ ਝੱਬਰਾਂ ਵਾਂਗ ਜੁੱਟ ਪਏ। ਇੱਕ ਦੇ ਤੀਰ ਦੂਜਾ ਕੱਟ ਕੇ ਰਖ ਦੇਂਦਾ ਸੀ। ਭਰ-ਬਰਸਾਤੀ ਬੱਦਲਾਂ ਵਾਂਗ ਤੀਰਾਂ ਨਾਲ ਅਕਾਸ਼ ਭਰ ਗਿਆ। ਉੱਧਰ ਇਸ ਲੜਾਈ ਨੂੰ ਦੇਖ ਦੇਖ ਥੱਕਿਆ ਸੂਰਜ ਇਨ੍ਹਾਂ ਬਦਲਾਂ ਦੇ ਹਨੇਰੇ ਵਿਚ ਕੱਜੇ ਹੋਏ ਅਕਾਸ਼ ਨੂੰ ਹੋਰ ਹਨੇਰੇ ਵਿਚ ਲਪੇਟ ਗਿਆ। ਪੈਂਤਰੇ ਬਦਲ ਬਦਲ ਕੇ ਇਹ ਦੋਵੇਂ ਸੂਰਵੀਰ ਜਿੱਧਰ ਜਾਂਦੇ ਸਨ ਉਧਰੋਂ ਬਾਣਾਂ ਦੀਆਂ ਲਹਿਰਾਂ ਉਠਦੀਆਂ ਜਾਂਦੀਆਂ ਸਨ। ਹੁਣ ਅਸਤ੍ਰਾਂ ਦੀ ਵਾਰੀ ਆਈ ਰਾਵਣ ਨੇ ਅਸਤ੍ਰ ਛੱਡਿਆ। ਉਸ ਨਾਲ ਸ਼ੀਂਹ, ਬਾਘ, ਗਿਰਝ, ਬਘਿਆੜ ਤੇ ਕਰੂੰਡੀਏ ਸੱਪਾਂ ਵਾਂਗ ਮੂਹਾਂ ਵਾਲੇ ਤ੍ਰਿਖੇ ਬਾਣ ਬਰਸਣ ਲੱਗ ਪਏ। ਇੰਜ ਘਿਰੇ ਹੋਏ ਰਾਮ ਜੀ ਨੇ ਅਗਨੀ ਅਸਤ੍ਰ ਛੱਡ ਦਿੱਤਾ। ਉਸ ਨਾਲ ਅੱਗ, ਸੂਰਜ, ਬਿਜਲੀ, ਗ੍ਰਹ, ਨਛੱਤਰਾਂ ਵਾਂਗ ਮੂੰਹਾਂ ਵਾਲੇ ਤੀਰ ਨਿਕਲੇ ਤੇ ਰਾਵਣ ਦੇ ਤੀਰਾਂ ਨੂੰ ਨਸਾ ਦਿੱਤਾ। ਇਸੇ ਤਰ੍ਹਾਂ ਦੋਹਾਂ ਇਕ ਦੂਜੇ ਤੇ ਅਸਤ੍ਰ ਸੁੱਟੇ, ਇਕ ਦੂਜੇ ਦੇ ਅਸਤ੍ਰ ਕੱਟੇ। ਓਧਰ ਲਛਮਨ ਨੇ ਵੀ ਕੱਸ ਕੱਸ ਕੇ ਬਾਣ ਮਾਰੇ। ਰਾਵਣ ਦਾ ਝੰਡਾ ਉਡਾ ਦਿੱਤਾ। ਕੋਚਵਾਨ ਦਾ ਸਿਰ ਕੱਟ ਰੱਖਿਆ ਤੇ ਉਹਦੇ ਧਨੁਸ਼ ਦੇ ਟੋਟੇ ਟੋਟੇ ਕਰ ਦਿੱਤੇ। ਵਿਭੀਖਣ ਨੇ ਕੁੱਦ ਕੇ ਮੁਗਦਰ ਨਾਲ ਰਥ ਦੇ ਘੋੜੇ ਲੰਮੇ ਪਾ ਦਿੱਤੇ।

ਰਾਵਣ ਨੇ ਘਰ ਦੇ ਭੇਤੀ ਦਾ ਇਹ ਕਾਰਾ ਦੇਖ ਕੇ ਗੁੱਸਾ ਖਾਧਾ ਤੇ ਉਸ ਤੇ ਸ਼ਕਤੀ ਮਾਰੀ। ਲਛਮਣ ਦ ਤੀਰਾਂ ਨੇ ਰਾਹ

Digitized by Panjab Digital Library | www.panjabdigilib.org

ਵਿਚ ਹੀ ਓਹ ਬੋਚ ਲਈ ਤੇ ਟੁਕੜੇ ਟੁਕੜੇ ਕਰ ਦਿੱਤੀ । ਮਯ ਅਸੁਰ ਦੀ ਬਣਾਈ ਹੋਈ ਇਕ ਸ਼ਕਤੀ ਰਾਵਣ ਕੋਲ ਸੀ ਜਿਸ ਦਾ ਵਾਰ ਕਦੀ ਐਂਵੇਂ ਨਹੀਂ ਜਾਂਦਾ ਸੀ । ਉਸ ਨੇ ਹੁਣ ਉਹ ਚੁੱਕ ਲਈ । ਲਛਮਣ ਫੁਰਤੀ ਨਾਲ ਆ ਗਿਆ ਤੇ ਲੱਗਾ ਬਾਣਾਂ ਦੀ ਬਰਖਾ ਕਰਨ । ਰਾਵਣ ਆਪੇ ਤੋਂ ਬਾਹਰ ਹੋ ਗਿਆ ਤੇ ਵੈਰੀ ਭਰਾ ਦੇ ਬਚਾਉਣ ਵਾਲੇ ਦੀ ਛਾਤੀ ਵਿਚ ਵਗਾਹ ਦਿੱਤੀ । ਉਹ ਬਿਜਲੀ ਵਾਂਗ ਕੜਕ ਕੇ ਲਛਮਣ ਦੀ ਛਾਤੀ ਨੂੰ ਚੀਰ ਕੇ ਨਿਕਲ ਗਈ ਤੇ ਉਹ ਧੜੰਮ ਕਰਦਾ ਧਰਤੀ ਤੇ ਡਿੱਗ ਪਿਆ । ਰਾਮ ਜੀ ਨੇ ਇਹ ਦੇਖਿਆ । ਪਰ ਇਹ ਨਰਮ ਪੈਣ ਦਾ ਵੇਲਾ ਨਹੀਂ ਸੀ । ਲਛਮਣ ਜੀ ਨੂੰ ਛਾਤੀ ਲਾ ਰਾਵਣ ਦੇ ਤੀਰ ਖਾਂਦੇ ਖਾਂਦੇ ਰਾਮ ਜੀ ਉਹਨੂੰ ਸੁਗ੍ਰੀਵ ਨੂੰ ਸੌਂਪ ਕੇ ਝੱਟ ਗਏ । ਜਿਸ ਰਾਵਣ ਲਈ ਸੈਨਾ ਜੋੜੀ, ਸਮੁੰਦਰ ਪਾਰ ਕੀਤਾ, ਉਸ ਨੂੰ ਮਾਰੇ ਬਾਝ ਰਾਮ ਜੀ ਨੂੰ ਭਲਾ ਕਿਵੇਂ ਸਾਹ ਆਉਂਦਾ ? ਰਾਵਣ ਦੀ ਬੇੜੀ ਪਾਣੀ ਨਾਲ ਭਰੀ ਸੀ—ਇਕ ਠੇਹ ਦੀ ਲੋੜ ਸੀ । ਰਾਮ ਜੀ ਤੇ ਰਾਵਣ ਦੇ ਬਾਣ ਟੱਕਰਾਂ ਖਾ ਖਾ ਬਿਜਲੀ ਵਾਂਗ ਕੜਾਕ ਕੜਾਕ ਕਰਦੇ ਚਮਕ ਰਹੇ ਸਨ ਪਰ ਪਤਾ ਨਹੀਂ ਰਾਵਣ ਦਾ ਵੇਲਾ ਅਜੇ ਨਹੀਂ ਸੀ ਆਇਆ, ਰਾਮ ਜੀ ਦੇ ਤੀਰਾਂ ਦੀ ਮਾਰ ਖਾ ਕੇ ਉਹ ਇੰਜ ਤੀਰ ਹੋਇਆ[26] ਜਿਵੇਂ ਬੱਦਲ ਹਵਾ ਦੀਆਂ ਚਪੇੜਾਂ ਖਾ ਕੇ ।

ਧਨੁਸ਼ ਬਾਣ ਸੁੱਟ ਕੇ ਰਾਮ ਚੰਦ੍ਰ ਜੀ ਲਛਮਣ ਜੀ ਕੋਲ ਖਲੋ ਗਏ ਜੋ ਰਾਵਣ ਦੀ ਸ਼ਕਤੀ ਨਾਲ ਫੱਟਿਆ ਹੋਇਆ ਧਰਤੀ ਤੇ ਹੱਥ ਪੈਰ ਮਾਰ ਰਿਹਾ ਸੀ । ਸੁਸ਼ੇਣ ਨੂੰ ਬੋਲੇ, "ਇਹ ਲਛਮਣ ਸੱਟ ਖਾਧੇ ਸੱਪ ਵਾਂਗ ਸੂ ਸੂ ਕਰਦਾ ਮਰੋੜੀਆਂ ਖਾ ਰਿਹਾ ਏ । ਮੇਰੀ ਜਿੰਦ ਦੀ ਜਿੰਦ ਲਛਮਣ, ਕਿਵੇਂ ਲਹੂ ਨਾਲ ਲਿਬੜਿਆ ਹੋਇਆ ਤੜਫ਼ ਰਿਹਾ ਏ । ਹੁਣ ਲੜਾਈ ਵਿਚ ਜਿੱਤ ਵੀ ਮਿਲ ਜਾਏ ਤਾਂ ਮੈਨੂੰ ਕੇਹੜਾ ਸੁਖ ਏ ? ਲੜਾਈ ਤੋਂ ਹੀ ਮੈਂ ਕੀ ਲੈਣਾ ਏ ? ਪ੍ਰਾਣਾਂ ਦਾ ਹੀ ਕੀ ਲਾਹਾ ਏ ? ਜਿਵੇਂ ਘਰ ਛੱਡ ਕੇ ਇਹ ਮੇਰੇ

Digitized by Panjab Digital Library | www.panjabdigilib.org

ਪਿੱਛੇ ਪਿੱਛੇ ਬਣਾਂ ਵਿਚ ਟੁਰਦਾ ਆਇਆ, ਤਿਵੇਂ ਸੁਰਗ ਲੋਕ ਨੂੰ ਜਾਂਦੇ ਦੇ ਪਿੱਛੇ ਪਿੱਛੇ ਮੈਂ ਭੀ ਜਾਵਾਂਗਾ । ਹਾਇ ! ਹਾਇ ! ਦੇਸ ਦੇਸ ਵਿਚ ਤੀਵੀਆਂ ਮਿਲ ਜਾਂਦੀਆਂ ਨੇ । ਦੇਸ ਦੇਸ ਵਿਚ ਹੋਰ ਸੱਜਨ ਸਰਬੰਧੀ ਮਿਲ ਜਾਂਦੇ ਨੇ ਪਰ ਮੈਨੂੰ ਉਹ ਦੇਸ ਨਹੀਂ ਦਿੱਸਦਾ ਜਿਸ ਵਿਚ ਇਹ ਭਰਾ ਮਿਲ ਸਕਦਾ ਹੋਵੇ ! ਰਾਜ ਨੂੰ ਮੈਂ ਕੀ ਕਰਨਾ ਏ ? ਸੁਮਿਤ੍ਰਾ ਮਾਂ ਜਦ ਲਛਮਣ ਦਾ ਹਾਲ ਪੁੱਛੇਗੀ ਤਦ ਮੈਂ ਉਹਨੂੰ ਕੀ ਆਖਾਂਗਾ ? ਮਾਂ ਕੁਸ਼ੱਲਿਆ ਤੇ ਕੈਕੇਈ ਨੂੰ ਕੀ ਜਵਾਬ ਦੇਵਾਂਗਾ ? ਭਰਤ ਤੇ ਸ਼ਤਰੂਘਨ ਮੈਨੂੰ ਲਛਮਣੋਂ ਬਾਝ ਤੱਕਣਗੇ ਤਦ ਮੈਂ ਕੀ ਮੂੰਹੋਂ ਫੁੱਟਾਂਗਾ ? ਮੇਰਾ ਇਥੇ ਹੀ ਮਰ ਜਾਣਾ ਚੰਗਾ ਏ । ਹਾਏ ਭਰਾ ਲਛਮਣ ਮੈਨੂੰ ਛੱਡ ਕੇ ਇਕੱਲਾ ਕਿਉਂ ਪਰਲੋਕ ਨੂੰ ਜਾ ਰਿਹਾ ਏਂ ? ਮੈਂ ਤੇਰੇ ਬਾਝ ਰੋਨਾਂ ਪਿਆਂ, ਤੂੰ ਬੋਲਦਾ ਕਿਉਂ ਨਹੀਂ ? ਰੋਸਾ ਕੀ ਏ ? ਪਿਆਰੇ ਲਛਮਣ ! ਉੱਠ, ਅੱਖਾਂ ਖੋਲ੍ਹ ਕੇ ਦੇਖ । ਪਰਬਤਾਂ ਤੇ ਬਣਾਂ ਵਿਚ ਮੈਨੂੰ ਮੁਝੇ[27] ਹੋਏ ਨੂੰ ਧਰਵਾਸ ਦੇਂਦਾ ਸੈਂ । ਹੁਣ ਕਿਉਂ ਮੂੰਹ ਮੋੜਿਆ ਈ ?"

ਸੋਗ ਦੀਆਂ ਨਦੀਆਂ ਵਗਾਂਦੇ ਰਾਮ ਨੂੰ ਸੁਸ਼ੇਣ ਨੇ ਹੌਸਲਾ ਦਿਤਾ ਤੇ ਕਿਹਾ, "ਮਹਾਰਾਜ ! ਸਭ ਸੁਖ ਜੇ । ਲਛਮਣ ਜੀ ਜੀਂਦੇ ਨੇ । ਇਨ੍ਹਾਂ ਦੇ ਚੇਹਰੇ ਤੇ ਜੋਤ ਏ । ਕਿਤੇ ਕਾਲਖ ਨਹੀਂ ਆਈ । ਹੱਥ ਕਮਲ ਵਾਂਗ ਕੂਲੇ ਨੇ । ਅੱਖਾਂ ਸਾਫ਼ ਨੇ । ਸਾਹ ਚਲਦਾ ਪਿਆ ਏ । ਦਿਲ ਕੋਈ ਬੰਦ ਨਹੀਂ ਹੋਇਆ । ਲਛਮਣ ਜੀ ਸੁਖੀ ਸਾਂਦੀ ਜੀਂਦੇ ਨੇ ।" ਇਹ ਕਹਿ ਕੇ ਸੁਸ਼ੇਣ ਨੇ ਹਨੂਮਾਨ ਜੀ ਨੂੰ ਆਖਿਆ, "ਭਰਾਵਾ ਜਾਬਵੰਤ ਦੇ ਦੱਸੇ ਪਰਬਤ ਤੇ ਫੇਰ ਜਾ ਤੇ ਓਹ ਹੀ ਦੱਖਣੀ ਟੀਸੀ ਤੇ ਉੱਗੀਆਂ ਹੋਈਆਂ ਬੂਟੀਆਂ ਲੈ ਆ ।"

ਹਨੂਮਾਨ ਜੀ ਓਥੇ ਪੁੱਜੇ । ਸੁਸ਼ੇਣ ਦੀਆਂ ਦੱਸੀਆਂ ਨਿਸ਼ਾਨੀਆਂ ਦਾ ਭੁਲੇਖਾ ਪੈਂਦਾ ਸੀ । ਪਹਿਲਾਂ ਵਾਂਗ ਓਹ ਟੋਟਾ ਹੀ ਪਹਾੜ ਦਾ ਪੁੱਟਿਆ, ਚੁੱਕਿਆ ਤੇ ਉੱਡ ਟੁਰੇ । ਪਹਿਲਾਂ ਵਾਂਗ ਹੀ ਲੰਕਾ ਪੁੱਜ ਕ ਓਹ ਟੁਕੜਾ ਭੂਈਂ[28] ਦਾ ਓਥੇ ਜਾ ਰੱਖਿਆ ।

Digitized by Panjab Digital Library | www.panjabdigilib.org

ਸੁਸ਼ੇਣ ਨੇ ਬੂਟੀ ਪੀਹ ਕੇ ਲਛਮਣ ਜੀ ਨੂੰ ਸੁੰਘਾਈ ਉਨ੍ਹਾਂ ਦੀ ਪੀੜ ਉੱਡ ਗਈ। ਫੱਟ ਭਰ ਗਏ ਤੇ ਚੰਗੇ ਭਲੇ ਹੋ ਕੇ ਉੱਠ ਬੈਠੇ। ਸੈਨਾ ਵਿਚ ਅਨੰਦ ਦੀ ਬਿਜਲੀ ਫਿਰ ਗਈ। ਰਾਮ ਜੀ ਨੇ ਲਛਮਣ ਜੀ ਨੂੰ ਛਾਤੀ ਨਾਲ ਲਾ ਕੇ ਰੋ ਰੋ ਕੇ ਕਿਹਾ, "ਹੁਣ ਮੈਂ ਜੀ ਪਿਆ, ਭਰਾਵਾ ! ਤੇਰੇ ਬਾਝ ਮੈਨੂੰ ਨਾ ਜਿੱਤ ਚਾਹੀਦੀ ਸੀ, ਨਾ ਰਾਜ, ਨਾ ਸੀਤਾ, ਨਾ ਪ੍ਰਾਣ !" ਲਛਮਣ ਜੀ ਬੋਲੇ, "ਮੇਰਾ ਜੀਵਨ ਕੋਈ ਚੀਜ਼ ਨਹੀਂ, ਆਪ ਆਪਣੀ ਪ੍ਰਤਿੱਗਿਆ ਅਜੇ ਖ਼ਤਮ ਕਰੋ। ਕੱਲ੍ਹ ਨਾਉਂ ਕਾਹਦਾ ਏ ? ਅੱਜੇ ਰਾਵਣ ਨੂੰ ਮਾਰੋ। ਦੇਵਤੇ ਸੁਖ ਦਾ ਸਾਹ ਲੈਣ। ਸੀਤਾ ਜੀ ਜੀਣ-ਮਰਨ ਦੇ ਕੰਢੇ ਤੇ ਖਲੋਤੀ ਏ, ਆਪ ਦੇ ਦਰਸ਼ਨ ਕਾਰਣ। ਸੁਗ੍ਰੀਵ ਦੇ ਸਿਰੋਂ ਭਾਰ ਲੱਥੇ। ਬਣਵਾਸ ਦੇ ਦਿਨ ਪੂਰੇ ਹੋ ਰਹੇ ਨੇ। ਅਯੁੱਧਿਆ ਉਡੀਕ ਰਹੀ ਏ।"

ਲਛਮਣ ਦੇ ਵਚਨ ਸੁਣ ਰਾਮ ਜੀ ਧਨੁਸ਼ ਬਾਣ ਲੈ ਕੇ ਤਿਆਰ ਬਰ ਤਿਆਰ ਹੋ ਕੇ ਖਲੋ ਗਏ। ਇੰਨੇ ਵਿਚ ਹਾਰ ਖਾ ਕੇ ਦੂਣੀ ਗਰਮੀ ਨਾਲ ਰਾਵਣ ਦੂਜੇ ਰਥ ਤੇ ਚੜ੍ਹ ਕੇ ਆਇਆ ਤੇ ਧੜਾ ਧੜ ਤੀਰ ਛੱਡਣ ਲੱਗਾ। ਰਾਮ ਜੀ ਵੀ ਤੀਰ ਤੇ ਤੀਰ ਮਾਰਨ ਲੱਗੇ। ਰਾਵਣ ਨੇ ਗੰਧਰਵ ਅਸਤ੍ਰ ਛੱਡਿਆ—ਰਾਮ ਜੀ ਨੇ ਵੀ ਗੰਧਰਵ ਅਸਤ੍ਰ ਛੱਡ ਕੇ ਉਸ ਨੂੰ ਅਸਫਲ ਕਰ ਦਿੱਤਾ। ਰਾਵਣ ਨੇ ਦੇਵ ਅਸਤ੍ਰ ਮਾਰਿਆ—ਰਾਮ ਜੀ ਨੇ ਵੀ ਦੇਵ ਅਸਤ੍ਰ ਮਾਰ ਕੇ ਉਸ ਨੂੰ ਨਿਕੰਮਾ ਕਰ ਦਿੱਤਾ। ਰਾਵਣ ਨੇ ਰਾਕਸ਼ ਅਸਤ੍ਰ ਚਲਾਇਆ ਜਿਸ ਵਿਚੋਂ ਬਾਣਾਂ ਸੱਪ ਬਣ ਕੇ ਰਾਮ ਜੀ ਨੂੰ ਘੇਰਾ ਪਾ ਦਿੱਤਾ। ਰਾਮ ਜੀ ਨੇ ਗਰੁੜ ਅਸਤ੍ਰ ਚਲਾਇਆ ਜਿਸ ਵਿਚੋਂ ਬਾਣਾਂ ਨੇ ਗਰੁੜ ਬਣ ਕੇ ਸੱਪਾਂ ਨੂੰ ਖਾ ਲਿਆ। ਰਾਵਣ ਦੀਆਂ ਅੱਖਾਂ ਵਿਚ ਅੰਗਾਰੇ ਨਿਕਲ ਪਏ। ਉਸ ਨੇ ਬਾਣਾਂ ਦੀ ਛਹਿਬਰ[29] ਲਾ ਕੇ ਰਾਮ ਜੀ ਦਾ ਸਰੀਰ ਵਿੰਨ੍ਹ ਦਿੱਤਾ। ਉਸ ਵੇਲੇ ਦਸਾਂ ਸਿਰਾਂ, ਵੀਹਾਂ ਬਾਹਵਾਂ ਵਾਲਾ ਰਾਵਣ ਮੋਹਲੇਧਾਰ ਬਰਖਾ ਕਰਨ ਵਾਲੇ ਕਾਲੇ ਬੱਦਲ ਵਾਂਗ ਜਾਪ ਰਿਹਾ ਸੀ।

Digitized by Panjab Digital Library | www.panjabdigilib.org

ਰਾਮ ਜੀ ਦੀਆਂ ਭਵਾਂ ਚੜ੍ਹੀਆਂ। ਉਨ੍ਹਾਂ ਦੇ ਬਾਣਾਂ ਨ ਰਾਵਣ ਦਾ ਝੰਡਾ ਉਡਾ ਦਿੱਤਾ, ਘੋੜੇ ਫੱਟੜ ਕਰ ਦਿੱਤੇ। ਦਸਾਂ ਸਿਰਾਂ ਵਿਚੋਂ ਲਹੂ ਦੀਆਂ ਤੰਦੀੜੀਆਂ ਵਗਣ ਲੱਗ ਪਈਆਂ। ਰਾਵਣ ਨੇ ਸੂਲ[30] ਚੁੱਕਿਆ, ਰਾਮ ਜੀ ਨੇ ਜਿਹੜੇ ਤੀਰ ਉਸ ਨੂੰ ਮਾਰੇ, ਸਵਾਹ ਹੁੰਦੇ ਗਏ। ਅੰਤ ਇੰਦ੍ਰ ਦੀ ਦਿੱਤੀ ਹੋਈ ਸ਼ਕਤੀ ਨਾਲ ਰਾਮ ਜੀ ਨੇ ਉਹ ਟੋਟੇ ਟੋਟੇ ਕਰ ਕੇ ਰਖ ਦਿੱਤਾ। ਅਸਤ੍ਰਾਂ ਦੀ ਗਤ ਹੋਈ ਦੇਖ ਰਾਵਣ ਫੇਰ ਸਿੱਧੀ ਲੜਾਈ ਤੇ ਆਇਆ। ਫੇਰ ਇਕ ਦੂਜੇ ਤੇ ਬਾਣ ਵਰ੍ਹਣ ਲੱਗ ਪਏ। ਫੇਰ ਦੋਨਾਂ ਅਸੁਰਾਂ ਵਾਲਾ ਪਿੜ ਬੱਝਾ। ਧਨੁਸ਼ ਵਿਦਿਆ ਆਪਣੇ ਆਪ ਤੇ ਹੈਰਾਨ ਹੋਈ। ਅਕਾਸ਼ ਕੰਬਿਆ। ਧਰਤੀ ਹਿੱਲੀ। ਪਤਾਲ ਵਿਚ ਤਰਥੱਲ ਪੈ ਗਈ। ਰਾਮ ਤੇ ਰਾਵਣ ਜੁੱਟੇ ਹੋਏ ਸਨ। ਬਾਣ ਮਾਰਦੇ ਸਨ। ਬਾਣ ਕੱਟਦੇ ਸਨ। ਬਾਣ ਉਡਾਂਦੇ ਸਨ। ਬਾਣ ਟਕਰਾਂਦੇ ਸਨ। ਝੱਖੜ ਚੱਲ ਰਹੇ ਸਨ। ਬਿਜਲੀਆਂ ਚਮਕ ਰਹੀਆਂ ਸਨ। ਧਨੁਸ਼ ਗੂੰਜ ਰਹੇ ਸਨ। ਬਾਣ ਸ਼ੂਕ ਰਹੇ ਸਨ।

ਬੜਾ ਚਿਰ ਇਹ ਭੇੜ ਹੁੰਦਾ ਰਿਹਾ। ਉੱਤੋਂ ਦੋਵੇਂ ਵਧਦੇ ਜਾ ਰਹੇ ਸਨ। ਵਿੱਚੋਂ ਦੋਵੇਂ ਘਟਦੇ ਜਾ ਰਹੇ ਸਨ। ਰਾਵਣ ਸਮੁੰਦਰਾਂ ਦਾ ਤਾਰੂ ਸੀ। ਅੱਜ ਇਕ ਮਨੁੱਖ ਜਿਹਾ ਉਹਦਾ ਹੱਥ ਬੰਨ੍ਹ ਰਿਹਾ ਸੀ। ਰਾਮ ਦੇ ਬਾਣਾਂ ਨੇ ਖਰਦੂਖਣ, ਕਬੰਧ, ਬਾਲੀ ਨੂੰ ਗਾਜਰ ਮੂਲੀਆਂ ਬਣਾ ਦਿੱਤਾ ਸੀ। ਅੱਜ ਸਾਰਾ ਦਿਲ ਲਾ ਕੇ ਵੀ ਰਾਮ ਰਾਵਣ ਦਾ ਕੁੱਝ ਨਾ ਕਰ ਸਕਿਆ। ਕਰਮਾਂ ਦੀ ਖੇਡ! ਰਾਵਣ ਨੇ ਸਾਹ ਅਜੇ ਲੈਣੇ ਹੋਣਗੇ। ਇਸ ਚਿੰਤਾ ਵਿਚ ਪਏ ਰਾਮ ਜੀ ਨੂੰ ਅਗਸਤ ਮੁਨੀ ਦਾ ਦਿੱਤਾ ਬ੍ਰਹਮਾ ਜੀ ਦਾ ਅਸਤ੍ਰ ਯਾਦ ਆਇਆ। ਇਹ ਅਸਤ੍ਰ ਅਮੋਘ[31] ਸੀ, ਕਦੀ ਐਵੇਂ ਨਾ ਸੀ ਜਾਂਦਾ। ਇਸ ਦੀ ਚਾਲ ਵਿਚ ਵਾ ਦੀ, ਧਾਰ ਵਿਚ ਅੱਗ ਤੇ ਸੂਰਜ ਦੀ, ਸਰੀਰ ਵਿਚ ਅਕਾਸ਼ ਦੀ ਤੇ ਭਾਰ ਵਿਚ ਮੇਰੂ ਤੇ ਮੰਦਰ ਪਰਬਤ ਦੀ ਵਡਿਆਈ ਪਾਈ ਗਈ ਸੀ। ਧਨੁਰ ਵੇਦ[32] ਦੀ ਵਿਧ ਨਾਲ

Digitized by Panjab Digital Library | www.panjabdigilib.org

ਉਸ ਬਾਣ ਨੂੰ ਮੰਤਰ ਕੇ ਧਨੁਸ਼ ਨਾਲ ਰਾਮ ਜੀ ਨੇ ਜੋੜਿਆ ਤੇ ਚਲਾ ਦਿੱਤਾ। ਇੰਦ੍ਰ ਦੇ ਹੱਥੋਂ ਛੁੱਟੇ ਬੱਜਰ ਦਾ ਭਰਾ ਤੇ ਕਾਲ ਦਾ ਸਾਂਢੂ ਰਾਵਣ ਦੀ ਛਾਤੀ ਤੇ ਕੜਾਕ ਵੱਜਾ ਤੇ ਰਾਕਸ਼ ਦੇ ਪ੍ਰਾਣ ਸਮੇਟ ਕੇ ਮੁੜ ਰਾਮ ਜੀ ਦੇ ਭੱਥੇ ਵਿਚ ਆ ਵੜਿਆ।

ਇੰਦ੍ਰ ਦੇ ਹੱਥੋਂ ਮੋਏ ਵ੍ਰਿਤ ਯਾਂਗ ਮਿੱਟੀ ਵਿਚ ਮਿਲੇ ਰਾਵਣ ਨੂੰ ਦੇਖ ਕੇ ਕੁੱਝ ਰਾਖਸ਼ਸ ਡਰ ਨਾਲ ਉੱਥੇ ਹੀ ਢੇਰ ਹੋ ਗਏ। ਬਾਕੀ ਲੰਕਾ ਵੱਲ ਪੈਰ ਸਿਰਾਂ ਤੇ ਧਰ ਕੇ ਨੱਸ ਗਏ। ਬਾਂਦਰਾਂ ਰਿੱਛਾਂ ਦੇ ਸਮੁੰਦਰ ਵਿਚ ਖ਼ੁਸ਼ੀਆਂ ਦਾ ਤੂਫ਼ਾਨ ਆ ਗਿਆ। ਸੁਰਗ ਲੋਕ ਵਿਚ ਮਿੱਠੇ ਸੰਗੀਤ ਛਿੜ ਪਏ। ਵਾ ਵਿਚ ਆਖ਼ਰਾਂ ਦੀ ਸੁਗੰਧ ਤੇ ਮਸਤੀ ਆ ਗਈ। ਕਲਪ ਰੁੱਖਾਂ[33] ਦੇ ਫੁੱਲਾਂ ਦੀ ਬਰਖਾ ਕਰਦੇ ਦੇਵਤੇ ਰਾਮ ਦੇ ਜਸ ਗਾਣ ਲੱਗੇ।

ਸੁਗ੍ਰੀਵ ਦੀ ਸੈਨਾ ਵਿਚ ਇਕ ਹੈ ਸੀ ਜਿਹੜਾ ਖ਼ੁਸ਼ੀ ਦੇ ਘਰ ਵਿਚ ਨਹੀਂ ਸੀ। ਵਿਭੀਖਣ ਭਰਾ ਨੂੰ ਮੋਇਆ ਦੇਖ, ਅੱਖਾਂ ਦਾ ਹੜ੍ਹ ਰੋਕ ਕੇ ਉਸ ਵੱਲ ਨੱਠਾ ਤੇ ਉਹਦਾ ਸਿਰ ਪੱਟਾਂ ਤੇ ਰੱਖ ਕੇ ਫੁੱਟ ਪਿਆ, "ਭਰਾ! ਤੂੰ ਏਡਾ ਸੂਰਮਾ ਸੈਂ ਤੇ ਹੁਣ ਨਿਮਾਣਿਆਂ ਵਾਂਗ ਇੰਜ ਪਿਆ ਏਂ! ਸਾਰੇ ਜਗ ਦੇ ਸੁਖ ਸਾਜ਼ ਤੇਰੇ ਸਨ। ਹੁਣ ਇਹ ਰੋੜਾਂ ਵਾਲੀ ਉੱਚੀ ਨੀਵੀਂ ਥਾਂ ਹੀ ਤੇਰਾ ਸੁਨਹਿਰੀ ਹੀਰਿਆਂ ਜੜਿਆ ਪਲੰਘ ਬਣਿਆਂ ਹੋਇਆ ਏ। ਦੇਖ ਭਰਾ! ਇਸੇ ਮੌਤ ਤੋਂ ਮੈਂ ਤੈਨੂੰ ਵਰਜਿਆ ਸੀ। ਪਰ ਤੂੰ ਸੁਣੀ ਅਣਸੁਣੀ ਕਰ ਕੇ ਮੈਨੂੰ ਪਰ੍ਹਾਂ ਕੀਤਾ। ਹਾਇ ਹਾਇ! ਰਾਕਸ਼ਾਂ ਦੇ ਕੁੱਲ ਦਾ ਸੂਰਜ ਡੁੱਬ ਗਿਆ। ਲੰਕਾ ਦੀ ਵਡਿਆਈ ਦਾ ਬੋਹੜ ਸਣੇ ਡਾਲਿਆਂ ਪੱਤਰਾਂ ਰਾਮ ਜੀ ਨੇ ਪੁੱਟ ਕੇ ਮਿੱਟੀ ਵਿਚ ਮਿਲਾ ਦਿੱਤਾ।"

ਰਾਮ ਜੀ ਨੇ ਵਿਭੀਖਣ ਨੂੰ ਕਿਹਾ, "ਛਾਤਰ[34] ਧਰਮ ਵਿਚ ਮੌਤ ਪਹਿਲੋਂ ਏ, ਹੋਰ ਕੁੱਝ ਪਿੱਛੋਂ। ਦੂਜੇ, ਕਰਮਾਂ ਤੇ ਫਲਾਂ ਦੀ ਲਾਮ ਡੋਰੀ ਧੁਰਾਂ ਤੋਂ ਚਲੀ ਆਈ ਏ। ਕੋਈ ਸੂਰਮਾ, ਕੋਈ ਰਿਸ਼ੀ ਮੁਨੀ, ਇਸ ਤੋਂ ਬਚ ਨਹੀਂ ਸਕਿਆ। ਇਸ ਲਈ ਵਿਭੀਖਣ

Digitized by Panjab Digital Library | www.panjabdigilib.org

ਜੀ! ਮੋਹ ਤੇ ਸੋਗ ਛੱਡ ਕੇ ਹੁਣ ਦੇਹ ਦਾ ਦਾਹ[35] ਕਰੋ।" ਵਿਭੀਖਣ ਨੇ ਸੋਗ ਨਾਲ ਤਪ ਕੇ ਕਿਹਾ, "ਮਹਾਰਾਜ! ਜਿਸ ਮਹਾਬਲੀ ਨੂੰ ਕੋਈ ਦੇਵਤਾ ਦਾਨਵ ਸਾਮ੍ਹਣੇ ਖਲੋ ਕੇ ਨਾ ਵੇਖ ਸਕਿਆ ਉਸ ਦੀ ਆਪ ਨੇ ਇਹ ਗਤ ਕਰ ਦਿੱਤੀ ਏ!"

ਜੰਗਲ ਦੀ ਅੱਗ ਵਾਂਗ ਰਾਵਣ ਦੀ ਮੌਤ ਦੀ ਖ਼ਬਰ ਤਿਨਾਂ ਲੋਕਾਂ ਵਿਚ ਫੈਲ ਗਈ। ਲੰਕਾ ਵਿਚ ਘਰ ਘਰ 'ਵਾਹ ਸ਼ੇਰਾ! ਵਾਹ' ਹੋਣ ਲੱਗ ਪਈ। ਹਾਇ, ਹਾਇ, ਕਰਦੀਆਂ ਰਾਕਸ਼ਣੀਆਂ ਵਾਲ ਖਿਲਾਰ ਸੁਦਾਇਣਾਂ ਹੋਈਆਂ ਹੋਈਆਂ ਰਣਖੇਤ ਵੱਲ ਟੁਰ ਪਈਆਂ। ਕਾਹੀਆਂ[36] ਤੇ ਪਿੱਟੋ-ਕੁੱਟਾ ਕਰਦੀਆ ਉਹ ਰਾਵਣ ਦੀ ਲਾਸ਼ ਕੋਲ ਪੁੱਜੀਆਂ ਤੇ ਲੱਗੀਆਂ ਮਿੱਟੀ ਦੇ ਬੁੱਕ ਭਰ ਭਰ ਸਿਰੀਂ ਪਾਣ, ਮੁਰਦੇ ਨੂੰ ਬੁਲਾਣ, ਵੈਣ ਪਾਣ, ਤੇ ਕੀਰਨੇ ਕਰਨ। ਲੱਗੀਆਂ ਲਹੂ ਤੇ ਲਾਸ਼ਾਂ ਦੇ ਉਸ ਛੰਭ ਵਿਚ ਤਿਲੁਕ ਤਿਲੁਕ ਡਿੱਗਣ। ਲੱਗੀਆਂ ਅੱਥਰੂਆਂ ਦੇ ਪਰਨਾਲੇ ਵਗਾਣ—ਹਾਥੀ ਮੋਇਆਂ ਹੱਥਣੀਆਂ ਵਾਂਗ ਚੀਕ ਚਿਹਾੜਾ ਪਾਣ। ਬੇਹੋਸ਼ ਹੋ ਜਾਂਦੀਆਂ ਸਨ, ਚੁੱਪ ਹੋ ਜਾਂਦੀਆਂ ਸਨ; ਹੋਸ਼ ਵਿਚ ਆਉਂਦੀਆਂ ਸਨ, ਤੜਫਦੀਆਂ ਤੇ ਕੁਰਲਾਂਦੀਆਂ ਸਨ; ਰਾਵਣ ਦਾ ਮੂੰਹ ਵੇਖਦੀਆਂ ਸਨ, ਪੈਰ ਫੜਦੀਆਂ ਸਨ, ਮੱਥਿਆਂ ਤੇ ਹੱਥ ਮਾਰਦੀਆਂ ਸਨ।

ਪਟਰਾਣੀ ਮੰਦੋਦਰੀ ਦਾ ਤੇ ਸਭਨਾਂ ਤੋਂ ਬੁਰਾ ਹਾਲ ਸੀ। ਮੰਦੋਦਰੀ ਲਿੱਦ ਦਾ ਮਾਣਕ[37] ਸੀ। ਉਸੇ ਦੇ ਸਤ ਕਰ ਕੇ ਰਾਵਣ ਦੀ ਲੰਕਾ ਵੱਸਦੀ ਸੀ। ਉਹਦੇ ਕੀਰਨਿਆਂ ਨੇ ਅਕਾਸ਼ ਵਿਚ ਬਰਹਰ ਪਾ ਦਿੱਤੀ। ਬੋਲੀ, "ਸਾਈਆਂ! ਕ੍ਰੋਧ ਕਰਦਾ ਸੈਂ ਤਾਂ ਇੰਦ੍ਰ ਵੀ ਕੰਬ ਜਾਂਦਾ ਸੀ। ਤਿੰਨੇ ਲੋਕ ਤੇਰਾ ਪਾਣੀ ਭਰਦੇ ਸਨ। ਇਹ ਰਾਮ ਮੈਨੂੰ ਈਸ਼ਵਰ ਹੀ ਜਾਪਦਾ ਏ ਜਿਸ ਤੇਰੀ ਵੀ ਪਿੱਠ ਲਾਈ! ਇਹ ਬਾਂਦਰ ਨਹੀਂ ਦੇਵਤੇ ਨੇ, ਜਿਨ੍ਹਾਂ ਇਸ ਰੂਪ ਵਿਚ ਆ ਕੇ ਵੈਰ ਕੱਢਿਆ ਏ! ਖਰਦੂਖਣ ਦੇ ਵੇਲੇ ਹੀ ਮੈਨੂੰ ਸ਼ੱਕ ਪੈਂਦਾ ਸੀ ਪਈ ਰਾਮ ਜਣਾ ਖਣਾ ਨਹੀਂ, ਕੋਈ ਚੀਜ਼ ਏ! ਹਨੂਮਾਨ ਇਕੱਲਾ

Digitized by Panjab Digital Library | www.panjabdigilib.org

ਜਦ ਓਹ ਕਾਰੇ ਕਰ ਗਿਆ ਤਦ ਵੀ ਭਾਸਦਾ ਸੀ, ਕੋਈ ਭੇਤ ਹੈ ਇਸ ਵਿਚ। ਮੈਂ ਬਾਰ ਬਾਰ ਵਰਜਿਆ ਕਿ ਰਾਮ ਨਾਲ ਵੈਰ ਨਾ ਪਾ। ਪਰ ਤੂੰ ਇਹ ਨਾ ਮੰਨਿਆ। ਉਸ ਦਾ ਇਹ ਫਲ ਏ। ਹੋਣੀ ਜੋ ਹੋਣੀ ਸੀ! ਮੈਂ ਕਿਹਾ ਸੀ ਨਾ ਸੀਤਾ ਅਰੁੰਧਤੀ[38] ਤੇ ਰੋਹਿਣੀ[39] ਕੋਲੋਂ ਵਧ ਕੇ ਸਤੀ ਏ ? ਉਹ ਲੱਛਮੀ ਏ, ਧਰਤੀ-ਮਾਤਾ ਏ! ਉਸਨੂੰ ਦੁਖ ਨਾ ਦੇ! ਹਾਇ ਹਾਇ ! ਮੈਨੂੰ ਕੋਈ ਪਤਾ ਸੀ, ਮੈਂ ਵਿਧਵਾ ਬਣਾਂਗੀ ? ਮਯ ਮੇਰਾ ਪਿਤਾ, ਇੰਦ੍ਰ ਤੇ ਵੀ ਭਾਰੂ, ਰਾਵਣ ਮੇਰਾ ਪਤੀ, ਮੇਘਨਾਥ ਮੇਰਾ ਪੁੱਤਰ—ਇਹ ਸੋਚ ਕੇ ਮੈਂ ਆਪੇ ਵਿਚ ਨਹੀਂ ਮੇਂਵਦੀ ਸੀ। ਸਾਈਆਂ ! ਇਹ ਸੱਚ ਏ ਕਿ ਸੁਫ਼ਨਾ ? ਤੂੰ ਮੌਤ ਦੀ ਮੌਤ ਸੈਂ। ਰਾਮ ਦੇ ਹੱਥੋਂ ਕਿੱਕੂੰ ਮਾਰਿਆ ਗਿਆ ? ਦੇਵਤਿਆਂ ਦਾਨਵਾਂ ਦੇ ਮਾਰਨ, ਵਾਲੇ ਤਿੰਨਾਂ ਲੋਕਾਂ ਦੇ ਜਿੱਤਣ ਵਾਲੇ ਪਤੀ ਦਾ ਮਰਨਾ ਰਾਮ ਹੱਥੋਂ ਵੇਖ ਕੇ ਵੀ ਮੈਂ ਜੀਨੀਆਂ ? ਮੇਰਾ ਕਿਹਾ ਪੱਥਰ ਦਿਲ ਏ ? ਮਹਾਰਾਜ ! ਪਲੰਘਾਂ ਸੁਨਹਿਰਿਆਂ ਤੇ ਸੌਂਦੇ ਸਾਓ। ਭੁੰਜੇ ਧੂੜ ਵਿਚ ਕਿਉਂ ਲੇਟ ਰਹੇ ਓ ? ਜਿੱਥੇ ਗਏ ਹੋ ਮੈਨੂੰ ਵੀ ਲੈ ਚੱਲੋ। ਵੇਖੋ ਮੈਂ ਇਥੋਂ ਤੱਕ ਪੈਰਾਂ ਤੇ ਟੁਰ ਕੇ ਆ ਗਈ ਹਾਂ। ਤੁਸੀਂ ਰੁੱਸੇ ਕਿਉਂ ਨਹੀਂ ਹੁੰਦੇ ? ਮੈਂ ਰੋ ਰਹੀ ਆਂ, ਮੈਨੂੰ ਚੁੱਪ ਕਿਉਂ ਨਹੀਂ ਕਰਾਂਦੇ ? ਹਾਇ ਹਾਇ, ਧਿਰਕਾਰ ਏ ਮੈਨੂੰ• ਜਿਹਦਾ ਸਤ ਸੁੱਤਿਆਂ ਹੀ ਸੌਂ ਗਏ ਸਾਈਂ ਨੂੰ ਜਗਾ ਨਹੀਂ ਰਿਹਾ !"

ਇੰਜ ਮੰਦੋਦਰੀ ਤੇ ਹੋਰਾਂ ਦੇ ਵਿਰਲਾਪ ਸੁਣ ਕੇ ਰਾਮਚੰਦ੍ਰ ਜੀ ਨੇ ਵਿਭੀਖਣ ਨੂੰ ਕਿਹਾ, "ਇਨ੍ਹਾਂ ਨੂੰ ਧੀਰਜ ਦਿਓ ਤੇ ਸਸਕਾਰ ਦਾ ਆਹਰ ਕਰੋ।" ਵਿਭੀਖਣ ਨੇ ਉਨ੍ਹਾਂ ਸਿਆਪਾ ਮੇਲ ਕੇ ਬੈਠੀਆਂ ਨੂੰ ਧਰਵਾਸ ਦਿੱਤਾ ਤੇ ਲੰਕਾ ਵਿਚ ਰਾਵਣ ਦੀ ਲਾਸ਼ ਲੈ ਜਾ ਕੇ ਉਸ ਦਾ ਵਿਧ ਨਾਲ ਸਸਕਾਰ ਕਰਾਇਆ।

Digitized by Panjab Digital Library | www.panjabdigilib.org

ਸ. ਗੁਰਬਖ਼ਸ਼ ਸਿੰਘ

# ਜ਼ਿੰਦਗੀ ਦਾ ਹੱਸਦਾ ਪਾਸਾ

ਬ੍ਰਹਿਮੰਡ ਭਾਵੇਂ ਕੇਡਾ ਵਿਸ਼ਾਲ ਹੈ, ਪਰ ਮਨੁੱਖ ਦੀ ਆਪਣੀ ਦੁਨੀਆਂ ਓਡੀ ਹੀ ਹੁੰਦੀ ਹੈ ਜੇਡਾ ਉਹ ਆਪ ਹੁੰਦਾ ਹੈ। ਇਹ ਦੁਨੀਆਂ ਉਸ ਦੇ ਜੀਵਨ ਤੇ ਅਸਰ ਪਾਂਦੀ ਹੈ, ਉਹਨੂੰ ਰੁਆਂਦੀ ਹੈ ਜਾਂ ਹਸਾਂਦੀ ਹੈ। ਤਾਰੇ ਸਦਾ ਸੁਹਣੇ ਚਮਕਦੇ ਹਨ, ਪੰਛੀ ਸਦਾ ਸੁਰੀਲੀ ਸੁਰ ਨਾਲ ਗਾਉਂਦੇ ਹਨ, ਆਕਾਸ਼ੇ ਪੀਂਘਾਂ ਪੈਂਦੀਆਂ ਹਨ, ਬਿਰਛ ਝੂੰਮਦੇ ਤੇ ਸਦਾ ਆਪਣੀ ਹਰਿਆਵਲ ਕਾਇਮ ਰੱਖਣ ਦੇ ਆਹਰ ਵਿਚ ਰਹਿੰਦੇ ਹਨ, ਫੁੱਲਾਂ ਦਿਆਂ ਦਿਲਾਂ ਵਿਚ ਖੇੜਾ ਧੜਕਦਾ ਹੀ ਰਹਿੰਦਾ ਹੈ; ਹਾੜ, ਸਿਆਲ, ਪੱਤ-ਝੜ, ਬਹਾਰ ਸਭ ਰੁੱਤਾਂ ਵਿਚ ਕੋਈ ਨਾ ਕੋਈ ਫੁੱਲ ਆਪਣਾ ਰੰਗਿਆ ਹੋਇਆ ਦਿਲ ਤੁਰੀ ਤੁਰੀ ਕਰ ਕੇ ਸਾਡੀ ਪੌਣ ਵਿੱਚ ਮਿਲਾਂਦਾ ਰਹਿੰਦਾ ਹੈ।

ਕੁਦਰਤੀ ਦੁਨੀਆਂ ਸਦਾ ਹੱਸਦੀ ਤੇ ਨਿੱਖਰੀ ਰਹਿੰਦੀ ਹੈ। ਇਸ ਵਿੱਚ ਕਦੇ ਕੋਈ ਰੋਗ ਨਹੀਂ ਖਿੱਲਰਦਾ। ਪਰ ਸਾਡੀ ਸੁਚੇਤ ਦੁਨੀਆਂ ਵਿਚ ਰੋਗ, ਮੁਸੀਬਤ, ਈਰਖਾ, ਘ੍ਰਿਣਾ, ਮੁਥਾਜੀ, ਬੇਸੁਆਦੀ, ਤੇ ਬੇਪਰਤੀਤੀ ਦੀਆਂ ਘਟਾਵਾਂ ਗਰਜਦੀਆਂ ਰਹਿੰਦੀਆਂ ਹਨ, ਤੇ ਸਾਧਾਰਨ ਮਨੁੱਖ ਖ਼ੁਸ਼ ਥੋੜ੍ਹਾ ਤੇ ਉਦਾਸ ਬਹੁਤਾ ਰਹਿੰਦਾ ਹੈ।

Digitized by Panjab Digital Library / www.panjabdigilib.org

ਪਰ ਇਹ ਨਾ ਕੁਦਰਤ ਤੇ ਨਾ ਹੋਣੀ ਦਾ ਦੋਸ਼ ਹੈ । ਕੁਦਰਤ ਤੇ ਹੋਣੀ ਦੋਵੇਂ ਅਤਿ ਸੁਚੱਜੇ ਕਾਰੀਗਰ ਹਨ ਜੋ ਅਤਿਅੰਤ ਸਿਆਣੀਆਂ ਤੇ ਸੁਹਣੀਆਂ ਵਿਉਂਤਾਂ ਬਣਾਂਦੇ ਹਨ । ਕੁਦਰਤ ਵਿਚ ਸਦਾ ਖਿੜੇ ਰਹਿਣ ਦੀ ਲਗਨ ਪਰਤੱਖ ਹੈ। ਉਹ ਮਨੁੱਖ ਦੀਆਂ ਖਿਲਾਰੀਆਂ ਰੂੜੀਆਂ ਵਿੱਚੋਂ ਭੀ ਫੱਲ ਉਗਾਂਦੀ ਹੈ । ਮਨੁੱਖ ਥਾਂ ਥਾਂ ਕੋਝੇ ਢੇਰ ਲਾਂਦਾ ਹੈ, ਪਰ ਕੁਦਰਤ ਸਮਾਂ ਪਾ ਕੇ ਉਨ੍ਹਾਂ ਢੇਰਾਂ ਨੂੰ ਹਰੀ ਘਾਹ ਨਾਲ ਢੱਕ ਦੇਂਦੀ ਹੈ, ਤੇ ਇਸ ਹਰਿਆਵਲ ਵਿਚੋਂ ਕਿਤੇ ਕਿਤੇ ਕੋਈ ਨਿੱਕਾ ਸੁਹਣਾ ਫੁੱਲ ਭੀ ਆਪਣਾ ਕੋਮਲ ਸਿਰ ਹਿਲਾ ਕੇ ਮਨੁੱਖ ਦੀਆਂ ਤੀਉੜੀਆਂ ਨੂੰ ਸ਼ਰਮਾਂਦਾ ਹੈ ।

ਇਹ ਠੀਕ ਹੈ ਕਿ ਦੁਨੀਆਂ ਵਿਚ ਅਮਨ ਨਹੀਂ, ਦੁਖੀ ਬਹੁਤੇ ਹਨ, ਸੁਖੀ ਥੋੜੇ ਹਨ, ਹਾਸਾ ਕਦੇ ਕਦੇ ਆਉਂਦਾ ਹੈ, ਚਿੰਤਾ ਸਦੀਵੀ ਹੈ, ਦੇਣ ਦਾ ਖੇੜਾ ਟਾਵਾਂ, ਤੇ ਖੋਹ ਮੋਹੀ ਦੀ ਕਸ਼ਮਕਸ਼[1] ਸਰਬ-ਵਿਆਪੀ ਹੈ । ਜ਼ਿੰਦਗੀ ਦਾ ਤੀਬਰ ਉਤਸ਼ਾਹ ਕਿਤੇ ਕਿਤੇ ਦਿੱਸਦਾ ਹੈ, ਪਰ ਹਸਰਤਾਂ[2] ਤੇ ਮਾਯੂਸੀਆਂ[3] ਦੀ ਖ਼ਿਜ਼ਾਂ[4] ਚੁਤਰਫ਼ੀ ਛਾਈ ਹੋਈ ਹੈ ।

ਪਰ ਇਹ ਮਨੁੱਖ ਦੀ ਆਪਣੀ ਕਿਰਤ ਹੈ । ਇਹ ਝਾਤੀਆਂ ਸਿਰਫ਼ ਮਨੁੱਖੀ ਦੁਨੀਆਂ ਵਿਚ ਹੀ ਹਨ । ਪਸ਼ੂ, ਪੰਛੀ ਜਾਂ ਬਨਾਸਪਤੀ ਦੀ ਦੁਨੀਆ ਏਡੀ ਸੋਗੀ ਨਹੀਂ । ਉਸ ਵਿਚ ਭਾਵੇਂ ਮੌਤ ਹੈ, ਸ਼ਿਕਾਰ ਹੈ, ਇਕ, ਦੂਜੇ ਦੀ ਖ਼ੁਰਾਕ ਬਣਦਾ ਹੈ, ਪਰ ਓਥੇ ਸੋਗ ਨਹੀਂ । ਮੌਤ ਆਉਂਦੀ ਹੈ ਉਹ ਮਰ ਜਾਂਦੇ ਹਨ, ਪਰ ਜਿੰਨਾ ਚਿਰ ਜ਼ਿੰਦਗੀ ਹੈ, ਉਹ ਉਤਸ਼ਾਹ ਨਾਲ ਜੀਉਂਦੇ ਹਨ । ਮੌਤ, ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ ਰੱਖਦੀ, ਕਿਉਂਕਿ ਜਿੰਨਾ ਚਿਰ ਜ਼ਿੰਦਗੀ ਹੈ, ਮੌਤ ਅਲੋਪ ਰਹਿੰਦੀ ਹੈ, ਜਦੋਂ ਮੌਤ ਆਉਂਦੀ ਹੈ, ਓਦੋਂ ਜ਼ਿੰਦਗੀ ਹੁੰਦੀ ਹੀ ਨਹੀਂ ।

ਜੇ ਮਨੁੱਖ ਚਾਹੇ ਤਾਂ ਇਹ ਭੀ ਆਪਣੀ ਦੁਨੀਆਂ ਹੱਸਣੀ ਬਣਾ ਸਕਦਾ ਹੈ। ਮਨੁੱਖ ਦੀ ਦੁਨੀਆਂ ਏਸ ਲਈ ਰੋਣੀ ਨਹੀਂ ਕਿ ਇਸ

Digitized by Panjab Digital Library | www.panjabdigilib.org

ਵਿੱਚ ਕੋਈ ਕੁਦਰਤੀ ਮਜਬੂਰੀ ਹੈ, ਸਿਰਫ਼ ਏਸ ਲਈ ਕਿ ਕਿਸੇ ਤਰ੍ਹਾਂ, ਬੇ ਸੋਚੇ ਸਮਝੇ, ਮਨੁੱਖ ਨੇ ਆਪਣਾ ਮੂੰਹ ਰੋਣਾ ਬਣਾ ਲਿਆ ਹੈ। ਕੁਦਰਤ ਇਕ ਨਿਰਮਲ ਸ਼ੀਸ਼ਾ ਹੈ । ਇਸ ਵਿੱਚੋਂ ਉਹੋ ਮੂੰਹ ਦਿੱਸੇਗਾ, ਜਿਸ ਨਾਲ ਇਸ ਵਿਚ ਕੋਈ ਝਾਕੇਗਾ। ਰੋਂਦੀਆਂ ਅੱਖਾਂ ਨੂੰ ਸਤਰੰਗੀ ਪੀਂਘ ਭੀ ਹੱਸਦੀ ਵਿਖਾਈ ਨਹੀਂ ਦੇਂਦੀ, ਫੁੱਲਾਂ ਵਚ ਭੀ ਕੋਈ ਖੇੜਾ ਨਹੀਂ ਲੱਭਦਾ, ਬਹਾਰ ਵਿਚ ਭੀ ਕੋਈ ਤਾਜ਼ਗੀ ਨਹੀਂ ਜਾਪਦੀ ।

{ਮੁਸੀਬਤ ਮਨੁੱਖ ਦੀ ਆਪਣੀ ਕਲਪਣਾ ਹੈ। ਕੁਦਰਤ ਵਿਚ ਕੋਈ ਔਖੀ ਅਵਸਥਾ ਨਹੀਂ। ਜੇ ਮਨੁੱਖ ਚਾਹੇ ਤਾਂ ਪੱਧਰੀ ਸ਼ਾਮਲਾਤ[5] ਵਿਚ ਲਹਿਰਾਂਦੇ ਚਿੱਟੇ ਫੁੱਲਾਂ ਵਾਂਗ ਪਰਸੰਨ ਰਹਿ ਸਕਦਾ ਹੈ, ਸਿਰਫ਼ ਜ਼ਿੰਦਗੀ ਦੇ ਹੱਸਦੇ ਪਾਸੇ ਵਲ ਰੁਚਿਤ[6] ਹੋਣ ਦੀ ਲੋੜ ਹੈ। ਰੋਂਦਾ ਪਾਸਾ ਜੇ ਕਿਧਰੇ ਨਜ਼ਰੀਂ ਪਵੇ ਤਾਂ ਉਸ ਪਾਸੇ ਤੱਕੋ ਹੀ ਨਾ। ਆਪਣੀਆਂ ਅੱਖਾਂ ਹਸਾਓ, ਆਪਣਾ ਚਿਹਰਾ ਹੱਸਣਾ ਬਣਾਓ, ਤੇ ਜਤਨ ਕਰੋ ਕਿ ਤੁਹਾਡੀ ਝਾਤੀ ਦੂਜਿਆਂ ਨੂੰ ਹਸਾਏ। ਦੁਨੀਆਂ ਹੱਸਦਿਆਂ ਚਿਹਰਿਆਂ ਵੱਲ ਵੇਖਣਾ ਚਾਹੁੰਦੀ ਹੈ। ਹੱਸਣੇ ਹੀ ਦੁਨੀਆਂ ਦੇ ਮਾਸ਼ੂਕ ਹਨ । ਦੁਨੀਆਂ ਸਾਡੀ ਕਾਮਯਾਬੀ ਨੂੰ ਸਾਡੇ ਮੂੰਹਾਂ ਉੱਪਰ ਖੇਡਦੇ ਹਾਸੇ ਨਾਲ ਨਾਪਦੀ ਹੈ। ਤੀਊੜੀਆਂ ਵਾਲਾ ਮੂੰਹ ਨਾਕਾਮਯਾਬੀ ਦਾ ਚਿੰਨ੍ਹ ਹੈ। ਇਹ ਕਿਸੇ ਮਜਲਿਸ, ਮਹਿਫ਼ਲ[7] ਜਾਂ ਤ੍ਰਿਵਣ ਦਾ ਮਕਬੂਲ[8] ਨਹੀਂ ਹੋ ਸਕਦਾ।}

ਦੁਨੀਆਂ ਕੁਰਖ਼ਤ ਪਾਰਸਾਈ[9] ਨੂੰ ਪਿਆਰਦੀ ਨਹੀਂ, ਸਗੋਂ ਇਸ ਕੋਲੋਂ ਤ੍ਰਹਿੰਦੀ ਹੈ। ਦੁਨੀਆਂ ਖੇੜੇ ਦੀ ਗਾਹਕ ਹੈ। ਜੇ ਇਹ ਖੇੜਾ ਖੁੱਲ੍ਹੀ ਮੰਡੀ ਵਿਚ ਨਹੀਂ ਮਿਲ ਸਕਦਾ, ਤਾਂ ਇਸ ਨੂੰ ਦੁਨੀਆਂ ਪਰਦਿਆਂ ਪਿੱਛੋਂ ਚੁਰਾ ਲਿਆਉਂਦੀ ਹੈ। ਜੇ ਇਸ ਖੇੜੇ ਨੂੰ ਨਮੋਸ਼ੀ[10] ਦਾ ਟਿੱਕਾ ਲਾ ਕੇ ਕੋਈ ਮੂਰਖ ਭਾਈਚਾਰਾ ਵਰਜ ਦਾਂਦਾ ਹੈ, ਤਾਂ ਦੁਨੀਆਂ ਚੋਰੀਆਂ ਕਰਦੀ ਹੈ, ਬਦਮਸਤ

Digitized by Panjab Digital Library | www.panjabdigilib.org

ਹੋ ਜਾਂਦੀ ਹੈ, ਛੇੜਖ਼ਾਨੀ ਕਰਦੀ ਹੈ, ਕਿਉਂਕਿ ਬ੍ਰਹਿਮੰਡ ਦੇ ਹਰੇਕ ਜੁਜ਼[11] ਦੀ ਪ੍ਰਕਿਰਤੀ[12] ਖੇੜਾ ਹੈ। ਇਸ ਪ੍ਰਕਿਰਤੀ ਦਾ ਉਲੰਘਣ ਕੋਈ ਮਜ਼ਹਬ, ਕੋਈ ਸਿੱਧਾਂਤ, ਕੋਈ ਮਸਨੂਈ[13] ਪਾਰਸਾਈ ਨਹੀਂ ਕਰ ਸਕਦੀ। ਇਹ ਪ੍ਰਕਿਰਤੀ ਰਬੜ ਵਾਂਗ ਲਚਕਦਾਰ ਹੈ। ਜਿੰਨਾ ਚਿਰ ਮਰਜ਼ੀ ਆਵੇ ਕੋਈ ਖਿੱਚੀ ਰੱਖੇ, ਜਦੋਂ ਭੀ ਖਿੱਚ ਹਟੀ ਰਬੜ ਆਪਣੀ ਥਾਵੇਂ ਆ ਜਾਂਦਾ ਹੈ। ਇਹੀ ਕਾਰਨ ਹੈ ਕਿ ਵਰ੍ਹਿਆਂ ਦੀਆਂ ਸਮਾਧੀਆਂ ਵਿਚ ਜਦੋਂ ਕਦੇ ਵੀ ਜ਼ਿੰਦਗੀ ਦੇ ਕਿਸੇ ਹੱਸਦੇ ਮੂੰਹ ਨੇ ਝਾਤ ਪਾਈ, ਸਮਾਧੀ ਉੱਖੜ ਗਈ, ਬੇਤਾਬੀ[14] ਆ ਸਮਾਈ, ਤੇ ਜ਼ਿੰਦਗੀ ਦਾ ਪੰਛੀ ਪਿੰਜਰੇ 'ਚੋਂ ਉੱਡ ਕਿਸੇ ਹਰੀ ਟਹਿਣੀ ਤੇ ਜਾ ਕੂਲ-ਕੂਲ ਕਰਨ ਲੱਗਾ।

ਜ਼ਿੰਦਗੀ ਉਸੇ ਤਰ੍ਹਾਂ ਬਣ ਜਾਂਦੀ ਹੈ, ਜੀਕਰ ਅਸੀਂ ਮਹਿਸੂਸ ਕਰਦੇ ਹਾਂ। ਜ਼ਿੰਦਗੀ ਦਾ ਰੰਗ ਸਾਡੀ ਮਲਕੀਅਤ ਨਾਲ ਗੂੜ੍ਹਾ ਨਹੀਂ ਹੁੰਦਾ। ਅਨੇਕਾਂ ਵੱਡੇ ਵਡੇ ਮਾਲਕਾਂ ਦਾ ਜੀਵਨ ਬੇਰੰਗ ਹੈ। ਜ਼ਿੰਦਗੀ ਆਪਣਾ ਰੰਗ ਸਾਡੇ ਅਹਿਸਾਸਾਂ ਕੋਲੋਂ ਲੈਂਦੀ ਹੈ।

ਇਸ ਅਹਿਸਾਸ ਨੂੰ ਡੂੰਘਾ ਕਰੋ, ਰੰਗੀਲਾ ਬਣਾਓ, ਤੇ ਇਸ ਨੂੰ ਹਾਸੇ ਦੀ ਛਣਕਾਰ ਨਾਲ ਸੁਚੇਤ ਰੱਖੋ। ਉਹ ਸਾਰੇ ਸਾਧਨ ਗ਼ਲਤ ਹਨ ਜਿਹੜੇ ਜ਼ਿੰਦਗੀ ਵਿੱਚੋਂ ਹਾਸਾ ਘਟਾਂਦੇ ਹਨ। ਘੁੱਟ ਹੋਏ ਮੂੰਹਾਂ ਦਾ ਕਦੇ ਭਰੋਸਾ ਨਾ ਕਰੋ, ਉਨ੍ਹਾਂ ਵਿੱਚ ਜ਼ਰੂਰੀ ਕੋਈ ਗ਼ੈਰ ਕੁਦਰਤੀ ਇੱਛਾ ਹੁੰਦੀ ਹੈ। ਜੇ ਤੁਸੀਂ ਕਿਸੇ ਨੌਕਰ, ਕਲਰਕ ਜਾਂ ਭਿਆਲ[15] ਦੀ ਤਲਾਸ਼ ਵਿੱਚ ਹੋ ਤਾਂ ਹੱਸਣੇ ਮੂੰਹ ਦੀ ਸ਼ਰਤ ਨੰਬਰ ਅੱਵਲ ਸਮਝੋ। ਹੱਸਣਾ ਮੂੰਹ ਤੁਰਦੇ ਪਾਣੀ ਦੀ ਨਿਆਈਂ ਹੈ। ਹੱਸਣੇ ਮੂੰਹ ਹੇਠਾਂ ਨਿਰਮਲ ਦਿਲ ਹੋਵੇਗਾ, ਭਾਵੇਂ ਦਿਮਾਗ਼ ਬਹੁਤ ਸਿਆਣਾ ਨਾ ਭੀ ਹੋਵੇ, ਤੇ ਨਿਰਮਲ ਦਿਲ ਵਫ਼ਾ[16] ਤੇ ਪਿਆਰ ਦੀ ਜ਼ਮਾਨਤ ਹੈ। ਪਿਆਰ ਤੇ ਵਫ਼ਾ ਨਾਲ ਸਲਤਨਤਾਂ ਭੀ ਨਹੀਂ ਤੁੱਲ ਸਕਦੀਆਂ।

Digitized by Panjab Digital Library | www.panjabdigilib.org

[ਸੱਭਯ ਮੁਲਕਾਂ ਵਿਚ ਹੱਸਣੇ ਮੂੰਹਾਂ ਦਾ ਮੁੱਲ ਪੈਂਦਾ ਹੈ, ਇਨ੍ਹਾਂ ਨੂੰ ਮੈਡਲ ਦਿੱਤੇ ਜਾਂਦੇ ਹਨ, ਉੱਚੀਆਂ ਥਾਵਾਂ ਭੇਟ ਕੀਤੀਆਂ ਜਾਂਦੀਆਂ ਹਨ। ਹਰੇਕ ਦੁਕਾਨ ਉੱਤੇ ਵਿਕਰੀ ਕਰਨ ਵਾਲੇ ਇਸਤਰੀ ਮਰਦਾਂ ਦੇ ਮੂੰਹਾਂ ਦਾ ਇਮਤਿਹਾਨ ਲਿਆ ਜਾਂਦਾ ਹੈ। ਹੱਸਣੇ ਮੂੰਹਾਂ ਦੀ ਚੋਣ ਕੀਤੀ ਜਾਂਦੀ ਹੈ। ਕੋਈ ਘੁੱਟਿਆ, ਲਾ-ਪਰਵਾਹ, ਤੇ ਆਪਣੇ ਆਪ ਵਿੱਚ ਮਗਨ ਮੂੰਹ ਵਿਕਰੀ ਦੇ ਕਾਊਂਟਰ[17] ਪਿੱਛੇ ਖੜਾ ਨਹੀਂ ਕੀਤਾ ਜਾਂਦਾ। ਪਬਲਿਕ ਸੇਵਾ ਦੀਆਂ ਅਸਾ-ਮੀਆਂ ਸਿਰਫ਼ ਹੱਸਣੇ ਮੂੰਹਾਂ ਨੂੰ ਦਿੱਤੀਆਂ ਜਾਂਦੀਆਂ ਹਨ। ਮਨ-ਲੁਭਾਵੀਂ ਮੁਸਕ੍ਰਾਹਟ ਦਾ ਮੁੱਲ ਲੱਖਾਂ ਰੁਪੈ ਪੈਂਦਾ ਹੈ। ਕਈ ਕੁੜੀਆਂ ਤੇ ਮੁੰਡੇ ਸਿਰਫ਼ ਇਕ ਖ਼ਾਸ ਮੁਸਕਣੀ ਦੀ ਖ਼ਾਤਰ ਚੁਣੇ ਜਾਂਦੇ ਹਨ।]

ਉਹ ਲੋਕ ਦੁਨੀਆਂ ਨੂੰ ਇੱਕ ਹੱਸਣੀ ਦੁਨੀਆਂ ਬਣਾਉਣਾ ਚਾਹੁੰਦੇ ਹਨ। ਉਹ ਸਮਾਂ ਲੰਘਦਾ ਜਾ ਰਿਹਾ ਹੈ ਜਦੋਂ ਸੋਗ ਨੂੰ ਆਤਮਕ ਸਿਫ਼ਤ ਸਮਝਿਆ ਜਾਂਦਾ ਸੀ, ਤੇ ਸੋਗੀ, ਉਦਾਸੀ-ਭਰੇ ਭਜਨ ਗਾਉਣਾ ਮਹਾਤਮ[18] ਸਮਝਿਆ ਜਾਂਦਾ ਸੀ। 'ਚਾਰ ਦਿਨ ਦੀ ਚਾਂਦਨੀ ਤੇ ਫਿਰ ਹਨੇਰੀ ਰਾਤ' ਵਾਲੇ ਮਰਸੀਏ[19] ਅੱਜ ਦੁਨੀਆਂ ਦਾ ਫ਼ੈਸ਼ਨ ਨਹੀਂ।

ਅੱਜ ਹਜ਼ਾਰਾਂ ਕਿਤਾਬਾਂ ਹਰ ਸਾਲ ਯੂਰਪ ਤੇ ਅਮਰੀਕਾ ਵਿਚ ਸਿਰਫ਼ ਇਸ ਵਿਸ਼ੇ ਉੱਤੇ ਲਿਖੀਆਂ ਜਾ ਰਹੀਆਂ ਹਨ ਕਿ ਮਨੁੱਖ ਕਿਸ ਤਰ੍ਹਾਂ ਖ਼ੁਸ਼ ਰਹਿ ਤੇ ਖ਼ੁਸ਼ ਰੱਖ ਸੱਕਦਾ ਹੈ। ਖ਼ੁਸ਼ ਰਹਿਣਾ ਇਕ ਕਿਸਮ ਦੀ ਲੋਕ-ਸੇਵਾ ਹੈ, ਕਿਉਂਕਿ ਖ਼ੁਸ਼-ਸ਼ਕਲ ਨੂੰ ਲੋਕ ਵੇਖ ਕੇ ਖ਼ੁਸ਼ ਹੁੰਦੇ ਹਨ; ਰਾਹ ਜਾਂਦਿਆਂ ਭੌਂ ਕੇ ਦੁਬਾਰਾ ਤੱਕਦੇ ਹਨ। ਥੱਕੀਆਂ ਹੋਈਆਂ ਅੱਖਾਂ ਬਾਗ਼ਾਂ ਵਿਚ ਤਾਜ਼ਾ ਹੋਣ ਜਾਂਦੀਆਂ ਹਨ, ਹੱਸਣੇ ਮੂੰਹ ਇਨ੍ਹਾਂ ਅੱਖਾਂ ਉੱਤੇ ਉਪਕਾਰ ਕਰਦੇ ਹਨ। ਉਹ ਜਿਹੜਾ ਕਦੇ ਦੂਜਿਆਂ ਨੂੰ ਆਪਣਾ ਉਦਾਸ ਮੂੰਹ ਨਹੀਂ ਵਿਖਾਂਦਾ, ਕਦੇ ਦੁਨੀਆਂ ਸਾਹਮਣੇ ਗੁੱਸੇ ਹੋ ਕੇ ਨਹੀਂ ਬੋਲਦਾ,

Digitized by Panjab Digital Library | www.panjabdigilib.org

ਕਦੇ ਦੂਜਿਆਂ ਨੂੰ ਆਪਣੀਆਂ ਤਕਲੀਫ਼ਾਂ ਨਹੀਂ ਸੁਣਾਂਦਾ, ਗਿਲ ਨਹੀਂ ਕਰਦਾ, ਤਿੱਖੀਆਂ ਕੌੜੀਆਂ ਗੱਲਾਂ ਮੂੰਹੋਂ ਨਹੀਂ ਕੱਢਦਾ, ਉਹ ਇਕੱਲਾ ਦੁਨੀਆਂ ਦੀ ਏਨੀ ਖ਼ਿਦਮਤ ਕਰ ਰਿਹਾ ਹੈ, ਜਿੰਨੀ ਸੈਂਕੜੇ ਮਹਾਤਮਾ ਰਲ ਕੇ ਨਹੀਂ ਕਰ ਸਕਦੇ। ਭਾਵੇਂ ਇਹ ਹੱਸਣਾ ਮਨੁੱਖ ਦੁਨੀਆਂ ਨੂੰ ਹੋਰ ਕੁੱਝ ਭੀ ਨਾ ਦੇਵੇ, ਇਸ ਦਾ ਖੇੜਾ ਚੜ੍ਹਦੇ ਸੂਰਜ ਦੀਆਂ ਕਿਰਨਾਂ ਵਾਂਗ ਦੁਨੀਆਂ ਦੇ ਦਿਲਾਂ ਵਿਚ ਉਤਸ਼ਾਹ ਜਗਾਂਦਾ ਤੇ ਚੰਗੇ ਚੰਗੇ ਕੰਮ ਕਰਨ ਲਈ ਪ੍ਰੇਰਦਾ ਹੈ।

ਹੱਸਣਾ, ਬਹਾਦਰ ਦਿੰਦਾਂ ਦੀ ਸਿਫ਼ਤ ਹੈ। ਜ਼ਿੰਦਗੀ ਦੀਆਂ ਸੜਕਾਂ ਉੱਤੇ ਹੱਸ ਸੱਕਣ ਲਈ ਜਿਗਰਾ ਚਾਹੀਦਾ ਹੈ। ਹਜ਼ਾਰਾਂ ਤਪਾਂ ਦੀ ਕਠਨਤਾ, ਹੱਸ ਸਕਣ ਦੀ ਸਮਰੱਥਾ ਦੀ ਬਰਾਬਰੀ ਨਹੀਂ ਕਰ ਸਕਦੀ।

ਦੁਨੀਆਂ ਦੇ ਬਹਾਦਰ ਆਦਮੀਆਂ ਵਿੱਚੋਂ ਰੌਬਰਟ ਲੂਈ ਸਟੀਵਨਸਨ ਦਾ ਨਾਮ ਬੜੇ ਪਿਆਰ ਨਾਲ ਲਿਆ ਜਾਂਦਾ ਹੈ। ਇਸ ਦੀ ਸਿਹਤ ਬੜੀ ਕਮਜ਼ੋਰ ਸੀ। ਇਹ ਤਪਦਿਕ ਦਾ ਰੋਗੀ ਸੀ, ਪਰ ਇਸ ਨੇ ਸਦਾ ਦੁਨੀਆਂ ਅੱਗੇ ਆਪਣਾ ਹੱਸਣਾ ਮੂੰਹ ਹੀ ਰੱਖਿਆ। ਅੰਤਮ ਸੁਆਸ ਤਕ ਇਹ ਪਰਸੰਨ ਰਿਹਾ ਤੇ ਸਖ਼ਤ ਮਿਹਨਤ ਕਰਦਾ ਰਿਹਾ। ਭਾਂਵੇਂ ਛੋਟੀ ਉਮਰ ਵਿਚ ਹੀ ਮੁੱਕ ਗਿਆ, ਪਰ ਜਿੰਨਾ ਚਿਰ ਜੀਵਿਆ ਦੁਨੀਆਂ ਨੂੰ ਖ਼ੁਸ਼ ਕਰਦਾ ਰਿਹਾ। ਇਸ ਕੋਲ ਗਿਲੇ ਦੀ ਗੁੰਜਾਇਸ਼ ਸੀ, ਇਹ ਆਪਣੀ ਤਕਦੀਰ ਨੂੰ ਕੋਸ ਸਕਦਾ ਸੀ, ਪਰ ਇਹ ਦੁਨੀਆਂ ਦੀਆਂ ਅਤਿ ਖ਼ੁਸ਼-ਰਹਿਣੀਆਂ ਜਿੰਦਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਇਹ ਹਸੂੰ ਹਸੂੰ ਕਰਦੀ ਜਿੰਦੜੀ ਖ਼ਿਦਮਤ ਦੀ ਚਾਹ ਨਾਲ ਧੜਕਦੀ ਆਪਣਾ ਜੀਵਨ ਲੰਮਾ ਕਰਨ ਦਾ ਜਤਨ ਕਰਦੀ ਰਹੀ, ਪਰ ਇੰਚ ਇੰਚ ਮੁੱਕਦੀ ਜਾਂਦੀ ਭੀ ਦੁਨੀਆਂ ਨੂੰ ਪਰਸੰਨ ਕਰਦੀ ਰਹੀ। ਜਨੂਬੀ[20] ਸਾਗਰ ਦੀ ਇਕ ਟਾਪੂ ਪਹਾੜੀ ਉੱਤੇ ਇਸ ਦਾ ਦੇਹਾਂਤ ਹੋਇਆ। ਇਸ ਨੇ ਆਪਣੀ ਮਰਜ਼ੀ ਨਾਲ ਆਪਣੀ ਕਬਰ ਲਈ ਇਹ ਥਾਂ ਚੁਣੀ ਸੀ, ਤੇ ਆਪਣੀ ਕਬਰ ਲਈ ਆਪ ਇਹ ਖ਼ੁਤਬਾ[21] ਸ਼ਬਦ ਲਿਖੇ ਸਨ।

Digitized by Panjab Digital Library | www.panjabdigilib.org

"ਖ਼ੁਸ਼ੀ ਨਾਲ ਮੈਂ ਜੀਵਿਆ, ਤੇ ਖ਼ੁਸ਼ੀ ਨਾਲ ਮੈਂ ਮਰ ਰਿਹਾ ਹਾਂ, ਤੇ ਰਜ਼ਾ ਨਾਲ ਮੈਂ ਏਥੇ ਹਮੇਸ਼ਾ ਲਈ ਲੰਮਾ ਪੈਂਦਾ ਹਾਂ।"

ਰੌਬਰਟ ਲੂਈ ਸਟੀਵਨਸਨ ਦੀ ਪ੍ਰਾਰਥਨਾ ਇਹ ਹੁੰਦੀ ਸੀ :

"ਦਿਨ ਚੜ੍ਹਦਾ ਹੈ ਤੇ ਛਿੱਥੇ ਪਾਣ ਵਾਲੇ ਫ਼ਰਜ਼ਾਂ ਦਾ ਦੌਰਾ ਮੋੜ ਲਿਆਉਂਦਾ ਹੈ। ਸਾਨੂੰ ਆਦਮੀ ਦੀ ਖੇਡ ਖੇਡਣ ਵਿਚ ਸਹਾਇਤਾ ਕਰਨਾ ਕਿ ਅਸੀਂ ਇਨ੍ਹਾਂ ਫ਼ਰਜ਼ਾਂ ਨੂੰ ਹੱਸਦੇ ਤੇ ਦਿਆਲੂ ਮੂੰਹਾਂ ਨਾਲ ਨਿਭਾ ਸਕੀਏ; ਸਾਡੀ ਮੁਸ਼ੱਕਤ[22] ਹਾਸੇ ਨਾਲ ਭਰਪੂਰ ਰਹੇ।

"ਸਾਡੀ ਸਹਾਇਤਾ ਕਰਨਾ, ਕਿ ਅਸੀਂ ਸਾਰਾ ਦਿਨ ਆਪਣਾ ਵਿਹਾਰ ਪਰਸੰਨਤਾ ਨਾਲ ਕਰੀਏ, ਤੇ ਜਦੋਂ ਰਾਤੀਂ ਬਿਸਤਰੇ ਉੱਤੇ ਮੁੜੀਏ, ਥੱਕੇ ਭਾਵੇਂ ਹੋਵੀਏ, ਪਰ ਹੋਵੀਏ ਸੰਤੁਸ਼ਟ ਤੇ ਸੁਰਖ਼ਰੂ, ਤੇ ਓੜਕ ਸਾਨੂੰ ਗੂੜ੍ਹੀ ਨੀਂਦ ਦੀ ਰਾਤ ਬਖ਼ਸ਼ੀਂ, ਆਮੀਨ[23]!"

---

Digitized by Panjab Digital Library | www.panjabdigilib.org

ਡਾ. ਗੰਡਾ ਸਿੰਘ

# ਸਭਰਾਵਾਂ ਦੀ ਲੜਾਈ

ਫੇਰੂ ਸ਼ਹਿਰ ਵਿਚ ਹਾਰ ਦੇ ਪਿੱਛੋਂ ਲਾਹੌਰ ਦਰਬਾਰ ਨੇ ਰਾਜਾ ਗੁਲਾਬ ਸਿੰਘ ਨੂੰ ਜੰਮੂੰ ਤੋਂ ਲਾਹੌਰ ਬੁਲਾਇਆ। ਮਹਾਰਾਣੀ ਜਿੰਦ ਕੌਰ ਨੂੰ ਸ਼ਾਇਦ ਇਹ ਖ਼ਿਆਲ ਹੋਵੇ ਕਿ ਗੁਲਾਬ ਸਿੰਘ ਜੰਗ ਵਿੱਚ ਦਰਬਾਰ ਦੀ ਸਹਾਇਤਾ ਕਰੇਗਾ। ਜੇ ਉਹ ਚਾਹੁੰਦਾ ਤਾਂ ਲੜਾਈ ਨੂੰ ਲਮਕਾ ਸਕਦਾ ਸੀ। ਪਰ ਉਹ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦਾ ਸੀ, ਇਸ ਲਈ ਉਸ ਨੇ ਜ਼ਾਹਰਾ ਤੌਰ ਤੇ ਕੋਈ ਗੱਲ ਅੰਗਰੇਜ਼ਾਂ ਦੇ ਵਿਰੁੱਧ ਨਾ ਕੀਤੀ, ਸਗੋਂ ਉਲਟਾ ਹਾਰ ਖਾ ਚੁੱਕੇ ਹੋਏ ਸਿੱਖਾਂ ਨੂੰ ਹੀ ਕੋਸਣਾ ਸ਼ੁਰੂ ਕਰ ਦਿੱਤਾ ਅਤੇ ਅੰਗਰੇਜ਼ਾਂ ਨਾਲ ਗੱਲ ਬਾਤ ਆਰੰਭ ਕਰ ਦਿੱਤੀ।

ਗਵਰਨਰ-ਜਨਰਲ ਭੀ ਇਸ ਗੱਲੋਂ ਖ਼ੁਸ਼ ਸੀ ਕਿ ਲਾਹੌਰ ਦਰਬਾਰ ਈਨ ਮੰਨ ਲੈਣ ਨੂੰ ਤਿਆਰ ਹੈ, ਕਿਉਂਕਿ ਉਹ ਸੱਚੇ ਦਿਲੋਂ ਮਹਿਸੂਸ ਕਰ ਰਿਹਾ ਸੀ ਕਿ ਸਾਰੇ ਪੰਜਾਬ ਨੂੰ ਸਰ[1] ਕੀਤੇ ਬਿਨਾਂ ਇਸ ਲੜਾਈ ਨੂੰ ਕਾਮਯਾਬੀ ਨਾਲ ਖ਼ਤਮ ਨਹੀਂ ਕੀਤਾ ਜਾ ਸਕੇਗਾ ਅਤੇ ਖ਼ਾਲਸਾ ਫ਼ੌਜ ਦੀ ਮੌਜੂਦਗੀ ਵਿੱਚ ਪੰਜਾਬ ਨੂੰ ਸਰ ਕਰਨ ਲਈ ਪੈਰ ਪੈਰ ਉੱਤੇ ਖ਼ਤਰਾ ਹੈ। ਹਿੰਦੁਸਤਾਨ ਵਿਚ ਅੰਗਰੇਜ਼ੀ ਹਕੂਮਤ ਦਾ ਆਧਾਰ ਗੋਰਾ ਫ਼ੌਜ ਉੱਤੇ ਹੈ, ਪਰ ਲੜਾਈ ਲੰਬੀ

Digitized by Panjab Digital Library | www.panjabdigilib.org

ਹੋ ਜਾਣ ਦੀ ਹਾਲਤ ਵਿਚ ਗਰਮੀ ਦੇ ਮੌਸਮ ਵਿੱਚ ਗੋਰਿਆਂ ਵਾਸਤੇ ਬੜੀ ਸ਼ਾਮਤ ਹੋਵੇਗੀ ਅਤੇ ਕਿਸੇ ਆਮ ਬੀਮਾਰੀ ਦੇ ਪੈ ਜਾਣ ਨਾਲ ਅਫ਼ਸਰਾਂ ਅਤੇ ਸਿਪਾਹੀਆਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਇਹ ਭੀ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਸਾਰੇ ਹਿੰਦੁਸਤਾਨ ਵਿੱਚ ਲੋਕਾਂ ਦੇ ਮਨ ਡੋਲੇ ਹੋਏ ਹਨ ਅਤੇ ਲੜਾਈ ਲੰਬੀ ਪੈ ਜਾਣ ਦੀ ਹਾਲਤ ਵਿਚ ਉਨ੍ਹਾਂ ਦਾ ਅੰਗਰੇਜ਼ਾਂ ਦੀ ਫ਼ੌਜ ਦੇ ਅਜਿੱਤ ਹੋਣ ਸੰਬੰਧੀ ਯਕੀਨ ਹੋਰ ਭੀ ਹਿੱਲ ਜਾਏਗਾ ਅਤੇ ਮੁਲਕ ਵਿਚ ਸ਼ੋਰ ਸ਼ਰਾਬਾ ਪੈ ਜਾਏਗਾ। ਦਰਿਆ ਸਿੰਧ ਤਕ ਆਪਣੀ ਫ਼ਤਿਹ ਦੇ ਝੰਡੇ ਝੁਲਾਉਣ ਅਤੇ ਪੰਜਾਬ ਨੂੰ ਅੰਗਰੇਜ਼ੀ ਹਕੂਮਤ ਹੇਠਾਂ ਲੈ ਆਉਣ ਦਾ ਖ਼ਿਆਲ ਗਵਰਨਰ-ਜਨਰਲ ਦੇ ਮਨ ਨੂੰ ਹੁਲਾਰਾ ਦਿੰਦਾ ਸੀ। ਪਰ ਸਭ ਤੋਂ ਪਹਿਲੀ ਗੱਲ ਖ਼ਾਲਸਾ ਫ਼ੌਜਾਂ ਨੂੰ ਤਲਵਾਰ ਦੇ ਜ਼ੋਰ ਨਾਲ ਯਾ ਲਾਹੌਰ ਦਰਬਾਰ ਦੇ ਬਿਨਾਂ-ਸ਼ਰਤ ਈਨ ਮੰਨਣ ਪਰ ਸਤਲੁਜੋਂ ਪਾਰ ਧੱਕਣਾ ਸੀ, ਨਹੀਂ ਤਾਂ ਡਰ ਸੀ ਕਿ ਅੰਗਰੇਜ਼ੀ ਤਾਕਤ ਨੂੰ ਕਮਜ਼ੋਰ ਹੋ ਗਈ ਸਮਝ ਕੇ ਹਿੰਦੁਸਤਾਨ ਦਾ ਹਰ ਛੋਟਾ ਮੋਟਾ ਸਰਦਾਰ ਮੌਕਾ ਮਿਲਣ ਉੱਤੇ ਆਪਣੀ ਆਜ਼ਾਦੀ ਲਈ ਤਿਆਰ ਹੋ ਕੇ ਹੱਥ ਪੈਰ ਮਾਰਨ ਦੇ ਯਤਨ ਕਰਨ ਲਗ ਪਏਗਾ। ਪਰ ਜੇ ਕਿਧਰੇ ਮੁਲਕ ਦੇ ਸਾਰੇ ਸਰਦਾਰ ਸਿਰ-ਲੱਥ ਹੋ ਕੇ ਕਿਸੇ ਇੱਕ ਯੋਗ ਅਤੇ ਆਪਾ-ਵਾਰੂ ਆਗੂ ਦੇ ਹੁਕਮ ਹੇਠਾਂ ਆ ਕੱਠੇ ਹੋਏ ਤਾਂ ਲਾਹੌਰ ਦਰਬਾਰ ਦੀ ਤਿਆਰ-ਬਰ-ਤਿਆਰ ਬਹਾਦੁਰ ਫ਼ੌਜ ਨੂੰ ਇਕ ਅੱਧੀ ਹੋਰ ਹਾਰ ਨਾਲ ਪੂਰੀ ਤਰ੍ਹਾਂ ਮੁਕਾਇਆ ਨਹੀਂ ਜਾ ਸਕੇਗਾ।

ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖ ਕੇ ਗਵਰਨਰ–ਜਨਰਲ ਨੇ ਗੁਲਾਬ ਸਿੰਘ ਨੂੰ ਕਹਿ ਭੇਜਿਆ ਕਿ ਖ਼ਾਲਸਾ ਫ਼ੌਜ ਨੂੰ ਤੋੜ ਦਿੱਤੇ ਜਾਣ ਪਿੱਛੋਂ ਸਰਕਾਰ ਅੰਗਰੇਜ਼ੀ ਪੰਜਾਬ ਵਿੱਚ ਸਿੱਖ ਬਾਦਸ਼ਾਹਤ ਨੂੰ ਪਰਵਾਨ ਕਰ ਲੈਣ ਲਈ ਤਿਆਰ ਹੋਵੇਗੀ। ਪਰ ਗੁਲਾਬ ਸਿੰਘ ਨੇ ਜਵਾਬ ਦਿੱਤਾ ਕਿ ਫੌਜ ਨੂੰ ਤੋੜ ਦੇਣ ਦਾ ਇਕਰਾਰ ਕਰਨਾ

Digitized by Panjab Digital Library | www.panjabdigilib.org

ਉਸ ਦੇ ਅਖ਼ਤਿਆਰ ਤੋਂ ਬਾਹਰ ਹੈ। ਕਨਿੰਘਮ ਲਿਖਦਾ ਹੈ ਕਿ ਆਪਣੇ ਮਤਲਬ ਨੂੰ ਪੂਰਾ ਕਰਨ ਲਈ ਗੁਲਾਬ ਸਿੰਘ ਸਿੱਖ ਫ਼ੌਜ ਸੰਬੰਧੀ ਗੱਲਾਂ ਬਹੁਤ ਵਧਾ ਕੇ ਦੱਸ ਰਿਹਾ ਸੀ। ਅੰਗਰੇਜ਼ਾਂ ਦੇ ਇਸ ਵੇਲੇ ਕੁਥਾਂਏਂ ਫਸੇ ਹੋਏ ਹੋਣ ਪਰ ਉਹ ਉਨ੍ਹਾਂ ਨੂੰ ਹੋਰ ਡਰਾ ਤੇ ਧਰਕਾ ਕੇ ਆਪਣੀ ਸੇਵਾ ਦੇ ਬਦਲੇ ਉਨ੍ਹਾਂ ਪਾਸੋਂ ਆਪਣੀਆਂ ਨਿੱਜ ਦੀਆਂ ਗੱਲਾਂ ਮਨਵਾਉਣਾ ਚਾਹੁੰਦਾ ਸੀ, ਜਿਸ ਵਿੱਚ ਕਿ ਅੰਤ ਉਹ ਪੂਰੀ ਤਰ੍ਹਾਂ ਕਾਮਯਾਬ ਹੋ ਗਿਆ।

ਓਧਰ ਚੂੰਕਿ ਸਿੱਖਾਂ ਦੀ ਰਾਜਧਾਨੀ ਵਿਚ ਜਾ ਕੇ ਉਨ੍ਹਾਂ ਪਾਸੋਂ ਈਨ ਮਨਵਾਉਣਾ ਅੰਗਰੇਜ਼ੀ ਹਕੂਮਤ ਦੇ ਰੁਅਬ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੋ ਰਿਹਾ ਸੀ, ਇਸ ਲਈ ਗੁਲਾਬ ਸਿੰਘ ਅਤੇ ਅੰਗਰੇਜ਼ਾਂ ਵਿਚ ਕੋਈ ਇਹੋ ਜਿਹਾ ਸਲਾਹ ਸਮਝੌਤਾ ਹੋ ਗਿਆ ਕਿ ਅੰਗਰੇਜ਼, ਸਿੱਖ ਫ਼ੌਜ ਉੱਤੇ ਹੱਲਾ ਕਰਨ ਅਤੇ ਹਾਰ ਹੋ ਜਾਣ ਪਰ ਸਰਕਾਰ ਲਾਹੌਰ (ਜਿਸ ਦੇ ਮੁਖੀਏ ਇਸ ਵੇਲੇ ਰਾਜਾ ਗੁਲਾਬ ਸਿੰਘ ਡੋਗਰਾ, ਮਿਸਰ ਲਾਲ ਸਿੰਘ ਵਜ਼ੀਰ ਤੇ ਮਿਸਰ ਤੇਜ ਸਿੰਘ ਕਮਾਂਡਰ-ਇਨ-ਚੀਫ਼ ਸਨ) ਉਸ ਨੂੰ ਖੁੱਲ੍ਹੇ ਤੌਰ ਤੇ ਤਿਆਗ ਦੇਵੇ, ਅਤੇ ਸਤਲੁਜ ਦਰਿਆ ਦਾ ਰਾਹ ਅਤੇ ਲਾਹੌਰ ਤਕ ਸੜਕ ਅੰਗਰੇਜ਼ਾਂ ਵਾਸਤੇ ਖ਼ਾਲੀ ਛੱਡ ਦਿੱਤੇ ਜਾਣ। ਇਸ ਮੂਰਖਤਾ-ਭਰੀ ਪਾਲਿਸੀ ਅਤੇ ਬੇਸ਼ਰਮਾਂ ਵਾਲੀ ਗ਼ੱਦਾਰੀ ਦੀ ਹਾਲਤ ਵਿਚ ਸਭਰਾਵਾਂ ਦੀ ਜੰਗ ਹੋਈ। ਇਹ ਸਾਰੀ ਗੱਲ-ਬਾਤ ਫ਼ਰਵਰੀ ੧੮੪੬ ਦੇ ਪਹਿਲੇ ਹਫ਼ਤੇ ਦੀ ਹੈ ਜਦ ਕਿ ਗਵਰਨਰ-ਜਨਰਲ, ਸਰ ਹੈਨਰੀ ਦਾ ਕੈਂਪ ਫ਼ੀਰੋਜ਼ਪੁਰ ਸੀ।

ਗਵਰਨਰ-ਜਨਰਲ ਦਾ ਕੈਂਪ ਅਜੇ ਫ਼ੀਰੋਜ਼ਪੁਰ ਹੀ ਸੀ ਕਿ ੭ ਫ਼ਰਵਰੀ ਨੂੰ ਅੰਗਰੇਜ਼ਾਂ ਦੀਆਂ ਵੱਡੀਆਂ ਤੋਪਾਂ, ਜਿਨ੍ਹਾਂ ਦੀ ਹਫ਼ਤਿਆਂ ਤੋਂ ਉਡੀਕ ਲੱਗੀ ਹੋਈ ਸੀ, ਪੁੱਜਣੀਆਂ ਸ਼ੁਰੂ ਹੋ ਗਈਆਂ ਅਤੇ ਦੂਸਰੇ ਦਿਨ ਤਕ ਸਾਰਾ ਤੋਪਖ਼ਾਨਾ ਪੁੱਜ ਗਿਆ। ਇਸੇ ਦਿਨ, ੭ ਫ਼ਰਵਰੀ ਨੂੰ, ਮਿਸਰ ਲਾਲ ਸਿੰਘ ਵਜ਼ੀਰ ਨੇ ਆਪਣੇ

Digitized by Panjab Digital Library | www.panjabdigilib.org

ਆਦਮੀ ਫ਼ੀਰੋਜ਼ਪੁਰ ਗਵਰਨਰ-ਜਨਰਲ ਪਾਸ ਭੇਜੇ ਅਤੇ ਆਪਣੀਆਂ ਲਾਹੌਰ ਦਰਬਾਰ ਦੀਆਂ ਫ਼ੌਜਾਂ ਦੀ ਪਰ੍ਹੇਬੰਦੀ ਤੇ ਹੋਣ ਵਾਲੀ ਲੜਾਈ ਦਾ ਨਕਸ਼ਾ ਉਸ ਨੂੰ ਭੇਜ ਦਿੱਤਾ। ਜਿਸ ਫ਼ੌਜ ਦੇ ਅਫ਼ਸਰ ਹੀ ਦੁਸ਼ਮਨ ਨਾਲ ਰਲੇ ਹੋਏ ਹੋਣ ਤੇ ਆਪਣੀ ਲੜਾਈ ਦਾ ਨਕਸ਼ਾ ਪਹਿਲਾਂ ਹੀ ਵੈਰੀ ਨੂੰ ਦੇ ਦੇਣ, ਉਸ ਦੇ ਹਾਰਨ ਵਿਚ ਕਿਸੇ ਨੂੰ ਕੀ ਸ਼ੱਕ ਹੋਣਾ ਹੋਇਆ?

ਇਕ ਪਾਸੇ ਅਫ਼ਸਰਾਂ ਦੀ ਬੇਈਮਾਨੀ ਦੀ ਇਸ ਤਰ੍ਹਾਂ ਹੱਦ ਹੋਈ ਹੋਈ ਸੀ, ਦੂਸਰੇ ਪਾਸੇ ਸਿੱਖ ਸਿਪਾਹੀ ਸਨ ਕਿ ਜਾਨਾਂ ਵਾਰਨ ਲਈ ਤਿਆਰ ਬੈਠੇ ਸਨ। ਮੈਕਗ੍ਰੈਗਰ ਲਿਖਦਾ ਹੈ ਕਿ ਇੱਕ ਅੰਗਰੇਜ਼ ਅਫ਼ਸਰ ਨੂੰ ਛੋਟੀਆ ਸਭਰਾਵਾਂ ਦੇ ਸਾਮ੍ਹਣੇ ਕੁੱਝ ਸਿੱਖ ਸਵਾਰ ਨਜ਼ਰ ਪਏ। ਇਨ੍ਹਾਂ ਵਿੱਚੋਂ ਇੱਕ ਨੂੰ ਉਸ ਨੇ ਬੁਲਾਇਆ। ਇਹ ਸਿੱਖ ਘੋੜ-ਚੜ੍ਹਾ ਬੜੀ ਖ਼ੁਸ਼ੀ ਨਾਲ ਉਸ ਕੋਲ ਚਲਾ ਗਿਆ ਅਤੇ ਉਸ ਦੇ ਨਾਲ ਹੀ ਅੰਗਰੇਜ਼ੀ ਕੈਂਪ ਨੂੰ ਤੁਰ ਪਿਆ ਜਿੱਥੇ ਕਿ ਇਸ ਦੀ ਮੁਲਾਕਾਤ ਅੰਗਰੇਜ਼ੀ ਕਮਾਂਡਰ-ਇਨ ਚੀਫ਼ ਲਾਰਡ ਹਿਊਗੋਫ਼ ਨਾਲ ਕਰਾਈ ਗਈ। ਗੱਲਬਾਤ ਕਰਦੇ ਹੋਏ ਸਿੰਘ ਜੀ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਖ਼ਾਲਸਿਆਂ ਨੂੰ ਕਈ ਵਾਰ ਹਾਰ ਹੋ ਚੁੱਕੀ ਹੈ, ਪਰ ਉਹ ਲੜਨ ਲਈ ਫੇਰ ਤਿਆਰ ਬਰ ਤਿਆਰ ਡਟੇ ਹੋਏ ਹਨ ਅਤੇ ਇਹ ਗੱਲ ਦਿਲ ਵਿਚੋਂ ਉੱਕੀ ਹੀ ਕੱਢ ਦਿੱਤੀ ਜਾਏ ਕਿ ਸਿੰਘ ਆਪਣੀ ਸਰਕਾਰ ਨਾਲ ਲੂਣ-ਹਰਾਮੀ ਕਰਨਗੇ ਜਾਂ ਛੱਡ ਕੇ ਭੱਜ ਨਿਕਲਣਗੇ।

੯ ਫ਼ਰਵਰੀ ਨੂੰ ਗਵਰਨਰ-ਜਨਰਲ ਫ਼ੀਰੋਜ਼ਪੁਰ ਕਮਾਂਡਰ-ਇਨ-ਚੀਫ਼ ਦੇ ਕੈਂਪ ਵਿੱਚ ਆ ਗਿਆ ਅਤੇ ਦੂਸਰੇ ਦਿਨ ੧੦ ਫ਼ਰਵਰੀ ਨੂੰ ਸਵੇਰੇ ਹੀ ਸਿੰਘਾਂ ਉੱਤੇ ਹੱਲਾ ਕਰਨ ਦਾ ਫ਼ੈਸਲਾ ਹੋਇਆ। ਮਾਲੂਮ ਹੁੰਦਾ ਹੈ ਕਿ ਤੇਜ ਸਿੰਘ ਨੂੰ ਅੰਗਰੇਜ਼ਾਂ ਵਲੋਂ ਹੋਣ ਵਾਲੇ ਹੱਲੇ ਦੇ ਵਕਤ ਦਾ ਪਤਾ ਸੀ। ਅੰਗਰੇਜ਼ਾਂ ਨਾਲ ਚੂੰਕਿ ਇਸ ਗੱਲ ਦਾ ਅੰਦਰੋ ਅੰਦਰ ਫ਼ੈਸਲਾ ਹੋ ਚੁੱਕਾ ਹੋਇਆ ਸੀ ਕਿ ਸਿੱਖ

Digitized by Panjab Digital Library | www.panjabdigilib.org

ਫ਼ੌਜ ਨੂੰ ਉਹਨਾਂ ਦੇ ਅਫ਼ਸਰ ਛੱਡ ਜਾਣਗੇ, ਇਸ ਲਈ ਤੇਜ ਸਿੰਘ ਚਾਹੁੰਦਾ ਸੀ ਕਿ ਕਿਸੇ ਪਾਸਿਉਂ ਭੀ ਅੰਗਰੇਜ਼ਾਂ ਦਾ ਡਟਵਾਂ ਟਾਕਰਾ ਨਾ ਹੋਵੇ। ਲਾਲ ਸਿੰਘ ਤਾਂ ਉਸ ਦੀ ਜੁੰਡੀ ਦਾ ਯਾਰ ਸੀ ਅਤੇ ਉਹ ਖ਼ੁਦ ਭੀ ਅੰਗਰੇਜ਼ਾਂ ਨਾਲ ਰਲਿਆ ਹੋਇਆ ਸੀ ਇਸ ਲਈ ਉਸ ਉੱਤੇ ਤੇਜ ਸਿੰਘ ਨੂੰ ਪੂਰਾ ਭਰੋਸਾ ਸੀ। ਤੇਜ ਸਿੰਘ ਨੂੰ ਜੇ ਕਰ ਡਰ ਸੀ ਤਾਂ ਸਰਦਾਰ ਸ਼ਾਮ ਸਿੰਘ ਦਾ, ਜਿਸ ਨੇ ਕਿ ਸੌਂਹ ਖਾ ਲਈ ਹੋਈ ਸੀ ਕਿ ਉਹ ਇਸ ਜੰਗ ਵਿੱਚ ਜਾਨ ਤੱਕ ਕੁਰਬਾਨ ਕਰ ਦੇਵੇਗਾ ਅਤੇ ਜੇ ਸਿੰਘਾਂ ਨੂੰ ਹਾਰ ਹੋ ਗਈ ਤਾਂ ਮੈਦਾਨ ਵਿੱਚੋਂ ਜੀਊਂਦਾ ਨਹੀਂ ਮੁੜੇਗਾ। ਗ੍ਰਿਫ਼ਿਨ ਲਿਖਦਾ ਹੈ ਕਿ ਆਖਿਆ ਜਾਂਦਾ ਹੈ ਕਿ ਸਭਰਾਵਾਂ ਦੀ ਲੜਾਈ ਤੋਂ ਪਹਿਲੀ ਰਾਤ (੯ ਫ਼ਰਵਰੀ, ੧੮੪੬) ਨੂੰ ਤੇਜ ਸਿੰਘ ਨੇ ਸਰਦਾਰ ਸ਼ਾਮ ਸਿੰਘ ਨੂੰ ਭੀ ਆਪਣੀ ਗ਼ੱਦਾਰਾਨਾ ਸਾਜ਼ਸ਼ ਵਿੱਚ ਸ਼ਾਮਲ ਕਰਨ ਦਾ ਨਿਸਫਲ ਯਤਨ ਕੀਤਾ ਤੇ ਉਹਨਾਂ ਨੂੰ ਆਖਿਆ ਕਿ 'ਉਹ ਭੀ ਅੰਗਰੇਜ਼ਾਂ ਦੇ ਪਹਿਲੇ ਹੱਲੇ ਵੇਲੇ ਉਸ ਦੇ ਨਾਲ ਹੀ ਨਿਕਲ ਚੱਲਣ, ਪਰ ਸਰਦਾਰ ਸ਼ਾਮ ਸਿੰਘ ਇੱਕ ਵੱਖਰੀ ਮਿੱਟੀ ਦਾ ਬਣਿਆ ਹੋਇਆ ਸੀ। ਉਹ ਇਨ੍ਹਾਂ ਟਕਾ-ਪੰਥੀ[2], ਭਾੜੇ ਦੇ ਟੱਟੂ[3], ਨਮਕ-ਹਰਾਮੀਆਂ[4] ਵਿੱਚੋਂ ਨਹੀਂ ਸੀ। ਉਹ ਉਸ ਆਪਾ-ਵਾਰੂ ਸਰਦਾਰ ਨਿਹਾਲ ਸਿੰਘ ਦਾ ਅਣਖੀਲਾ ਪੁੱਤਰ ਸੀ ਜਿਸ ਨੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸ਼ਰੀਰਕ ਕਸ਼ਟ ਨੂੰ ਨਿਵਾਰਣ ਲਈ ਹਸੂੰ ਹਸੂੰ ਕਰਦੇ ਆਪਣੀ ਜਾਨ ਵਾਰ ਦਿੱਤੀ ਸੀ। ਉਸ ਨੂੰ ਸਿੰਘਾਂ ਦੀ ਹਾਰ ਵਿੱਚ ਆਪਣੇ ਵਤਨ ਦੀ ਆਜ਼ਾਦੀ ਖੁੱਸਦੀ ਨਜ਼ਰ ਆ ਰਹੀ ਸੀ। ਉਹ ਇਸ ਦੇ ਪਿੱਛੋਂ ਜੀਊਣਾ ਆਪਣੀ ਅਣਖ ਨੂੰ ਵੱਟਾ ਲੱਗਣਾ ਸਮਝ ਕੇ ਇਸ ਦੇ ਨਾਲ ਹੀ ਤੁਰ ਜਾਣ ਨੂੰ ਤਿਆਰ ਹੋਈ ਬੈਠਾ ਸੀ। ਉਸ ਨੇ ਤੇਜ ਸਿੰਘ ਦੀ ਇਸ ਨਿੰਦਨੀਯ[5], ਕਾਲੀ ਕਰਤੂਤ ਉੱਤੇ ਘ੍ਰਿਣਾ ਪ੍ਰਗਟ ਕਰਦੇ ਹੋਏ ਉਸ ਦੇ ਨਾਲ ਸ਼ਾਮਲ ਹੋਣੋਂ ਇਨਕਾਰ ਕਰ ਦਿੱਤਾ। ਇਸ ਉੱਤੇ ਤੇਜ ਸਿੰਘ ਨੇ ਗੁੱਸੇ ਨਾਲ ਆਖਿਆ, "ਜੇ

Digitized by Panjab Digital Library | www.panjabdigilib.org

ਤੂੰ ਐਡਾ ਹੀ ਬਹਾਦੁਰ ਹੈਂ ਤਾਂ ਇਕ ਵਾਰੀ ਖਾਹ ਤਾਂ ਸੁਰੰਦ, ਕਿਉਂਕਿ ਮੈਂ ਸਮਝਦਾ ਹਾਂ ਕਿ ਅੰਤ ਤੂੰ ਮੇਰੇ ਨਾਲ ਹੀ ਆ ਜਾਣਾ ਹੈ।'' ਸਰਦਾਰ ਸ਼ਾਮ ਸਿੰਘ ਉਸੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਅਤੇ ਬਚਨ ਕੀਤਾ ਕਿ ਜੇ ਸਿੰਘਾਂ ਨੂੰ ਹਾਰ ਹੋ ਗਈ ਤਾਂ ਮੈਂ ਮੈਦਾਨ 'ਚੋਂ ਜੀਉਂਦਾ ਨਹੀਂ ਨਿਕਲਾਂਗਾ।

੧੦ ਫ਼ਰਵਰੀ ਨੂੰ ਸਵੇਰੇ ਹੀ ਅੰਗਰੇਜ਼ਾਂ ਨੇ ਹੱਲਾ ਕਰ ਦਿੱਤਾ ਅਤੇ ਸਿੰਘ ਭੀ ਅਗਿਉਂ ਤਿਆਰ ਹੋ ਪਏ। ਸਵੇਰੇ ਹੀ ਸਰਦਾਰ ਸ਼ਾਮ ਸਿੰਘ ਨੇ ਚਿੱਟਾ ਬਾਣਾ[6] ਸਜਾ ਲਿਆ ਅਤੇ ਆਪਣੀ ਖ਼ਾਸ ਸਵਾਰੀ ਦੀ ਚੀਨੀ ਘੋੜੀ ਤੇ ਸਵਾਰ ਹੋ ਕੇ ਨਿਕਲ ਪਏ।

ਲੜਾਈ ਤੇ ਜਾਣ ਤੋਂ ਪਹਿਲਾਂ ਸਰਦਾਰ ਸ਼ਾਮ ਸਿੰਘ ਨੇ ਸਿਪਾਹੀਆਂ ਨੂੰ ਵਿਖਿਆਨ ਦਿੱਤਾ ਤੇ ਸਮਝਾਇਆ ਕਿ ਅੱਜ ਤੁਹਾਡੀ ਕੌਮੀ ਅਣਖ ਦੀ ਪਰਖ ਦਾ ਸਮਾਂ ਆ ਪਿਆ ਹੈ। ਜੇ ਤੁਸੀਂ ਖ਼ਾਲਸੇ ਦੇ ਸੱਚੇ ਸਪੁੱਤਰ ਹੋ ਤਾਂ ਆਪਣੇ ਸਿੰਘ ਨਾਮ ਤੇ ਦਾਹੜੀਆਂ ਨੂੰ ਲਾਜ ਨਾ ਲੱਗਣ ਦੇਣੀ। ਪੁਰਜ਼ਾ[7] ਪੁਰਜ਼ਾ ਹੋ ਕੇ ਕੱਟ ਮਰਨਾ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਿੰਦਾਂ ਕੁਰਬਾਨ ਕਰ ਦੇਣਾ, ਪਰ ਜੰਗ ਵਿੱਚ ਵੈਰੀ ਨੂੰ ਪਿੱਠ ਨਾ ਦਿਖਾਉਣਾ।

ਸਿੱਖ ਫ਼ੌਜ ਦੀ ਕਮਾਨ ਦੀ ਤਰਤੀਬ ਇਸ ਤਰ੍ਹਾਂ ਸੀ: ਮਿਸਰ ਤੇਜਾ ਸਿੰਘ ਇਸ ਜੰਗ ਦਾ ਕਮਾਂਡਰ-ਇਨ-ਚੀਫ਼ ਸੀ ਜਿਸ ਨੇ ਖ਼ਾਸ ਆਪਣੇ ਬਚਾਓ ਲਈ ਇਕ ਬੁਰਜ ਬਣਾਇਆ ਹੋਇਆ ਸੀ ਤਾਂ ਕਿ ਖ਼ਤਰੇ ਵੇਲੇ ਉਸ ਵਿਚ ਲੁਕ ਸੱਕੇ। ਸੱਜੇ ਪਾਸੇ ਸਰਦਾਰ ਅਤਰ ਸਿੰਘ ਕਾਲਿਆਂ ਵਾਲਾ ਸੀ, ਜੋ ਖੁੱਲ੍ਹੇ ਘੋੜ-ਚੜ੍ਹਿਆਂ ਦੀ ਕਮਾਨ ਕਰ ਰਿਹਾ ਸੀ। ਖੱਬੇ ਪਾਸੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਅਤੇ ਜਰਨੈਲ ਸੇਵਾ ਸਿੰਘ ਮਜੀਠੀਏ ਦਾ ਬ੍ਰਿਗੇਡ ਸੀ। ਵਿਚਕਾਰ ਸਰਦਾਰ ਕਾਨ੍ਹ ਸਿੰਘ ਮਾਨ ਅਤੇ ਜਰਨੈਲ ਮਹਿਤਾਬ ਸਿੰਘ ਮਜੀਠੀਆ ਤੇ ਜਰਨੈਲ ਗੁਲਾਬ ਸਿੰਘ ਪੋਹੂਵਿੰਡੀਆ ਸਨ। ਏਥੇ ਹੀ

Digitized by Panjab Digital Library | www.panjabdigilib.org

ਮਿਸਰ ਤੇਜ ਸਿੰਘ ਦਾ ਬ੍ਰਿਗੇਡ ਤੇ ਬੁਰਜ ਸੀ। ਰਾਜਾ ਲਾਲ ਸਿੰਘ ਸਹਾਇਕ ਫ਼ੌਜ ਦੀ ਕਮਾਨ ਪਰ ਇਕ ਪਾਸੇ ਵੱਖਰਾ ਖੜਾ ਸੀ।

ਅੰਗਰੇਜ਼ਾਂ ਆਪਣਾ ਵੱਡਾ ਤੋਪਖ਼ਾਨਾ ਡਾਹਿਆ ਤੇ ਤੋਪ ਉੱਤੇ ਤੋਪ ਚੱਲਣ ਲੱਗੀ। ਰਾਜਾ ਲਾਲ ਸਿੰਘ ਨੇ ਅੰਗਰੇਜ਼ਾਂ ਨੂੰ ਇਤਲਾਹ ਦਿੱਤੀ ਹੋਈ ਸੀ ਕਿ ਸਿੰਘਾਂ ਦਾ ਸੱਜਾ ਪਾਸਾ ਜਿੱਥੇ ਸਰਦਾਰ ਅਤਰ ਸਿੰਘ ਕਾਲਿਆਂ ਵਾਲੇ ਦੇ ਖੁੱਲ੍ਹੇ ਘੋੜ-ਚੜ੍ਹੇ ਸਨ, ਕਮਜ਼ੋਰ ਹੈ। ਇਸ ਲਈ ਜਰਨੈਲ ਡਿੱਕ ਦਾ ਡਿਵਿਯਨ ਸੁਖਾਲੇ ਹੀ ਅੱਗੇ ਵਧਦਾ ਚਲਾ ਗਿਆ। ਇਸ ਵੇਲੇ ਕਰਨਲ ਮੂਤੋਂ ਨੇ ਤੇਜ ਸਿੰਘ ਨੂੰ ਸਲਾਹ ਦਿੱਤੀ ਕਿ ਹੁਣ ਆਪਣੇ ਰਿਸਾਲਿਆਂ ਨੂੰ ਅੱਗੇ ਕਰਨ ਦਾ ਵੇਲਾ ਹੈ, ਕਿਉਂਕਿ ਪਿੱਛੇ ਨੂੰ ਹਟਾਏ ਜਾ ਚੁੱਕੇ ਅੰਗਰੇਜ਼ੀ ਡਿਵਿਯਨਾਂ ਨੂੰ ਰਿਸਾਲੇ ਦੀ ਸਹਾਇਤਾ ਨਾਲ ਭਾਂਜ[8] ਦਿੱਤੀ ਜਾ ਸਕਦੀ ਹੈ। ਪਰ ਤੇਜ ਸਿੰਘ ਤਾਂ ਇਹ ਕਰਨਾ ਹੀ ਨਹੀਂ ਚਾਹੁੰਦਾ ਸੀ, ਇਸ ਲਈ ਉਸ ਨੇ ਇਹ ਗੱਲ ਪਰਵਾਨ ਨਾਂਹ ਕੀਤੀ ਅਤੇ ਮੂਤੋਂ ਆਪਣੇ ਰਿਸਾਲਿਆਂ ਪਾਸ ਨੂੰ ਮੁੜ ਗਿਆ। ਪਰ ਜਿਸ ਵੇਲੇ ਸਿੰਘਾਂ ਨੂੰ ਡਿੱਕ ਦੇ ਵਧੇ ਚਲੇ ਆਉਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਕਰਨਲ ਮੂਤੋਂ ਅਤੇ ਹੋਰ ਅਫ਼ਸਰਾਂ ਦੀ ਕਮਾਨ ਹੇਠਾਂ ਹੱਲਾ ਕਰ ਕੇ ਇਸ ਨੂੰ ਪਿੱਛੇ ਧੱਕ ਦਿੱਤਾ ਅਤੇ ਖ਼ੁਦ ਜਨਰਲ ਡਿੱਕ ਨੂੰ ਇਕ ਮਾਰੂ ਜ਼ਖ਼ਮ ਆ ਗਿਆ। ਇਸ ਦੀ ਮਦਦ ਲਈ ਜਨਰਲ ਗਿਲਬਰਟ ਭੇਜਿਆ ਗਿਆ, ਪਰ ਉਹ ਭੀ ਕੁੱਝ ਨਾ ਬਣਾ ਸਕਿਆ ਤੇ ਸਿੰਘਾਂ ਨੇ ਪਿੱਛੇ ਹਟਾ ਦਿੱਤਾ ਅਤੇ ਏਹੋ ਹਾਲ ਸਰ ਹੈਰੀ ਸਮਿੱਥ ਦੇ ਡਿਵਿਯਨ ਦਾ ਹੋਇਆ ਅਤੇ ਸਖ਼ਤ ਨੁਕਸਾਨ ਉਠਾ ਕੇ ਇਸ ਨੂੰ ਭੀ ਪਿੱਛੇ ਮੁੜਨਾ ਪਿਆ। ਇਸ ਵੇਲੇ, ਲੜਾਈ ਦੇ ਆਰੰਭ ਵਿਚ, ਸਰਦਾਰ ਸ਼ਾਮ ਸਿੰਘ ਹਰ ਥਾਂ ਪਹੁੰਚ ਕੇ ਸਿੰਘਾਂ ਨੂੰ ਡੱਟ ਕੇ ਸੂਰ ਬੀਰਾਂ ਵਾਂਗ ਲੜਨ ਲਈ ਹਲਾ-ਸ਼ੇਰੀ ਤੇ ਹੌਸਲਾ ਦੇ ਰਿਹਾ ਸੀ।

ਅੰਗਰੇਜ਼ੀ ਤੋਪਾਂ ਦੇ ਹੱਲੇ ਦਾ ਭੀ ਸਿੰਘਾਂ ਖ਼ੂਬ ਡਟ ਕੇ ਮੁਕਾਬਲਾ ਕੀਤਾ ਅਤੇ ਇਲਾਹੀ ਬਖ਼ਸ਼ ਤੇ ਮਾਖੇ ਖ਼ਾਨ ਨੇ ਅੰਗਿਓਂ ਉਹ ਅੱਗ

Digitized by Panjab Digital Library | www.panjabdigilib.org

ਵਰ੍ਹਾਈ ਕਿ ਅੰਗਰੇਜ਼ੀ ਤੋਪਾਂ ਇਨ੍ਹਾਂ ਨੂੰ ਚੁੱਪ ਨਾ ਕਰਾ ਸੱਕੀਆਂ ਅਤੇ ਅੰਗਰੇਜ਼ਾਂ ਨੂੰ ਇਹ ਪਰਤੀਤ ਹੋਣ ਲੱਗ ਪਿਆ ਕਿ ਇਸ ਤਰ੍ਹਾਂ ਵਰ੍ਹ ਰਹੀ ਅੱਗ ਵਿੱਚ ਉਨ੍ਹਾਂ ਨੂੰ ਕਾਮਯਾਬੀ ਹੋ ਸਕਣੀ ਅਸੰਭਵ ਹੈ।

ਇਸ ਵੇਲੇ ਦੀ ਸਿੰਘਾਂ ਦੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਸ਼ਾਹ ਮੁਹੰਮਦ ਲਿਖਦਾ ਹੈ :—

ਆਈਆਂ ਪੜਤਲਾਂ ਬੀੜ ਕੇ ਤੋਪਖ਼ਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਮੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖ਼ਾਂ ਹੋਏ ਸਿੱਧੇ,
ਹੱਲੇ ਤਿੰਨ ਫ਼ਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿੰਚੋੜ ਸੁੱਟੇ।੯੦।

... ... ... ... ... ...

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇਹੜੀਆਂ ਖਾਲਸੇ ਨੇ ਤੇਗ਼ਾਂ[9] ਮਾਰੀਆਂ ਨੀ।
ਸਣੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢੱਠਦੇ ਸਣੇ ਅੰਬਾਰੀਆਂ[10] ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਖੁੱਲ੍ਹੇ ਘੋੜ-ਚੜ੍ਹਿਆਂ ਵੱਲ ਅੰਗ੍ਰੇਜ਼ਾਂ ਨੇ ਮੁੜ ਕੇ ਇਕ ਹੱਲਾ ਫੇਰ ਕੀਤਾ ਜਿਸ ਨਾਲ ਮੂਤੋਂ ਦੇ ਰਿਸਾਲੇ ਦੇ ਕੁੱਝ ਕੁ ਪੈਰ ਨਿਕਲ ਗਏ ਅਤੇ ਕੁੱਝ ਕੁ ਸਰਦਾਰ ਅਤਰ ਸਿੰਘ ਕਾਲਿਆਂ ਵਾਲੇ ਦੇ

Digitized by Panjab Digital Library | www.panjabdigilib.org

ਘੋੜ-ਚੜ੍ਹੇ ਹਿੱਲ ਗਏ । ਖੱਬੇ ਪਾਸੇ ਦੇ ਸਿੰਘਾਂ ਨੇ, ਜਿੱਥੇ ਕਿ ਸ੍ਰ. ਸ਼ਾਮ ਸਿੰਘ ਅਟਾਰੀ ਵਾਲਾ ਤੇ ਜਰਨੈਲ ਮੇਵਾ ਸਿੰਘ ਮਜੀਠੀਆ ਕਮਾਨ ਕਰ ਰਹੇ ਸਨ, ਕਮਾਲ ਦੀ ਬਹਾਦਰੀ ਵਿਖਾਈ ਤੇ ਕਈ ਵਾਰੀ ਸਿੰਘ ਤਲਵਾਰਾਂ ਹੱਥੀਂ ਲੈ ਕੇ ਅੰਗਰੇਜ਼ੀ ਫ਼ੌਜਾਂ ਦੇ ਵਿਚਲੇ ਹਿੱਸੇ ਉੱਤੇ ਸਿਰ-ਤੋੜ ਟੁੱਟ ਪਏ ਤੇ ਉਨ੍ਹਾਂ ਵਿਚ ਗੜਬੜ ਮਚਾ ਦਿੱਤੀ। ਵਿਚਾਲੇ ਭੀ ਜਰਨੈਲ ਕੋਰਟ ਦੀਆਂ ਪੁਰਾਣੀਆਂ ਫ਼ੌਜਾਂ ਅਤੇ ਜਰਨੈਲ ਮਹਿਤਾਬ ਸਿੰਘ ਦੀਆਂ ਫ਼ੌਜਾਂ ਨੇ ਬੜੀ ਬਹਾਦਰੀ ਨਾਲ ਆਪਣੇ ਮੋਰਚਿਆਂ ਦੀ ਰੱਖਿਆ ਕੀਤੀ । ਇਸ ਵੇਲੇ ਸਿੰਘਾਂ ਨੇ ਬਹਾਦਰੀ ਦੇ ਉਹ ਜੌਹਰ[11] ਵਿਖਾਏ ਕਿ ਵੈਰੀ ਭੀ ਅਸ਼ ਅਸ਼[12] ਕਰ ਉੱਠਿਆ । ਪਰ ਜਿਸ ਵੇਲੇ ਲੜਾਈ ਸਾਰੀ ਪਾਸੀਂ ਗਹਿ-ਗੱਚ[13] ਹੋ ਰਹੀ ਸੀ, ਕਮਾਂਡਰ-ਇਨ-ਚੀਫ਼ ਤੇਜ ਸਿੰਘ ਤੇ ਲਾਲ ਸਿੰਘ ਅੰਗ੍ਰੇਜ਼ਾਂ ਨਾਲ ਪਹਿਲੇ ਕੀਤੇ ਹੋਏ ਸਮਝੌਤੇ ਅਨੁਸਾਰ ਵਿੱਚੋਂ ਭੱਜ ਨਿਕਲੇ ਅਤੇ ਆਪ ਦਰਿਆਓਂ ਪਾਰ ਹੋ ਕੇ ਵਿੱਚੋਂ ਇਕ ਬੇੜੀ ਖੁਲ੍ਹਾ ਕੇ ਯਾ ਡੁਬਵਾ ਕੇ ਸਤਲੁਜ ਦਾ ਪੁਲ ਤੁੜਵਾ ਦਿੱਤਾ ਤਾਕਿ ਜਿੱਥੇ ਤਕ ਹੋ ਸਕੇ, ਖ਼ਾਲਸਾ ਫ਼ੌਜ ਤਬਾਹ ਤੇ ਬਰਬਾਦ ਹੋ ਜਾਏ । ਭੱਜਣ ਵੇਲੇ ਤੇਜ ਸਿੰਘ ਨੇ ਆਪਣੇ ਡਿਵਿਯਨ ਦੇ ਬਾਕੀ ਸਾਰੇ ਸਰਦਾਰਾਂ ਨੂੰ ਭੀ ਹੁਕਮ ਭੇਜ ਦਿੱਤਾ ਕਿ ਉਹ ਭੀ ਫ਼ੌਜਾਂ ਨੂੰ ਛੱਡ ਕੇ ਭੱਜ ਨਿਕਲਣ, ਪਰ ਮ੍ਰੂਤੋਂ ਲਿਖਦਾ ਹੈ ਕਿ ਕੇਵਲ ਇੱਕ ਨੇ ਹੀ ਉਸ ਦਾ ਹੁਕਮ ਮੰਨਿਆ ਅਤੇ ਹੋਰ ਸਾਰੇ ਆਪਣੀ ਆਪਣੀ ਥਾਈਂ ਅਖ਼ੀਰ ਦਮ ਤਕ ਡਟੇ ਰਹੇ । ਉਸ ਦੇ ਨਾਲ ਰਲਣ ਵਾਲਾ ਇਹ ਇੱਕ ਉਸ ਦੀ ਜੁੰਡੀ ਦਾ ਯਾਰ, ਮਿਸਰ ਲਾਲ ਸਿੰਘ ਹੀ ਸੀ।

ਕਾਰਮਾਈਕਲ ਸਮਿੱਥ ਲਿਖਦਾ ਹੈ ਕਿ ਜਿਸ ਵੇਲੇ ਤੇਜ ਸਿੰਘ ਫ਼ੌਜ ਨੂੰ ਛੱਡ ਕੇ ਦੌੜ ਜਾਣ ਦੀ ਤਿਆਰੀ ਕਰ ਰਿਹਾ ਸੀ, ਕੁੱਝ ਘੋੜ-ਚੜ੍ਹੇ ਸਰਪਟ ਲਾ ਕੇ ਉਸ ਥਾਂ ਪੁੱਜੇ ਜਿੱਥੇ ਕਿ ਸ: ਸ਼ਾਮ ਸਿੰਘ ਦੇ ਸਿਪਾਹੀ ਹਿੱਲਣੇ ਸ਼ੁਰੂ ਹੋ ਪਏ ਸਨ ਤਾਕਿ ਉਹ ਉਸ ਨੂੰ ਸਹਾਇਤਾ ਲਈ ਆ ਪੁੱਜਾ ਜਾਣ ਕੇ ਖੜੋ ਜਾਣ । ਪਰ ਤੇਜ ਸਿੰਘ

Digitized by Panjab Digital Library | www.panjabdigilib.org

ਨੇ ਉਨ੍ਹਾਂ ਨੂੰ ਇਹ ਕਹਿ ਕੇ ਮੋੜ ਦਿਤਾ ਕਿ ਸਰਦਾਰ ਸ਼ਾਮ ਸਿੰਘ ਨੂੰ ਕਹੋ ਕਿ ਉਹ ਡਟੇ ਰਹਿਣ ਅਤੇ ਮੈਂ ਪੁਲ ਦੀ ਪਕਿਆਈ ਦਾ ਪ੍ਰਬੰਧ ਕਰ ਕੇ ਛੇਤੀ ਹੀ ਉਨ੍ਹਾਂ ਦੀ ਸਹਾਇਤਾ ਨੂੰ ਆਉਂਦਾ ਹਾਂ। ਪਰ ਪੁਲ ਉਤੇ ਪੁੱਜਦੇ ਸਾਰ ਹੀ ਉਹ ਦਰਿਆਓਂ ਪਾਰ ਚਲਾ ਗਿਆ। ਇਹ ਭੀ ਆਖਿਆ ਜਾਂਦਾ ਹੈ ਕਿ ਉਸ ਨੇ ਆਪ ਦਰਿਆਓਂ ਪਾਰ ਹੋ ਕੇ ਅੱਠ ਦੱਸ ਤੋਪਾਂ ਆਪਣੀ ਵੱਲ ਦੇ ਕੰਢੇ ਉਤੇ ਬੀੜ ਦਿੱਤੀਆਂ ਜਿਨ੍ਹਾਂ ਦਾ ਮਕਸਦ ਹਾਰੇ ਹੋਏ ਸਿੰਘਾਂ ਨੂੰ ਦਰਿਆਓਂ ਪਾਰ ਹੋਣ ਦੀ ਕੋਸ਼ਿਸ਼ ਵਿੱਚ ਰੋਕ ਪਾਉਣਾ ਤੇ ਉਨ੍ਹਾਂ ਨੂੰ ਤਬਾਹ ਕਰਨਾ ਪਰਤੀਤ ਹੁੰਦਾ ਸੀ। ਮਟਕ ਕਹਿੰਦਾ ਹੈ ਕਿ :—

ਲਾਲੂ ਦੀ ਲਾਲੀ ਗਈ ਤੇਜੂ ਦਾ ਗਿਆ ਤੇਜ।
ਰਣ ਵਿਚ ਪਿੱਠ ਦਿਖਾਇ ਕੇ, ਮੋਢਾ ਆਏ ਫੇਰ।
ਮੋਢਾ ਆਏ ਫੇਰ ਮੂਛੀ ਮੁਰਦਾਰ ਸਦਾਵਨ।
ਦੁਸ਼ਾਲੇ ਹੰਢਾਏ ਗੀਦੀਆਂ[14] ਮੁਫ਼ਤ ਗਵਾਵਨ।
ਕਹਿਤ ਮਟਕ ਵਿਚ ਜਗਤ ਦੇ ਹੋਤੀ ਚਰਚ[15] ਵਿਚਾਰ।
ਲਾਲੂ ਤੇਜੂ ਨੱਠ ਕੇ ਆਏ ਪੀਠ ਦਿਖਾਰ ॥੩੪॥

ਤੇਜ ਸਿੰਘ ਤੇ ਲਾਲ ਸਿੰਘ ਦੇ ਭੱਜ ਨਿਕਲਣ ਨਾਲ ਸਿੰਘਾਂ ਦੀ ਲਾਈਨ ਦਾ ਵਿਚਾਲਾ ਬਹੁਤ ਸਾਰਾ ਖ਼ਾਲੀ ਹੋ ਗਿਆ, ਇਸ ਲਈ ਉਨ੍ਹਾਂ ਦਾ ਬਹੁਤ ਸਾਰਾ ਧਿਆਨ ਏਧਰ ਹੋ ਗਿਆ ਅਤੇ ਪੁਲ ਤੋੜ ਦਿੱਤੇ ਜਾਣ ਦੀ ਖ਼ਬਰ ਨਾਲ ਸਾਰੇ ਪਾਸੀਂ ਘਬਰਾਹਟ ਵੱਧ ਗਈ। ਇਸ ਵੇਲੇ ਦੀ ਹੀ ਤਾਂ ਅੰਗਰੇਜ਼ ਤਾੜ ਵਿੱਚ ਸਨ। ਉਨ੍ਹਾਂ ਨੇ ਇੱਕ ਦਮ ਸਿੰਘਾਂ ਦੇ ਸੱਜੇ ਪਾਸੇ ਖੁੱਲ੍ਹੇ ਘੋੜ ਚੜ੍ਹਿਆਂ ਵੱਲ ਇੱਕ ਬੜੇ ਜ਼ੋਰ ਦਾ ਹੱਲਾ ਬੋਲ ਦਿੱਤਾ। ਇੱਕ ਤਾਂ ਇਹ ਪਾਸਾ ਅੱਗੇ ਹੀ ਜ਼ਰਾ ਹੌਲਾ ਸੀ, ਦੂਸਰੇ ਪੁਲ ਦੇ ਟੁੱਟ ਜਾਣ ਨੇ ਸੱਟ ਮਾਰੀ, ਇਸ ਲਈ ਇਨ੍ਹਾਂ ਦੇ ਪੈਰ ਥਿੜਕ ਗਏ।

ਹੁਣ ਲੜਾਈ ਦਾ ਸਾਰਾ ਜ਼ੋਰ ਖੱਬੇ ਪਾਸੇ ਸ੍ਰ. ਸ਼ਾਮ ਸਿੰਘ ਅਤੇ ਜਰਨੈਲ ਮੇਵਾ ਸਿੰਘ ਵੱਲ ਪੈ ਗਿਆ। ਅੰਗਰੇਜ਼ਾਂ ਦੀ ਬੇ ਸ਼ੁਮਾਰ

Digitized by Panjab Digital Library | www.panjabdigilib.org

ਤਾਕਤ ਇਧਰ ਟੁੱਟ ਪਈ। ਜਿਸ ਵਲੇ ਸਰਦਾਰ ਸ਼ਾਮ ਸਿੰਘ ਨੂੰ ਤੇਜ ਸਿੰਘ ਤੇ ਲਾਲ ਸਿੰਘ ਦੀ ਗ਼ੱਦਾਰੀ ਅਤੇ ਦਰਿਆ ਦੇ ਪੁਲ ਤੁੜਵਾ ਦੇਣ ਦੀ ਖ਼ਬਰ ਪਹੁੰਚੀ ਤਾਂ ਉਹ ਗੁੱਸੇ ਨਾਲ ਬਿਫਰਿਆ[16] ਤੇ ਝੁੰਜਲਾਏ ਹੋਏ ਸ਼ੇਰ ਦੀ ਤਰ੍ਹਾਂ ਮਾਰੋ ਮਾਰ ਕਰਦਾ ਅੱਗੇ ਵਧਿਆ। ਇਸ ਵੇਲੇ ਉਸ ਨੇ ਚਿੱਟਾ ਬਾਣਾ ਪਹਿਨਿਆਂ ਹੋਇਆ ਸੀ ਅਤੇ ਆਪਣੀ ਖ਼ਾਸ ਅਸਵਾਰੀ ਦੀ ਚੀਨੀ ਘੋੜੀ ਉੱਤੇ ਸਵਾਰ ਸੀ। ਹੁਣ ਉਹ ਵੇਖ ਰਿਹਾ ਸੀ ਕਿ ਖ਼ਾਲਸੇ ਦੀ ਜਿੱਤ ਹੋ ਸੱਕਣ ਦੀ ਕੋਈ ਆਸ ਨਹੀਂ ਰਹੀ। ਵਿਚਾਲਾ ਗ਼ੱਦਾਰਾਂ ਨੇ ਖ਼ਾਲੀ ਕਰ ਦਿੱਤਾ ਹੈ ਅਤੇ ਸੱਜਾ ਪਾਸਾ ਉਂਜ ਕਮਜ਼ੋਰ ਹੋਣ ਕਰ ਕੇ ਥਿੜਕ ਗਿਆ ਹੈ। ਖੱਬਾ ਪਾਸਾ, ਵੈਰੀ ਦਾ ਸਾਰਾ ਜ਼ੋਰ ਆ ਪੈਣ ਕਰ ਕੇ, ਜ਼ਿਆਦਾ ਠਹਿਰ ਨਹੀਂ ਸਕੇਗਾ। ਪਰ ਇਸ ਢੈਂਹਦੀ ਜਾ ਰਹੀ ਹਾਲਤ ਵਿਚ ਭੀ ਸਰਦਾਰ ਸ਼ਾਮ ਨੇ ਦਿਲ ਨਾ ਛੱਡਿਆ, ਬਲਕਿ ਹਰ ਥਾਂ ਪਹੁੰਚ ਕੇ ਸਿੰਘਾਂ ਨੂੰ ਸੂਰਬੀਰਾਂ ਵਾਂਙੂ ਲੜਨ ਅਤੇ ਸੱਚੇ ਦੇਸ਼-ਭਗਤਾਂ ਦੀ ਤਰ੍ਹਾਂ ਕੁਰਬਾਨ ਹੋ ਜਾਣ ਲਈ ਹਲਾ ਸ਼ੇਰੀ ਦਿੰਦਾ ਰਿਹਾ। ਜਿੱਥੇ ਮੋਰਚਾ ਟੁੱਟਦਾ ਜਾਂ ਫ਼ੌਜ ਥਿੜਕਦੀ ਉੱਥੇ ਆਪ ਪਹੁੰਚਦਾ ਤੇ ਕਹਿੰਦਾ ਕਿ ਖ਼ਾਲਸਾ ਜੀ ਕੀ ਅਸੀਂ ਇਹ ਦਾੜ੍ਹੀਆਂ ਲੈ ਕੇ ਪੰਜਾਬ ਵਿਚ ਹਾਰ ਕੇ ਜਾਵਾਂਗੇ ? ਹੁਣ ਵੇਲਾ ਸਨਮੁਖ[17] ਸ਼ਹੀਦ ਹੋਣ ਦਾ ਹੈ। ਇਸੇ ਵੇਲੇ ਸਰਦਾਰ ਦੀ ਘੋੜੀ ਗੋਲੀ ਨਾਲ ਮਾਰੀ ਗਈ। ਸਾਈਸ ਵਹਾਬੀ ਆਪ ਦੇ ਨਾਲ ਸੀ। ਉਸ ਨੇ ਝੱਟ ਦੂਸਰੀ ਘੋੜੀ ਹਾਜ਼ਰ ਕਰ ਦਿੱਤੀ, ਦੂਸਰੀ ਘੋੜੀ ਲੈ ਕੇ ਸਰਦਾਰ ਨੇ ਵਹਾਬੀ ਨੂੰ ਪਿੱਛੇ ਭੇਜ ਦਿੱਤਾ ਤੇ ਜਾਣ ਲੱਗੇ ਨੂੰ ਕਿਹਾ, "ਤੂੰ ਜਾਹ, ਤੇ ਅਟਾਰੀ ਨੂੰ ਕਹਿ ਦੇਵੀਂ ਕਿ ਅਸੀਂ ਹੁਣ ਨਹੀਂ ਆਉਣਾ।" ਅੰਤ ਵੇਲੇ ਲੜਾਈ ਹਾਰੀ ਜਾਂਦੀ ਦਿੱਸੀ ਤਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਨੂੰ ਕੇਸੀਂ ਸੁਆਸੀਂ ਨਿਭਾ ਵਿਖਾਉਣ ਲਈ ਸ. ਸ਼ਾਮ ਸਿੰਘ ਅੱਗੇ ਵਧਿਆ। ਇਸ ਵੇਲੇ ਅੰਗ੍ਰੇਜ਼ਾਂ ਦੀ ੫੦ ਨੰਬਰ ਗੋਰਾ ਪਲਟਣ ਅੱਗੇ ਵਧੀ ਆ ਰਹੀ ਸੀ। ਸਰਦਾਰ ਸ਼ਾਮ ਸਿੰਘ

Digitized by Panjab Digital Library | www.panjabdigilib.org

ਨੇ ਆਪਣੇ ਚੋਣਵੇਂ ਜਵਾਨਾਂ ਨੂੰ ਗੁਰੂ ਦੇ ਨਾਮ ਉੱਤੇ ਕੁਰਬਾਨ ਹੋਣ ਲਈ ਲਲਕਾਰਾ ਮਾਰਿਆ। ਪੰਜਾਹ ਕੁ ਸੂਰਮੇ ਛਾਲਾਂ ਮਾਰਦੇ ਸਰਦਾਰ ਦੇ ਮਗਰ ਨਿਕਲ ਪਏ। ਹੁਣ ਸਰਦਾਰ ਸ਼ਾਮ ਸਿੰਘ ਆਪਣੀ ਚਮਕਦੀ ਸ਼ਮਸ਼ੀਰ[18] ਲੈ ਕੇ ਗਰਾ ਪਲਟਣ ਉੱਤੇ ਟੁੱਟ ਪਿਆ ਅਤੇ ਕਈਆਂ ਦੇ ਆਹੂ ਲਾਹ ਦਿੱਤੇ।

ਪਰ ਅੱਗੋਂ ਗੋਰਿਆਂ ਦੀ ਗੋਲੀ ਮੀਂਹ ਵਾਂਗ ਵਰ੍ਹ ਰਹੀ ਸੀ। ਸੱਤ ਗੋਲੀਆਂ ਸਰਦਾਰ ਦੀ ਛਾਤੀ ਤੇ ਸਰੀਰ ਨੂੰ ਛਾਣਨੀ ਕਰ ਗਈਆਂ ਤੇ ਉਹ ਸੱਚੇ ਦੇਸ਼-ਭਗਤਾਂ ਤੇ ਸੂਰਬੀਰਾਂ ਦੀ ਤਰ੍ਹਾਂ ਆਪਣੇ ਵਤਨ ਦੀ ਆਜ਼ਾਦੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ। ਸਰਦਾਰ ਦੇ ਸਾਥੀ ਭੀ ਉਨ੍ਹਾਂ ਦੇ ਨਾਲ ਢੇ ਢੇਰੀ ਹੋ ਗਏ ਤੇ ਸਰਦਾਰ ਮੇਵਾ ਸਿੰਘ ਮਜੀਠੀਆ ਭੀ ਅਖ਼ੀਰ ਦਮ ਤਕ ਆਪਣੇ ਮੋਰਚਿਆਂ ਦੀ ਰਾਖੀ ਕਰਦਾ ਤੇ ਸਿੰਘਾਂ ਨੂੰ ਹਲਾ-ਸ਼ੇਰੀ ਦਿੰਦਾ ਹੋਇਆ ਹੁਕਮ-ਸਤਿ[19] ਹ ਗਿਆ।

ਮੂਰੇ ਲਿਖਦਾ ਹੈ ਕਿ ਭਾਵੇਂ ਖੱਬੇ ਪਾਸੇ ਉੱਤੇ, ਜਿੱਥੇ ਸ੍ਰ. ਸ਼ਾਮ ਸਿੰਘ ਕਮਾਨ ਕਰ ਰਿਹਾ ਸੀ, ਅੰਗਰੇਜ਼ਾਂ ਨੇ ਨਾ-ਯਕੀਨ ਆਉਣ ਵਾਲੇ ਹੱਲੇ ਕੀਤੇ ਪਰ ਇਨ੍ਹਾਂ ਅਖ਼ੀਰ ਦਮ ਤਕ ਉਨ੍ਹਾਂ ਨੂੰ ਰੋਕੀ ਰੱਖਿਆ ਅਤੇ ਅੰਗਰੇਜ਼ ਕੇਵਲ ਉਸ ਵਲੇ ਉਨ੍ਹਾਂ ਦੀਆਂ ਬਾਤਰੀਆਂ[20] ਤਕ ਪੁੱਜ ਸੱਕੇ ਜਦ ਕਿ ਬਹਾਦੁਰ ਜਰਨੈਲ ਸਰਦਾਰ ਸ਼ਾਮ ਸਿੰਘ ਤੇ ਉਸ ਦੇ ਸਾਥੀ ਸ਼ਹੀਦ ਹੋ ਚੁੱਕੇ ਸਨ। ਸਰਦਾਰ ਮੇਵਾ ਸਿੰਘ ਨੇ ਭੀ ਬੜੀ ਮਜ਼ਬੂਤੀ ਨਾਲ ਆਪਣੇ ਮੋਰਚਿਆਂ ਨੂੰ ਬਚਾਈ ਰੱਖਿਆ, ਪਰ ਜਦ ਉਸ ਦੀ ਛਾਤੀ ਵਿੱਚ ਦ ਗੋਲੀਆਂ ਆ ਵੱਜੀਆਂ ਅਤੇ ਉਹ ਪਿੱਛੇ ਹਟਿਆ ਤਾਂ ਥੋੜ੍ਹੀ ਦੇਰ ਪਿੱਛੋਂ ਹੀ ਲਗ ਭਗ ਸਾਰਾ ਮੋਰਚਾ ਵੈਰੀ ਦੇ ਹੱਥ ਆ ਗਿਆ। ਏਸੇ ਵੇਲੇ ਦੀ ਗੱਲ ਹੈ ਕਿ ਹੁਕਮ ਸਿੰਘ ਦਾ ਚੌਹਾਂ ਪਾਸਿਆਂ ਤੋਂ ਅੰਗਰੇਜ਼ੀ ਪਲਟਣਾਂ ਨਾਲ ਘਿਰਿਆ ਹੋਇਆ ਡਿਵਿਯਨ ਉਨ੍ਹਾਂ ਦੀਆਂ ਭਿਆਨਕ ਸੰਗੀਨਾਂ ਨੂੰ ਚੀਰਦਾ ਹੋਇਆ, ਆਪਣੀ ਤਰਤੀਬ ਨੂੰ ਕਾਇਮ ਰੱਖ ਕੇ, ਦਰਿਆ

Digitized by Panjab Digital Library | www.panjabdigilib.org

ਦੇ ਕਿਨਾਰੇ ਤਕ ਪਹੁੰਚ ਗਿਆ । ਮੂਤੋਂ ਕਹਿੰਦਾ ਹੈ ਨਮਸਕਾਰ ਹੈ ਉਸ ਨੌਜਵਾਨ ਸੂਰਬੀਰ ਜਰਨੈਲ ਨੂੰ ਜੋ ਇਨ੍ਹਾਂ ਦੀ ਕਮਾਨ ਕਰ ਰਿਹਾ ਸੀ । ਅੰਤ ਵੈਰੀ ਦੀਆਂ ਤਿੰਨਾਂ ਗੋਲੀਆਂ ਨਾਲ ਇਹ ਭੀ ਸ਼ਹੀਦ ਹੋ ਗਿਆ ।

ਸਿੰਘਾਂ ਦੀ ਬਹਾਦੁਰੀ ਦਾ ਜ਼ਿਕਰ ਕਰਦਾ ਹੋਇਆ ਕਨਿੰਘਮ ਲਿਖਦਾ ਹੈ ਕਿ ਭਾਵੇਂ ਅੰਗਰੇਜ਼ਾਂ ਦੇ ਘੋੜ-ਚੜ੍ਹੇ ਰਿਸਾਲੇ ਅਤੇ ਪੈਦਲ ਪਲਟਣਾਂ ਸਿੰਘਾਂ ਉੱਤੇ ਹਰ ਪਾਸਿਓਂ ਚੜ੍ਹੀਆਂ ਆ ਰਹੀਆਂ ਅਤੇ ਹੱਲੇ ਕਰ ਰਹੀਆਂ ਸਨ ਪਰ ਕਿਸੇ ਸਿੱਖ ਨੇ ਈਨ ਮੰਨਣੀ ਪਰਵਾਨ ਨਾ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਦੇ ਕਿਸੇ ਨਾਮ-ਲੇਵਾ ਨੇ ਪਨਾਹ ਨਾ ਮੰਗੀ । ਹਰ ਥਾਂ ਤੇ ਉਨ੍ਹਾਂ ਨੇ ਵਿਜੱਈਆਂ[21] ਦਾ ਸਨਮੁਖ ਟਾਕਰਾ ਕੀਤਾ, ਅਰਥਾਤ ਕਿਸੇ ਪਿੱਠ ਨਹੀਂ ਵਿਖਾਈ ਤੇ ਬੜੇ ਦੁਖੀ ਹਿਰਦੇ ਨਾਲ ਹੌਲੀ ਹੌਲੀ ਪਿੱਛੇ ਹਟੇ ਅਤੇ ਕਈ ਇਕੱਲੇ ਇਕੱਲੇ ਹੀ ਅਨੇਕਾਂ ਨਾਲ ਜੂਝ ਕੇ ਸਾਹਮਣੇ ਖੜੀ ਦਿੱਸ ਰਹੀ ਮੌਤ ਦਾ ਸੁਆਗਤ ਕਰਨ ਲਈ ਕੁੱਦ ਪਏ । ਵਿਜੱਈ ਇਨ੍ਹਾਂ ਹਾਰਿਆਂ ਹੋਇਆਂ ਦੀ ਇਕ ਨਾ–ਜਿੱਤੀ–ਜਾ–ਸੱਕਣ ਵਾਲੀ ਦਲੇਰੀ ਨੂੰ ਦੇਖ ਕੇ ਅਜੀਬ ਤਰ੍ਹਾਂ ਹੈਰਾਨ ਹੋ ਰਹੇ ਸਨ ਅਤੇ ਜਦ ਉਹ ਬੇ-ਬਸ ਤੇ ਮਰ ਰਹੇ ਭੀ, ਵੈਰੀ ਅੱਗੇ ਤਰਸ ਲਈ ਲਿਲਕੜੀਆਂ ਕੱਢਣ ਦੀ ਥਾਂ ਨਫ਼ਰਤ ਦੀਆਂ ਘੂਰੀਆਂ ਤੇ ਤਿਊੜੀਆਂ ਵੱਟਦੇ ਸਨ ਤਾਂ ਵਿਜੱਈ, ਹੈਰਾਨੀ ਦੇ ਕਾਰਣ, ਉਨ੍ਹਾਂ ਉੱਤੇ ਵਾਰ ਕਰਨੋਂ ਰੁਕ ਜਾਂਦੇ ਸਨ ।

ਵਾਈਕਾਊਂਟ ਹਾਰਡਿੰਗ ਦੀ ਲਿਖਤ ਅਨੁਸਾਰ ਸ਼ਾਇਦ ਕਦੀ ਭੀ, ਕਿਧਰੇ ਅੰਤ ਤਕ ਇਤਨਾ ਡਟ ਕੇ ਮੁਕਾਬਲਾ ਨਾ ਹੋਇਆ ਹੋਵੇ ਅਤੇ ਨਾ ਹੀ ਅੱਗੇ ਕਦੀ ਖ਼ਾਲਸਾ ਫ਼ੌਜ ਦੇ ਸਿਪਾਹੀਆਂ ਨੇ ਆਪਸ ਵਿਚ ਇਤਨਾ ਗੂੜ੍ਹਾ ਜਮਾਓ ਦੱਸਿਆ । ਪਿੱਛੇ ਮੁੜਨ ਉੱਤੇ ਮਜਬੂਰ ਹੋਏ ਹੋਏ ਭੀ ਇਹ ਇਸ ਪਰਸੰਸਨੀਯ[22] ਤਰੀਕੇ ਅਨੁਸਾਰ ਹਟੇ ਕਿ ਗੋਰੇ ਸਿਪਾਹੀ ਭੀ ਵਾਹ ਵਾਹ ਕਰ ਉੱਠੇ ।

Digitized by Panjab Digital Library | www.panjabdigilib.org

ਹੀਊ ਮਰੇ ਕਹਿੰਦਾ ਹੈ ਕਿ ਇਸ ਤੋਂ ਪਹਿਲਾਂ ਕਦੀ ਭੀ ਕਿਸੇ ਨੇ ਇਸ ਤਰ੍ਹਾਂ ਦੀ ਡਟਵੀਂ ਬਹਾਦੁਰੀ ਤੇ ਯੋਗਤਾ ਨਾਲ ਅੰਗਰੇਜ਼ੀ ਫ਼ੌਜਾਂ ਦਾ ਟਾਕਰਾ ਨਹੀਂ ਸੀ ਕੀਤਾ ਜਿਵੇਂ ਕਿ ਇਸ (ਸਭਰਾਵਾਂ ਦੇ) ਖ਼ੂਨੀ ਮੈਦਾਨ ਵਿਚ ਉਨ੍ਹਾਂ ਨਾਲ ਹੋਇਆ। ਅਫ਼ਗਾਨਿਸਤਾਨ ਦੇ ਦੱਰਿਆਂ ਵਿਚ ਜਿਸ ਮਾਰੂ ਲੜਾਈ ਦੇ ਕਾਰਣ ਕੁੱਝ ਚਿਰ ਲਈ ਅੰਗਰੇਜ਼ੀ ਝੰਡਿਆਂ ਦੀ ਹੇਠੀ ਹੋ ਗਈ ਸੀ, ਉਸ ਦੇ ਭੈ ਦਾ ਕਾਰਣ ਹਠੀਲੀ ਪਰ ਬੇ-ਤਰਤੀਬੀ ਫ਼ੌਜ ਦੀ ਬਹਾਦੁਰੀ ਨਹੀਂ ਬਲਕਿ ਮੁਲਕ ਦੀ ਕੁਦਰਤੀ ਬਨਾਵਟ ਸੀ। ਪਰ ਏਥੇ ਅੰਗਰੇਜ਼ੀ ਫ਼ੌਜਾਂ ਦਾ ਮੁਕਾਬਲਾ ਖੁੱਲ੍ਹੇ ਮੈਦਾਨ ਵਿੱਚ ਇੱਕ ਐਸੇ ਵੈਰੀ ਨੇ ਕੀਤਾ, ਜੋ ਉਨ੍ਹਾਂ ਦੀਆਂ ਤੋਪਾਂ ਦੀ ਗਰਜ ਸੁਣ ਕੇ ਭੈ-ਭੀਤ ਨਹੀਂ ਸੀ ਹੁੰਦਾ ਅਤੇ ਜੋ ਹਮਲੇ ਲਈ ਚੜ੍ਹਾਈਆਂ ਹੋਈਆਂ ਸੰਗੀਨਾਂ ਦੀਆਂ ਚਮਕਦੀਆਂ ਨੋਕਾਂ ਦੇ ਸਾਹਮਣੇ ਅਡੋਲ ਖੜੋਤਾ ਰਹਿੰਦਾ ਸੀ......ਅਤੇ ਜਦ ਸੰਗੀਨਾਂ ਦੇ ਜ਼ੋਰ ਨਾਲ ਸਿੰਘਾਂ ਦੇ ਮੋਰਚਿਆਂ ਦੇ ਕੁਝ ਹਿੱਸਿਆਂ ਉਤੇ ਕਬਜ਼ਾ ਹੋ ਜਾਂਦਾ ਤਾਂ ਉਹ ਤਲਵਾਰਾਂ ਹੱਥ ਵਿਚ ਲੈ ਕੇ ਉਨ੍ਹਾਂ ਨੂੰ ਮੁੜ ਲੈ ਲੈਣ ਲਈ ਬੜਾ ਭਿਆਨਕ ਸੰਗਰਾਮ ਆ ਮਚਾਉਂਦੇ ਸਨ।

ਹਾਰ ਹੋ ਜਾਣ ਪਿੱਛੋਂ ਜਿਸ ਵੇਲੇ ਸਿੰਘ ਦਰਿਆ ਵੱਲ ਨੂੰ ਮੁੜੇ ਤਾਂ ਇਕ ਬੜਾ ਭਿਆਨਕ ਤੇ ਦਰਦਨਾਕ ਨਜ਼ਾਰਾ ਸੀ। ਗ਼ੱਦਾਰ ਤੇਜ ਸਿੰਘ ਤੇ ਲਾਲ ਸਿੰਘ ਨੇ, ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ, ਦਰਿਆ ਦਾ ਪੁਲ ਤੁੜਵਾ ਦਿੱਤਾ ਹੋਇਆ ਸੀ। ਇੱਕ ਪਾਸੇ ਅੰਗਰੇਜ਼ਾਂ ਦੀਆਂ ਤੋਪਾਂ ਅੱਗ ਵਰ੍ਹਾ ਰਹੀਆਂ ਸਨ ਅਤੇ ਦੂਸਰੇ ਪਾਸੇ ਸਾਮ੍ਹਣੇ ਦਰਿਆ ਸੀ, ਅਤੇ ਦਰਿਆ ਵਿਚ ਠਿੱਲ੍ਹ ਰਿਹਾਂ ਦੇ ਉੱਤੇ ਭੀ ਤੋਪ ਤੇ ਤੋਪ ਚੱਲ ਰਹੀ ਸੀ। "ਪਰ ਸਿੱਖ ਦੌੜੇ ਨਹੀਂ ਬਲਕਿ ਅਖ਼ੀਰ ਦਮ ਤਕ ਆਪਣੀਆਂ ਤਲਵਾਰਾਂ ਨਾਲ ਲੜਦੇ ਰਹੇ ਅਤੇ ਅੰਤ ਵਿਜੱਈਆਂ ਵੱਲੋਂ ਸਾਰਿਆਂ ਪਾਸਿਆਂ ਤੇ ਜ਼ੋਰ ਪੈ ਜਾਣ ਤੇ ਭਾਰੀ ਨੁਕਸਾਨ ਹੋਣ ਪਰ ਹੌਲੀ ਹੌਲੀ ਪਿੱਛੇ ਨੂੰ ਦਰਿਆ ਦੇ ਕੰਢ

Digitized by Panjab Digital Library | www.panjabdigilib.org

ਵੱਲ ਪੁਲ ਉੱਤੇ ਨੂੰ ਧਕੀਂਦੇ ਗਏ ਜਿੱਥੇ ਕਿ ਅਚਾਨਕ ਸੱਤ ਇੰਚ ਪਾਣੀ ਚੜ੍ਹ ਜਾਣ ਨਾਲ ਪੈਰੀਂ ਲੰਘਣਾ ਮੁਸ਼ਕਲ ਹੋ ਗਿਆ ਸੀ ਇਸ ਲਈ ਬੇ-ਸ਼ੁਮਾਰ ਸਿੱਖ ਸਤਲੁਜ ਦੇ ਰੋੜ੍ਹ ਵਿਚ ਡੁੱਬ ਗਏ।"

ਰੌਬਰਟ ਕਸਟ ਲਿਖਦਾ ਹੈ ਕਿ ਗਵਰਨਰ-ਜਨਰਲ ਨੇ ਮੈਨੂੰ ਜਲਦੀ ਦਰਿਆ ਵੱਲ ਜਾਣ ਲਈ ਕਿਹਾ ਤੇ ਮੈਂ ਚਲਾ ਗਿਆ। ਮੈਂ ਕੀ ਵੇਖਦਾ ਹਾਂ ਕਿ ਦਰਿਆ ਮੁਰਦਿਆਂ ਤੇ ਮਰ ਰਿਹਾਂ ਨਾਲ ਬੰਦ ਹੋਇਆ ਪਿਆ ਸੀ, ਰੇਤਲੇ ਕੰਢੇ ਢੱਕੇ ਹੋਏ ਸਨ ਅਤੇ ਮੁਰਦੇ ਹੌਲੀ ਹੌਲੀ ਰੁੜ੍ਹਦੇ ਜਾ ਰਹ ਸਨ। ਲੋਥਾਂ ਦੇ ਇਸ ਭਿਆਨਕ ਵੰਦੇ[23] ਨੂੰ ਲੰਘਾਉਣ ਲਈ ਫ਼ੀਰੋਜ਼ਪੁਰ ਦਾ ਬੇੜੀਆਂ ਦਾ ਪੁਲ ਖੋਲ੍ਹਣਾ ਪਿਆ ਹਵੇਗਾ। ਸਾਡੀਆਂ ਪਲਟਣਾਂ ਅੱਡੋ ਅੱਡ ਪਾਸਿਆਂ ਤੇ ਕਤਾਰਾਂ ਵਿੱਚ ਖੜੀਆਂ ਸਨ ਅਤੇ ਸਾਡਾ ਤੋਪਖ਼ਾਨਾ, ਉੱਚੇ ਉੱਚੇ ਮੋਰਚਿਆਂ ਦੇ ਨਾਲ ਦੀ, ਬਾਹਰ ਦਰਿਆਓਂ ਪਾਰਲੇ ਕੰਢੇ ਤੇ ਦੌੜ ਕੇ ਜਾ ਚੁੱਕੇ ਹੋਇਆਂ ਉੱਤੇ ਗੋਲੇ ਵਰ੍ਹਾ ਰਿਹਾ ਸੀ। ਇਹ ਇੱਕ ਭਿਆਨਕ ਨਜ਼ਾਰਾ ਤੇ ਭਿਆਨਕ ਕਤਲਾਂ ਦਾ ਘਮਸਾਨ ਸੀ, ਜਿਸ ਨਾਲ ਕਿ ਸਭਰਾਵਾਂ ਦੀ ਜੰਗ, ਪੰਜਾਬ ਦੀ ਅਜ਼ਾਦੀ ਅਤੇ ਸ. ਸ਼ਾਮ ਸਿੰਘ ਅਟਾਰੀ ਵਾਲੇ ਦੇ ਜੀਵਨ ਦਾ ਅੰਤ ਹੋ ਗਿਆ।

Digitized by Panjab Digital Library | www.panjabdigilib.org

ਗਿਆਨੀ ਹਰਿੰਦਰ ਸਿੰਘ 'ਰੂਪ'

# ਸੱਪ

ਜਿਉਂ ਜਿਉਂ ਦਲੀਲ ਦੀ ਕਿਰਨ ਤਿੱਖੀ, ਤੇਜ਼ ਚਮਕ ਵਾਲੀ ਹੁੰਦੀ ਹੈ, ਤਿਉਂ ਤਿਉਂ ਜਹਾਲਤੀ ਸੱਪ, ਅਣਪੁੱਛਤਾ ਦੀ ਖੁੱਡੀਂ ਦੜਦੇ ਵੜਦੇ ਜਾਂਦੇ ਹਨ, ਤਾਂ ਵੀ ਅਜਿਹੀਆਂ ਖੁੱਡਾਂ ਹਨ ਜਿਨ੍ਹਾਂ ਉਤੇ ਸ਼ੱਕਰ, ਸੇਵੀਆਂ, ਪੂੜੇ ਚੜ੍ਹਾਏ ਜਾਂਦੇ ਹਨ। ਇੱਕ ਗਲ ਹੈ ਕਿ ਸੱਪ ਸਾਹਿਬ ਦਾ ਸੀਤ ਪਰਸ਼ਾਦ ਨਹੀਂ ਲੀਤਾ ਜਾਂਦਾ। ਹਿੰਦੁਸਤਾਨ ਦੇ ਤੀਰਥਾਂ ਨਾਲੋਂ ਇਹ ਖੁੱਡ-ਮੰਦਰ ਏਸ ਵੇਲੇ ਵੀ ਕਈ ਗੁਣਾਂ ਵਧੇਰੇ ਹੋਣਗੇ। ਹਾਲੀ ਕਿਤੇ ਕਿਤੇ ਦਿਉਤਾ-ਮੰਨਣੀ ਬੀਨ ਵੀ ਵੱਜਦੀ ਹੈ। ਜੇ ਦਿਉਤਾ ਦੀਦਾਰ ਦੇ ਦੇਵੇ ਤਾਂ ਉਹਨੂੰ ਡਾਂਗ ਨਹੀਂ ਦਿਖਾਈ ਜਾਂਦੀ, ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ' ਨੂੰ ਭੁਲਾਇਆ ਜਾਂਦਾ ਹੈ, ਤੇ 'ਸੱਪੈ ਦੁੱਧ ਪਿਆਈਐ ਵਿਹੁ ਮੁਖ ਥੀਂ ਸੱਟੈ'[1] ਦਾ ਚੇਤਾ ਨਹੀਂ ਰਹਿੰਦਾ। ਸੱਪ ਨੱਸ ਜਾਂਦਾ ਹੈ। ਕੱਚੀ ਲੱਸੀ ਦੇ ਛੱਟੇ ਦੇਣਾ ਹਾਲੀ ਵੀ ਧਰਮ ਸਮਝਿਆ ਜਾਂਦਾ ਹੈ। ਦਿਉਤੇ ਦੇ ਖ਼ਿਆਲ ਨੇ ਹੀ ਹਜ਼ਾਰ-ਫਣਾ ਸ਼ੇਸ਼ ਨਾਗ ਬਣਾਇਆ ਸੀ ਤੇ ਮੂੰਹੋਂ ਪਰਮਾਤਮਾ ਦੇ ਨਿੱਤ ਨਵੇਂ ਨਾਂ ਜਪਣ ਨਾਲ ਓਸ ਦੀ ਜ਼ਹਿਰ ਨਿਕਲ ਗਈ ਹੋਵੇਗੀ। ਤਾਂਹੀਏਂ ਸਫ਼ੇਦ ਬਣਦਾਰ ਸੱਪ ਜਾਂ ਸ਼ੇਸ਼ ਨਾਗ ਉਤੇ ਸ੍ਰੀ ਵਿਸ਼ਨੂੰ ਦਾ ਬਿਰਾਜਣਾ ਦਿਖਾਇਆ ਗਿਆ

Digitized by Panjab Digital Library | www.panjabdigilib.org

ਹੈ। ਇਹ ਸੱਪ ਦੁਧਾਲੇ² ਸਾਗਰ ਵਿਚ ਹੈ। ਏਸ ਕਥਾ ਨੇ ਸੱਪ ਦੀ ਪੱਤ ਰੱਖ ਲਈ ਹੈ। ਸੋਚਿਆ ਜਾਏ ਤਾਂ ਇਉਂ ਵੀ ਹੋ ਸਕਦਾ ਹੈ ਕਿ ਭਗਵਾਨ ਨੇ ਬਦੀਆਂ ਨੂੰ ਨੱਪਿਆ ਹੋਇਆ ਹੈ। ਉਹ ਡਰ ਮਾਰੇ ਨਾਂ ਲੈਂਦੀਆਂ ਤੇ ਛੁਟਕਾਰਾ ਚਾਹੁੰਦੀਆਂ ਹਨ। ਖੀਰ ਸਾਗਰ ਤੋਂ ਭਾਵ ਨੇਕੀਆਂ ਦਾ ਸਮੁੰਦਰ ਹੈ ਤੇ ਉਸ ਵਿਚ ਬਦੀਆਂ ਨੂੰ ਨੇਕੀਆਂ ਦਾ ਦੁੱਧ ਪਿਆ ਕੇ ਭਗਵਾਨ ਦੀ ਛੇਜ ਬਣਨ ਯੋਗ ਕੀਤਾ ਹੈ। ਮੂਰਤ ਵਿੱਚ ਬੇਹੱਦਾ ਅਸਮਾਨ ਤੇ ਅਥਾਹ ਸਾਗਰ ਵਖਾ ਕੇ, ਸੱਪ ਵਾਹਿਆ ਹੁੰਦਾ ਹੈ। ਭਾਵ ਇਹੀ ਹੈ ਕਿ ਅਨੰਤ ਰਚਨਾ ਵਿੱਚ ਬਦੀ ਥੋੜੀ ਹੈ ਤੇ ਉਹ ਵੀ ਭਗਵਾਨ ਦੇ ਕਾਬੂ ਵਿੱਚ ਹੈ। ਕਾਲੀ ਨਾਗ ਨੂੰ ਨੱਥਣਾ, ਗੁਰ ਨਾਨਕ ਸਾਹਿਬ ਦੇ ਮੁਖੜੇ ਤੇ ਸੱਪ ਦਾ ਫਣ ਖਿਲਾਰਨਾ, ਨੇਕੀ ਸਾਹਵੇਂ ਬਦੀ ਦੀ ਭਾਂਜ ਦਾ ਦੱਸਣਾ ਹੈ।

ਸੱਪ ਸਾਰੇ ਹੀ ਜ਼ਹਿਰੀ ਨਹੀਂ ਹੁੰਦੇ। ਛੀਂਬਾ ਇਹਨਾਂ ਵਿਚੋਂ ਇਕ ਹੈ। ਨਾਮਦੇਵ ਜੀ ਛੀਂਬੇ ਸਨ ਏਸ ਲਈ ਇਹ ਵਿੱਸ ਨਹੀਂ ਘੋਲਦਾ। ਵੀਹਵੀਂ ਸਦੀ ਵਿੱਚ ਅਜਿਹਾ ਨਿੱਤਰਿਆ ਹੋਇਆ ਯੱਕੜ ਮਾਰਿਆ ਨਹੀਂ ਜਾਂਦਾ। ਛੀਂਬੇ ਦਾ ਰੰਗ ਪੀਲਾ ਜਾਂ ਗੁਲਾਬੀ, ਹੇਠੋਂ ਹਲਕਾ ਪਿਆਜ਼ੀ ਤੇ ਉੱਤੇ ਕਾਲੇ ਟਿਮਕਣੇ ਪਏ ਹੁੰਦੇ ਹਨ। ਸਵਾ ਗਜ਼ ਲੰਮਾ ਹੁੰਦਾ ਹੈ। ਜੌਂਸਿਰਾ[3], ਕਾਲੇ ਪੀਲੇ ਤੇ ਲਾਲ ਜਿਹੇ ਡੱਬ, ਸਿਰੀ ਕਾਲੀ, ਜ਼ਹਿਰੀ ਨਹੀਂ ਹੁੰਦਾ। ਲੰਬਾਈ ਚਾਰ ਫੁੱਟ ਤੋਂ ਵੱਧ ਨਹੀਂ ਹੁੰਦੀ। ਗੰਢੇਲ, ਇਹ ਮਾਦਾ[4] ਹੁੰਦੀ ਹੈ, ਤੇ ਜ਼ਹਿਰਣ ਨਹੀਂ ਹੁੰਦੀ। ਇਕ ਸੱਪਣੀ ਦੁਮੂੰਹੀ ਹੁੰਦੀ ਹੈ, ਉਹਦੇ ਡੰਗਿਆਂ ਸੁਰਗ-ਵਾਸੀ ਨਹੀਂ ਬਣੀਦਾ। ਇਹ ਸੱਪਣੀ ਬੜੀ ਨੇਮਣ[5] ਹੈ ਛਿਈਂ ਮਹੀਨੀਂ ਜਾਂ ਕੁੱਝ ਘੱਟ ਵੱਧ ਆ ਡੰਗਦੀ ਹੈ। ਜੇ ਨਾ ਡੰਗੇ ਤਾਂ ਸਰੀਰ ਜ਼ਹਿਰ ਨਾਲ ਫੁੱਲ ਕੇ ਭੁਕਾਨੇ ਵਾਂਗ ਹੋ ਜਾਂਦਾ ਹੈ! ਜ਼ਹਿਰ ਕੀ ਹੋਈ, ਗੈਸ ਹੋਈ!

ਛੀਂਬਾ ਕਾਲਾ ਵੀ ਹੁੰਦਾ ਹੈ ਤੇ ਤੋਰ ਤਿੱਖੀ। ਆਮ ਸੱਪਾਂ ਦੀ ਚਾਲ ਕਾਲਕਾ ਸ਼ਿਮਲਾ ਸੜਕ ਵਾਂਗ ਵਿੰਗ ਵਲੇਵਿਆਂ ਵਾਲੀ

Digitized by Panjab Digital Library | www.panjabdigilib.org

ਹੁੰਦੀ ਹੈ । ਜ਼ਹਿਰੀ ਇਹ ਵੀ ਨਹੀਂ । ਖ਼ਬਰੇ ਕਿਉਂ ਕੌੜ ਨਹੀਂ ਖਾਂਦਾ? ਮਨੁੱਖ ਤਾਂ ਜੀਉਣ ਨਹੀਂ ਦੇਂਦਾ। ਇਹ ਸਾਰੇ ਸੱਪ ਸ਼ਹਿਰਾਂ ਵਿਚ ਆਮ ਹੁੰਦੇ ਹਨ । ਇਹਨਾਂ ਦੇ ਫੜਨ ਦਾ ਬਹੁਤਾ ਤਰਦੱਦ ਨਹੀਂ ਕਰਨਾ ਪੈਂਦਾ । ਖਿਡਾਰੀ ਤਾਂ ਉੱਕਾ ਹੀ ਨਹੀਂ ਡਰਦਾ । ਕੀ ਕਦੀ ਉਸਤਾਦ ਵੀ ਸ਼ਾਗਿਰਦ ਕੋਲੋਂ ਤਰਹਿੰਦਾ ਹੈ ? ਆਪਣੇ ਦੁਸ਼ਮਨ ਦੀ ਪਛਾਣ ਹੋਣੀ ਚਾਹੀਦੀ ਹੈ । ਐਵੇਂ ਹਰ ਸੱਪ ਨਾਲ ਵੈਰ ਪਾਣਾ ਠੀਕ ਨਹੀਂ :—

ਸਭਿਤਾ ਨਹੀਂ ਸਿਖਾਤੀ ਸਰਪੋਂ ਸੇ ਬੈਰ ਰਖਨਾ ।

ਕਈ ਸੱਪ ਰੁੱਖਾਂ ਤੇ ਚੜ੍ਹਦੇ, ਕਈ ਤਾਰੀਆਂ ਲਾਂਦੇ ਤੇ ਕਈ ਮਿੱਟੀ ਵਿੱਚ ਰੁਲਦੇ ਹਨ। ਬਾਂਦਰ, ਮੋਰ ਤੇ ਨਿਉਲਾ ਆਦਿ ਇਹਦਾ ਬੁਰਾ ਹਾਲ ਕਰਦੇ ਹਨ । ਇਹਦੀ ਫੂੰ ਫੁਣਕਾਰ ਕਿਸੇ ਅਰਥ ਨਹੀਂ ਆਉਂਦੀ । ਇਹਦੀ ਲਾਲ ਜੀਭੋਂ ਕੋਈ ਤ੍ਰਭਕਦਾ ਨਹੀਂ । ਵਿਚਾਰਾ ਬੇਬਸ ਹੁੰਦਾ ਹੈ । ਏਸ ਵੱਸਦੇ ਰੱਸਦੇ ਹੀਰੋ-ਸ਼ੀਮਾ ਤੇ ਮੋਰ ਜਾਂ ਬਾਂਦਰ ਦਾ ਐਟਮ ਬੰਬ ਪੈਂਦਾ ਤੇ ਮੁਕਾ ਛੱਡਦਾ ਹੈ। ਜ਼ਹਿਰੀ ਸੱਪਾਂ ਦੀ ਵੀ ਵਟੀਂਦੀ ਨਹੀਂ । ਪਸ਼ੂਆਂ, ਪੰਛੀਆਂ ਤੇ ਮਨੁੱਖਾਂ ਵਿੱਚ ਧੁਰੋਂ ਹੀ ਜ਼ੋਰ ਦੀ ਜੈ ਹੁੰਦੀ ਆਈ ਹੈ। ਸ਼ਰਾਫ਼ਤ ਨੂੰ ਕੋਈ ਪੁੱਛਦਾ ਨਹੀਂ, ਹੋਰ ਗੁਣ ਦੀ ਕਦਰ ਨਹੀਂ । ਓਹੋ ਹਾਲ ਸੱਪਾਂ ਦਾ ਹੈ। ਜਿਹੜਾ ਫੁਣਕਾਰੇ-ਬਾਜ਼ ਜਾਂ ਜ਼ਹਿਰੀ ਹੈ, ਦੁਨੀਆਂ ਨੂੰ ਡਰਾ ਲੈਂਦਾ ਹੈ । ਇਕ ਗੱਲ ਜ਼ਰੂਰ ਹੈ ਕਿ ਜੇ ਇਹ ਜ਼ੋਰ ਅਕਲ ਨਾਲ ਦਿਖਾਇਆ ਜਾਂਦਾ ਤਾਂ, ਅਕਲ ਦਾ ਸਦਕਾ, ਸੱਪ ਦਾ ਧੋਕਾ ਉਹਦੀ ਹੀ ਜਾਨ ਦਾ ਖੌ ਨਾ ਬਣਦਾ । ਅਕਲ ਹਰ ਗੱਲ ਦੀ ਪਕਿਆਈ ਤਾਂ ਕਰਦੀ ਹੈ ਪਰ ਇਹ ਸਚਿਆਈ ਨਹੀਂ । ਸਚਿਆਈ ਵਾਲੇ ਦਾ ਕੰਮ ਚੂਨੇ ਗੱਚ ਹੁੰਦਾ ਹੈ । ਹਾਂ, ਜੇ ਸਚਿਆਈ ਤੇ ਅਕਲ ਰਲ ਮਿਲ ਕੇ ਕੰਮ ਕਰਨ ਤਾਂ ਫੇਰ ਘਾਟਾ ਹੀ ਕਾਹਦਾ ਹੈ ? ਸੱਪ ਦੀ ਸੋਚ ਨਹੀਂ ਹੋਣੀ, ਐਵੇਂ ਹੀ ਫੁਣਕਾਰੇ ਮਾਰਦਾ ਤੇ ਡਾਂਗਾਂ ਨੂੰ ਸੱਦਦਾ ਹੈ। ਪੁੱਜ ਕੇ ਮੂਰਖ ਹੈ। ਮਨੁੱਖ ਤੋਂ

Digitized by Panjab Digital Library | www.panjabdigilib.org

ਵੀ ਵੱਡਾ ਮੂਰਖ ਹੈ। ਜਾਣ ਬੁੱਝ ਕੇ ਦੁਸ਼ਮਣੀ ਵਧਾਂਦਾ ਤੇ ਕਮਜ਼ੋਰ ਹੁੰਦਾ ਹੋਇਆ ਵੀ ਜ਼ੋਰਾਵਰਾਂ ਵਿੱਚ ਭੁੜਕ ਪੈਂਦਾ ਤੇ ਧੌਣ ਦਾ ਮਣਕਾ ਭਨਵਾ ਬਹਿੰਦਾ ਹੈ। ਮੈਂ ਕਿਹਾ, ਏਸ ਸਰਪ-ਨੀਤੀ ਨੂੰ ਛੱਡੀਏ ਤੇ ਸੱਪਾਂ ਦੀ ਸੈਰ ਕਰੀਏ। ਕੋਈ ਸੱਪਾਂ ਦਾ ਖਿਡਾਰੀ ਵਾਕਫ਼ ਹੈ ਜੇ ਕਿ ਨਹੀਂ ? ਜੇ ਨਹੀਂ ਤਾਂ ਦਾਸ ਨਾਲ ਹੀ ਆ ਜਾਵੇ, ਮੈਂ ਹੀ ਲਫ਼ਜ਼ਈ[7] ਕੁੱਜਿਆਂ ਵਿੱਚੋਂ ਭਾਂਤ ਭਾਂਤ ਦੇ ਸੱਪ ਦਿਖਾ ਦੇਂਦਾ ਹਾਂ। ਸਪੇਰੇ ਤਾਂ ਬੀਨ ਦਾ ਉਸ਼ਟੰਡ ਹੀ ਕਰਦੇ ਹਨ। ਸੱਪ ਦੇ ਕੰਨ ਨਹੀਂ ਹੁੰਦੇ। ਉਹ ਧਮਕ ਮਹਿਸੂਸ ਕਰਦਾ ਹੈ। ਸਪੇਰਿਆਂ ਪਾਸ ਪਟਾਰੀਆਂ ਇੱਕ ਦੋ ਹੀ ਹੁੰਦੀਆਂ ਹਨ। ਬਹੁਤੇ ਨਹੀਂ ਵਖਾ ਸਕਦੇ। ਦਾਸ ਦੇ ਚੇਤੇ ਦੇ ਖ਼ਜ਼ਾਨੇ ਤੇ ਹਰ ਤਰ੍ਹਾਂ ਦੇ ਸੱਪ ਬੈਠੇ ਹੋਏ ਹਨ। ਵਾਰੋ ਵਾਰੀ ਦੱਸਾਂਗਾ ਪਰ ਇਕ ਗੱਲ ਪਹਿਲਾਂ ਸਮਝ ਲਵੋ ਪਈ ਚੁਰਾਸੀ ਲੱਖ ਜੂਨ ਵਿਚ ਸੱਪ ਹੀ ਅਜਿਹੀ ਜੂਨ ਹੈ ਜਿਹੜੀ ਜਿਊਂਦੇ ਜੀਅ ਖੱਲ ਲੁਹਾ ਦੇਂਦੀ ਹੈ। ਸੱਪ ਦੀ ਕੁੰਜ ਨੂੰ ਅੱਖਾਂ ਨਾਲ ਲਾਉਂਦੇ ਹਨ, ਦਵਾ ਸਮਝ ਕੇ। ਕਿਤਾਬਾਂ ਵਿਚ ਰੱਖਦੇ ਹਨ, ਨਿਸ਼ਾਨੀ ਵਜੋਂ। ਕਾਸ਼! ਹਮਾਤੜਾਂ ਦੀ ਵੀ ਖੱਲ ਲਹਿੰਦੀ !

ਹੁਣ ਸੱਪਾਂ ਦਾ ਧਿਆਨ ਧਰੋ ਜੀ। ਇੱਕ ਸੱਪ ਹੁੰਦਾ ਹੈ ਕਰੁੰਡੀਆ। ਦੋ ਫ਼ੁੱਟ ਲੰਮਾਂ ਹੁੰਦਾ ਹੈ ਪਰ ਜਲੇਬੀ ਬਣਿਆ ਰਹਿੰਦਾ ਹੈ, ਤੁਰਨ ਵੇਲੇ ਵੀ ਜਲੇਬੀ ਦੀ ਸ਼ਕਲ ਹੀ ਰਹਿੰਦੀ ਹੈ। ਤੇਜ਼ ਨਹੀਂ ਚੱਲ ਸਕਦਾ ਪਰ ਫ਼ੁੱਟ ਦੀ ਵਿੱਥ ਤੋਂ ਪਰ੍ਹਾਂ ਹੋ ਕੇ ਏਸ ਚੱਲਦੀ ਚੱਕੀ ਨੂੰ ਵੇਖੀ ਜਾਓ। ਲਾਗੇ ਹੋਣ ਨਾਲ ਛਾਲ ਮਾਰ ਦੇਂਦਾ ਹੈ ਤੇ ਅਛੋਪਲੇ ਸੁਆਸ ਚੁਰਾ ਲੈ ਜਾਂਦਾ ਹੈ। ਸ਼ਹਿਰਾਂ ਵਿਚ ਕਦੇ ਹੀ ਨਿਕਲਦਾ ਹੈ। ਏਸ ਤੋਂ ਬਚਣਾ ਚਾਹੀਦਾ ਹੈ। ਛੀਂਬੇ ਤੇ ਜੌਂਸਿਰੇ ਦੇ ਭੁਲੇਖੇ ਇਹਨੂੰ ਹੱਥ ਨਾ ਪਾ ਬਹਿਣਾ। ਜੇ ਫੜਨ ਦੇ ਉਸਤਾਦ ਹੋ ਤਾਂ ਫੜੋ ਮੁੜ੍ਹੀ[8] ਨੂੰ ਵਿੱਚੋਂ। ਜੇ ਵੱਲ ਨਹੀਂ ਆਉਂਦਾ ਤੇ ਉਸਤਾਦੀ ਵੀ ਕਰਨੀ ਹੈ ਤਾਂ ਵਸੀਅਤ ਕਰ ਕੇ, ਨਾਲ ਹੀ

Digitized by Panjab Digital Library | www.panjabdigilib.org

ਜ਼ਿੰਦਗੀ ਦਾ ਬੀਮਾ ਕਰ ਕੇ, ਬੇਸ਼ਕ ਹੱਥ ਪਾਓ। ਇਹ ਅੰਦਰੋਂ ਚਿੱਟਾ ਹੁੰਦਾ ਹੈ, ਉੱਪਰੋਂ ਗੰਢਾਂ ਵਾਂਗ ਨਿਸ਼ਾਨ ਹੁੰਦੇ ਹਨ, ਕਾਲੇ ਜਿਹੇ, ਰੰਗ ਮਿੱਟੀ ਵਰਗਾ ਹੁੰਦਾ ਹੈ ਪਰ ਗਹੁ ਨਾਲ ਵਖਿਆਂ ਮਿੱਟੀ-ਰੰਗਾ ਬਹੁਤੀ ਵਰ ਜਾਪਦਾ ਨਹੀਂ। ਇਹਦਾ ਹੀ ਭਰਾ ਸੰਗਚੂਰ ਹੈ। ਪਤਲਾ ਤੇ ਧਿੰਮਾ ਚਲਦਾ ਹੈ, ਜਿਸ ਤਰ੍ਹਾਂ ਮੀਸਣਾ ਹੁੰਦਾ ਹੈ। ਡੰਗ ਵੱਜਦਿਆਂ ਹੀ ਗਲਾ ਸੱਸੀ ਦੇ ਥਲ ਵਾਂਗ ਖ਼ੁਸ਼ਕ ਹੋ ਜਾਂਦਾ ਹੈ। ਸੰਘ ਨੂੰ ਜ਼ਹਿਰ ਪੰਜਾ ਬਣ ਕੇ ਘੱਟ ਲੈਂਦ ਹੈ। ਵਾਸਤਾ ਜੇ ਰੱਬ ਦਾ ਇਹਨੂੰ ਵੀ ਹੱਥ ਨਾ ਪਾ ਬਹਿਣਾ। ਜੇ ਸੱਪਾਂ ਨਾਲ ਖੇਡਣ ਦੀ ਭੈੜੀ ਬਾਣ ਪਈ ਈ ਹੋਈ ਹੈ ਤਾਂ ਇਹਨੂੰ ਪੀਰ ਮੰਨ ਕੇ ਦੂਰੋਂ ਹੀ ਮੱਥਾ ਟੇਕ ਛੱਡੋ। ਸਹਿਜੇ ੱਲਦਾ ਹੈ, ਪਤਾ ਨਹੀਂ ਲੱਗਦਾ। ਬੱਸ ਮਿੱਟੀ ਪਈ ਜਾਪਦੀ ਹੈ ਪਰ ਵਾਹ ਜਾਂ ਰਾਹ ਦਾ ਓਦੋਂ ਪਤਾ ਲੱਗਦਾ ਹੈ ਜਦੋਂ ਦੋ ਘੰਟਿਆਂ ਵਿੱਚ ਫੱਟਾ ਤਿਆਰ ਹੋ ਕੇ ਰਾਮ ਤੇ ਵਾਹਿਗੁਰੂ ਦੀ ਧੁਨੀ ਉੱਠਦੀ ਹੈ। ਇਹ ਸ਼ਿਵਾਂ ਦੀਆਂ ਬਾਹਾਂ ਤੇ ਵਲ੍ਹੇਟਿਆ ਦਿਖਾਇਆ ਜਾਂਦਾ ਹੈ। ਬਾਜ਼ੂਬੰਦ[9] ਸਮਝ ਛੱਡੋ। ਸ਼ਿਵ ਜੀ ਕਾਲ ਦੇ ਦਿਉਤੇ ਹਨ ਤੇ ਡੌਲਿਆਂ ਦਾ ਗਹਿਣਾ ਸੰਗਚੂਰ ਤੇ ਸਿਰ ਦਾ ਤਾਜ ਫਨੀਅਰ ਹੁੰਦਾ ਹੈ। ਸ਼ਿਵਾਂ ਦੀ ਗੋਦੜੀ ਸੱਪਾਂ ਨਾਲ ਸੋਭਦੀ ਹੈ।

ਭਗਵਾਨ ਕ੍ਰਿਸ਼ਨ ਨੇ ਸ਼ਿਵਾਂ ਦੇ ਭਗਤ ਭੁਮਾਸੁਰ ਦੈਂਤ ਨੂੰ ਮਾਰਿਆ। ਸ਼ਿਵ, ਰੋਹ ਵਿਚ, ਸੱਪਾਂ ਦੇ ਹਥਿਆਰ ਚਲਾਂਦੇ, ਧਾਏ। ਭਗਵਾਨ ਗਰੜ ਉੱਤੇ ਸਨ। ਗਰੜ ਨੇ ਸੱਪਾਂ ਦੀ ਸਫ਼ਾਈ ਕੀਤੀ, ਸ਼ਿਵਾਂ ਦੀ ਪੇਸ਼ ਨਾ ਗਈ। ਸੱਪਾਂ ਦਾ ਨਾਸ ਰਾਜੇ ਜਨਮੇਜੇ ਨੇ ਵੀ ਕੀਤਾ ਸੀ।

ਸੱਪ ਨੂੰ ਸ਼ੈਤਾਨ ਕਿਹਾ ਗਿਆ ਹੈ। ਇਹਦੇ ਪਾਸੋਂ ਭਲਾ ਹੁੰਦਾ ਨਹੀਂ। ਸ਼ੈਤਾਨ ਵੀ ਨੇਕੀ ਦਾ ਰਾਹ ਵੇਖਣ ਨਹੀਂ ਦੇਂਦਾ। ਲੂਡੋ ਦੀ ਖੇਡ ਵਿਚ ਖ਼ਾਨੇਦਾਰ ਗੱਤਾ ਹੁੰਦਾ ਹੈ। ਕੌਡਾਂ ਜਾਂ ਦਾਣੇ ਸੁੱਟ ਕੇ ਗੀਟੀਆਂ ਤੋਰੀ ਜਾਈਦੀਆਂ ਹਨ ਪਰ

Digitized by Panjab Digital Library | www.panjabdigilib.org

ਵਿਚ ਸੱਪ ਬਣੇ ਹੁੰਦੇ ਹਨ। ਸੱਪ ਦੇ ਮੂੰਹ ਤੇ ਆਪਣੀ ਗੀਟੀ ਆ ਜਾਏ ਤਾਂ ਗੀਟੀ ਪੂਛ ਦੇ ਸਿਰ ਉੱਤੇ ਰੱਖਣੀ ਪੈਂਦੀ ਹੈ। ਮਤਲਬ ਹੈ ਭੈੜੇ ਦਾ ਸਾਥ ਨਾ ਕਰੋ। ਜੇ ਕੀਤਾ, ਤਾਂ ਤੁਸੀਂ ਪੁੱਗਦੇ ਪੁੱਗਦੇ ਵੀ ਪਿੱਛੇ ਪਟਕਾਏ ਜਾਓਗੇ। ਜਿਸ ਵੇਲੇ ਸੱਪ ਦਾ ਮੂੰਹ ਗੀਟੀ ਦੇ ਕੋਲ ਹੁੰਦਾ ਹੈ ਤਾਂ ਓਦੋਂ ਖੁਤਖੁਤੀ[10] ਇਹੋ ਲੱਗ ਹੁੰਦੀ ਹੈ ਕਿ ਕੌਡਾਂ ਠੀਕ ਪੈਣ ਤੇ ਬਲਾ ਦੇ ਮੂੰਹੋਂ ਬਚੀਏ। ਏਸ ਕਰ ਕੇ ਗੁਰਬਾਣੀ ਤੇ ਭਾਈ ਗੁਰਦਾਸ ਜੀ ਵੀ ਚੰਦਨ ਤੇ ਸੱਪ ਦਾ ਬੜਾ ਦ੍ਰਿਸ਼ਟਾਂਤ[11] ਦੇਂਦੇ ਹਨ ਕਿ ਠੰਢੀ ਮਹਿਕ ਮਾਣ ਕੇ ਵੀ ਸੱਪ ਦੀ ਜ਼ਹਿਰ ਨਹੀਂ ਘਟੀ

ਸੱਪਾਂ ਦੀਆਂ ਪਲਕਾਂ ਨਹੀਂ ਹੁੰਦੀਆਂ। ਅਖਾਂ ਝਮਕ ਨਹੀਂ ਸਕਦਾ। ਜਿਹੜਾ ਇੱਕ ਟੱਕ ਲਾਈ ਆਪ ਜੀ ਵੱਲ ਤੱਕੇ ਤਾਂ ਆਪ ਉਸ ਨੂੰ ਸੱਪ-ਅੱਖਾ ਕਹਿ ਸਕਦੇ ਹੋ। ਜੇ ਗੂੜ੍ਹੀ ਇਲਮੀਅਤ[12] ਦਿਖਾਣ ਦਾ ਵਾਦੀ ਹੈ ਤਾਂ ਸੰਧੀ[13] ਦੇ ਅਸੂਲ ਨਾਲ ਸਪਾਖਾ ਵੀ ਕਹਿ ਸਕਦੇ ਹੋ। ਸੱਪ ਗਰਮੀਆਂ ਵਿਚ ਤੇ ਬਰਸਾਤ ਵਿੱਚ ਖ਼ੂਬ ਨਿਕਲਦੇ ਹਨ। ਗਰਮੀ, ਹੁੱਸੜ ਤੇ ਹੁੰਮਸ ਤੋਂ ਛੁਟਕਾਰਾ ਚਾਹੁੰਦੇ ਹਨ ਤੇ ਆਮ ਫਿਰਦੇ ਹਨ। ਸਪਾਖੇ ਆਪ ਨੂੰ ਮੇਲਿਆਂ ਮੁਸਾਹਬਿਆਂ ਵਿੱਚ ਆਮ ਦਿੱਸ ਸਕਦੇ ਹਨ। ਤੁਸੀਂ ਜ਼ਰਾ ਗਹੁ ਨਾਲ ਵੇਖਣ ਵਾਲੇ ਬਣੋ।

ਪੁਰਾਣੇ ਨੱਕਾਸ਼[14] ਪਕੜਾਂ ਦਿਖਾਂਦੇ ਸਨ। ਭਲਵਾਨ[15] ਕੁਸ਼ਤੀ ਵਲੇ ਇਕ ਦੂਜੇ ਨੂੰ ਫੜ ਕੇ ਢਾਹੁਣ ਦੀ ਕੋਸ਼ਿਸ਼ ਕਰਦੇ ਹਨ, ਢਾਉਣ ਦੀ ਕੋਸ਼ਿਸ਼ ਹੀ ਪਕੜ ਹੈ। ਪਕੜ ਦਾ ਭਾਵ ਜ਼ੋਰ ਅਜ਼ਮਾਣਾ ਵੀ ਹੋ ਸਕਦਾ ਹੈ। ਨੱਕਾਸ਼, ਹਾਥੀਆਂ, ਸ਼ੇਰਾਂ, ਅਸਰਾਲਾਂ[16] ਦਾ ਘੋਲ ਜਾਂ ਪਕੜ ਦਿਖਾਂਦੇ ਸਨ। ਅਸਰਾਲ ਨੂੰ ਅਜਿਹੇ ਪਲੇਚੇ ਮਾਰੀ ਦੱਸਦੇ ਕਿ ਜਿਸ ਨਾਲ ਸ਼ੇਰ ਦਾ ਵੀ ਮੂੰਹ ਅੱਡਿਆ ਜਾਂਦਾ। ਏਥੇ ਸਿਰਫ਼ ਅਸਰਾਲ ਦੀ ਤਾਕਤ

Digitized by Panjab Digital Library | www.panjabdigilib.org

ਦਿਖਾਣ ਦਾ ਭਾਵ ਹੁੰਦਾ ਹੈ। ਅਸਰਾਲ ਤਾਕਤ ਵਾਲੇ ਦੀਆਂ ਹੱਡੀਆਂ ਕੜਕਾ ਕੇ ਰੱਖ ਦੇਂਦੀ ਹੈ। ਇਹ ਜੰਗਲਾਂ ਤੇ ਅਫ਼ਰੀਕਾ ਦੀ ਬਸੰਤ[17] ਹੈ। ਦਸਮ ਗਰੰਥ ਦੇ ਚੰਡੀ ਚਰਿੱਤਰ ਵਿਚ ਸਵੱਈਆ ਹੈ ਕਿ ਜੋਧਾ ਮੋਇਆ ਪਿਆ ਹੈ, ਲੋਹੇ ਦੀ ਮਹੀਨ ਜਾਲੀ ਦੀ ਸੰਜੋ[18] ਇਉਂ ਲਗਦੀ ਹੈ ਜਿਵੇਂ ਪਨੰਗ (ਅਸਰਾਲ) ਨੂੰ ਕੀੜੀਆਂ ਚੰਬੜੀਆਂ ਹਨ। ਗੱਲ ਕੀ ਤਾਕਤ ਵਿੱਚ ਜੋਧੇ ਦਾ ਮੇਲ ਅਸਰਾਲ ਨਾਲ ਕੀਤਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਨਿੱਕੀ ਪਰਕਰਮਾਂ ਵਿੱਚ ਪੱਥਰ ਵਿੱਚ ਨਿਹਾਇਤ ਸੋਹਣੇ ਫੁੱਲ ਬੂਟੇ ਹਨ। ਓਥੇ ਮੋਰਾਂ ਦੇ ਮੂੰਹਾਂ ਵਿਚ ਸੱਪ ਦਿਖਾਲੇ ਹਨ। ਮੋਰ ਸੁਹੱਪਣ ਦਾ ਖ਼ਿਆਲ ਦੇਂਦੇ ਹਨ। ਅਸਲੀ ਸੁਹੱਪਣ ਇਨਸਾਨ ਨੂੰ ਕੁਰਾਹੇ ਨਹੀਂ ਜਾਣ ਦੇਂਦਾ। ਸੱਪ ਬਦੀ ਹੈ ਜਿਸ ਨੂੰ ਸੁਹੱਪਣ ਹੜੱਪੀ ਜਾ ਰਿਹਾ ਹੈ ਤੇ ਸੁਹੱਪਣ ਹੈ ਕਲਾ ਜਾਂ ਸਾਹਿੱਤ।

ਫ਼ਾਰਸੀ ਉਰਦੂ ਵਾਲਿਆਂ ਨੂੰ ਜ਼ੁਲਫਾਂ ਨਾਗਣਾਂ ਜਾਪਦੀਆਂ ਹਨ। ਖੜੱਪੇ ਫਨੀਅਰ ਦਾ ਡੰਗਿਆ ਤਾਂ ਬਚਦਾ ਹੀ ਨਹੀਂ ਪਰ ਜ਼ੁਲਫਈ ਸੱਪ ਮਾਰਦੇ ਵੀ ਹਨ ਤੇ ਜਿਵਾਂਦੇ ਵੀ ਹਨ। ਉਹਨਾਂ ਨੂੰ ਇਹਨਾਂ ਨਾਲ ਰਲਾਣਾ ਬੇ-ਸਮਝੀ ਦਾ ਸਬੂਤ ਦੇਣਾ ਹੈ। ਤਾਹੀਏਂ ਤਾਂ ਸ਼ਾਇਰਾਂ ਨੂੰ ਫਹੁਬਾਜ਼[19] ਮੰਨਿਆ ਗਿਆ। ਇਕ ਮੱਛੀ, ਸਰ ਦਾ ਨਾਸ ਕਰਦੀ ਹੈ, ਸ਼ਾਇਰਾਂ ਦੀ ਏਸ ਗ਼ਲਤੀ ਨੇ ਇਹਨਾਂ ਦੀਆਂ ਖ਼ੂਬੀਆਂ ਦੇ ਸਰ ਨੂੰ ਗੰਦਾ ਕਰ ਛੱਡਿਆ ਹੈ!

ਏਸ ਦੇਵਤੇ ਦੀ ਕਥਾ ਬੜੀ ਲੰਬੀ ਤੇ ਵਲ-ਵਲੇਵਿਆਂ ਵਾਲੀ ਹੈ। ਯਥਾ ਸ਼ਕਤੀ[20] ਸੁਣਾਵਾਂਗੇ ਤਾਂ ਸਹੀ ਪਰ ਤੁਸੀਂ ਮਿੱਟੀ ਦੇ ਮਾਧੋ ਬਣ ਕੇ ਨਾ ਨਾ ਬੈਠੇ ਰਹੋ। ਕੋਈ ਫੁਣਕਾਰਾ ਮਾਰੋ, ਸਾਨੂੰ ਵੀ ਬੀਤੀ ਗੱਲ ਦਾ ਚੇਤਾ ਡੰਗ ਮਾਰੇ। ਹਾਏ ਹਾਏ ਕਰੀਏ ਤੇ ਫੇਰ ਸੁਣਾਈਏ, ਪਰ ਵਾਹਿਗੁਰੂ ਉਹ ਦਿਨ ਲਿਆਵੇ ਹੀ ਨਾ! ਸੱਪ ਅਜਿਹਾ ਜਾਦੂ ਹੈ ਜਿਹੜਾ ਆਪਣੇ ਆਪ ਸਿਰੇ ਚੜ੍ਹ ਕੇ ਬੋਲਦਾ

Digitized by Panjab Digital Library | www.panjabdigilib.org

ਹੈ। ਸੋ ਏਥੇ ਉਚੇਚ ਕਰਨ ਦੀ ਲੋੜ ਨਹੀਂ! ਸੱਪ ਤਾਂ ਹਰਦਮ ਚੇਤੇ ਰਹਿੰਦਾ ਹੈ. ਜਿਸ ਤਰ੍ਹਾਂ ਪਿਆਰੇ ਦੇ ਵੇਹਲ। ਰੱਸੀ ਤੇ. ਪੈਰ ਆ ਜਾਵੇ ਤਾਂ ਸੱਪ ਯਾਦ ਆ ਜਾਂਦਾ ਹੈ। ਰਾਤ ਨੂੰ ਹਲਕਾ ਜਿਹਾ ਖੜਕਾਰ ਹੋਵੇ ਤਾਂ ਸੱਪ ਦਾ ਭਰਮ ਪੈਂਦਾ ਹੈ। ਸ਼ਹਿਰੋਂ ਬਾਹਰ ਜਿਹੜੀ ਖੁੱਡ ਦੇਖੋ ਸੱਪ-ਅਸਥਾਨ ਪਰਤੀਤ ਹੰਦਾ ਹੈ। ਇਹੋ ਰੱਲ ਸਿੱਧ ਕਰਦੀ ਹੈ ਕਿ ਇਨਸਾਨ ਉੱਤੇ ਸੱਪ ਨੇ ਪੂਰਾ ਜ਼ਬ੍ਹਾ[21] ਜਮਾਇਆ ਹੋਇਆ ਹੈ। ਅਸੀਂ ਹੋਰਨਾਂ ਦੀ ਗਲ ਕੀ ਸੁਣਾਣੀ ਹੈ, ਆਪਣੀ ਦੱਸਦੇ ਹਾਂ। ਇਹ ਲੇਖ ਲਿਖੀ ਜਾ ਰਹੇ ਹਾਂ, ਛੱਤ ਵੱਲ ਤੇ ਫ਼ਰਸ਼ ਵੱਲ ਨਜ਼ਰ ਮਾਰੀ ਹੈ ਕਿ ਸੱਪ ਸਾਹਿਬ ਕਿਤੇ ਦਰਸ਼ਨ ਦੇ ਕੇ ਨਿਹਾਲ ਨਾ ਕਰ ਜਾਣ!

ਹਾਲੀ ਵੱਡੇ ਸੱਪ ਦਾ ਹਾਲ ਤਾਂ ਛੋਹਿਆ ਹੀ ਨਹੀਂ। ਸੁਖ ਨਾਲ ਉਹ ਹੈ ਖੜੱਪਾ ਜਾਂ ਫਨੀਅਰ। ਬੜਾ ਪਰਸਿੱਧ ਨਾਗ ਹੈ, ਵੱਡੇ ਦੀ ਹਮੇਸ਼ਾ ਪਰਸਿੱਧੀ ਹੁੰਦੀ ਹੀ ਹੈ। ਆਮ ਗੱਲਾਂ ਦਾ ਜ਼ਿਕਰ ਕਰਨ ਦੀ ਲੋੜ ਨਹੀਂ। ਇਹ ਹੱਛੇ ਫੁਰਤੀਲੇ ਘੋੜੇ ਦੇ ਮਗਰ ਪਵੇ ਤਾਂ ਢਾਈ ਤਿੰਨ ਮੀਲ ਦਾ ਪੈਂਡਾ ਦੇਖਦਿਆਂ ਦੇਖਦਿਆਂ ਹੀ ਕਰਾ ਦੇਂਦਾ ਹੈ। ਕਾਲੇ, ਮਿਟਿਆਲੇ ਤੋਂ ਬਿਨਾਂ ਕਿਤ ਕਿਤੇ ਚਿੱਟਾ ਵੀ ਮਿਲਦਾ ਹੈ। ਕੱਲਰੀ ਭੋਇੰ[22] ਦਾ ਸੱਪ ਜ਼ਿਆਦਾ ਮਾਰੂ ਹੁੰਦਾ ਹੈ। ਫੜਨ ਵਾਲੇ ਵੀ ਰਾਹਕਾਰ[23] ਹੁੰਦੇ ਹਨ। ਇਹਦੀ ਖੁੱਡ ਦੇ ਅੰਦਰ ਪਾਣੀ ਪਾ ਦੇਂਦੇ ਹਨ, ਸੱਪ ਹੋਰੀ ਗੱਚ ਖਾ ਫਣ ਇਉਂ ਹੁਲਾਰਦੇ ਹਨ ਜਿਸ ਤਰ੍ਹਾਂ ਨਿਡਰ ਯੋਧਾ ਖੰਡਾ ਲਿਸ਼ਕਾਂਦਾ ਹੈ। ਢਾਂਗਿਆਂ ਨੂੰ ਬੇਰੀ ਆਦਿ ਦੇ ਛਾਪੇ ਬੰਨ੍ਹ ਕੇ ਪੰਜ ਸੱਤ ਜਣੇ ਖਲੋਤੇ ਹੁੰਦੇ ਹਨ, ਸੱਪ ਨੂੰ ਮਾਰਦੇ ਹਨ ਤੇ ਇਕ ਵਲ ਰੁਖ਼ ਨਹੀਂ ਕਰਨ ਦੇਂਦੇ। ਬੜੀ ਹੁਸ਼ਿਆਰੀ ਦਾ ਕੰਮ ਹੁੰਦਾ ਹੈ ਜੇ ਇਕ ਪਲ ਦੀ ਦੇਰ ਹੋ ਜਾਵੇ ਤਾਂ ਸਾਥੀ ਉੱਤੇ ਸੱਪ ਮਾਰੂ ਧਾਵਾ ਬੋਲ ਕੇ ਪਾਰ ਬੁਲਾ ਸਕਦਾ ਹੈ। ਫੜਨ ਵਾਲੇ ਵੀ ਉੱਕਦੇ ਨਹੀਂ। ਛਾਪੇ ਨੂੰ ਹਾਕੀ ਤੇ ਸੱਪ ਨੂੰ ਗੇਂਦ ਸਮਝੋ। ਗੇਂਦ ਨੂੰ ਮਨ ਮਰਜ਼ੀ ਨਹੀਂ

Digitized by Panjab Digital Library | www.panjabdigilib.org

ਕਰਨ ਦੇਂਦੇ, ਆਪਣੇ ਵੱਸ ਵਿੱਚ ਰੱਖਦੇ ਹਨ। ਥੋੜ੍ਹਾ ਬਹੁਤਾ ਜ਼ਖ਼ਮ ਹੋ ਜਾਏ ਤਾਂ ਪਰਵਾਹ ਨਹੀਂ ਕਰਦੇ। ਜਿਹੜਾ ਆਦਮੀ ਸੱਪ ਦੀ ਜਿੰਦ ਨਹੀਂ ਗਵਾਉਣੀ ਚਾਹੁੰਦਾ ਉਹ ਆਪਣੀ ਘੱਟੇ ਕੌਡੀ[24] ਨਹੀਂ ਰੁਲਾ ਸਕਦਾ। ਗੱਲ ਕੀ ਸੱਪ ਦੇ ਮਗਰ ਪਏ ਰਹਿੰਦੇ ਹਨ ਜਦੋਂ ਹਫ ਜਾਏ, ਕੁੱਜੇ ਵਿਚ ਪਾ ਲੈਂਦੇ ਹਨ। 'ਕੁੱਜੇ ਵਿਚ ਪਾਣਾ' ਇੱਥੋਂ ਹੀ ਮੁਹਾਵਰਾ ਚੱਲਿਆ ਹੈ। ਕਾਬੂ ਕਰ ਕੇ ਉਹਦੇ ਮੂੰਹ ਵੱਲ ਟਾਟ ਆਦਿ ਕਰਦੇ ਹਨ, ਦੰਦ ਮਾਰਦਾ ਹੈ। ਇਹ ਜ਼ੋਰ ਨਾਲ ਖਿੱਚਦੇ ਹਨ। ਦੰਦ ਬਾਹਰ ਆ ਜਾਂਦੇ ਹਨ। ਹੁਣ ਸੱਪ ਹੋਰੀਂ ਨਾਂ ਦੇ ਹੀ ਸੱਪ ਹੁੰਦੇ ਹਨ। ਇਉਂ ਬੜੇ ਹੀਲਿਆਂ ਨਾਲ ਸੱਪ ਸੋਧਿਆ ਜਾਂਦਾ ਹੈ।

ਹੁਣ ਸੱਪ ਲੜੇ, ਤਾਂ ਇਲਾਜ ਵਿੱਚ ਮੰਤਰ ਆਦਿ ਨੂੰ ਪਿਛਲੀ ਪਰਧਾਨਤਾ ਨਹੀਂ ਦਿੱਤੀ ਜਾਂਦੀ, ਜਹਾਲਤ ਸਾਥੋਂ ਦੂਰ ਹੋਈ ਜਾਪਦੀ ਹੈ। ਇਲਾਜਾਂ ਦਾ ਇਲਾਜ ਤੇ ਮੰਤਰਾਂ ਦਾ ਮੰਤਰ ਇਹੋ ਹੈ ਕਿ ਜਿੱਥੇ ਸੱਪ ਲੜੇ ਓਥੋਂ ਅੱਗੇ ਵਿੱਸ ਨਾ ਚੜ੍ਹਨ ਦਿਓ। ਘੁੱਟ ਕੇ ਬੰਨ੍ਹ ਦਿਓ, ਫੇਰ ਭੱਜੇ ਭੱਜੇ ਡਾਕਟਰ ਨੂੰ ਲਿਆਓ ਤੇ ਆਰਾਮ ਨਾਲ ਦਿਖਾਓ। ਘਾਬਰਨ ਨਾਲ ਕੇਸ ਵਿਗੜਨ ਦਾ ਖ਼ਤਰਾ ਹੈ। ਹੌਸਲਾ ਰੱਖੋ ਤੇ ਨਾਲ ਦਿਆਂ ਦੀ ਹਿੱਕ ਵਿੱਚ ਹੌਸਲਾ, ਉਤਸ਼ਾਹ ਪੈਦਾ ਕਰੋ। ਅਜਿਹਾ ਕੋਈ ਦੁੱਖ ਨਹੀਂ ਜਿਸ ਦਾ ਤੋੜ ਨਹੀਂ। ਜਦੋਂ ਖ਼ੁਦਾਵੰਦ ਨੇ ਦੁੱਖ ਬਣਾਏ ਸਨ ਓਦੋਂ ਬੇ-ਸ਼ੁਮਾਰ ਨਾਲ ਹੀ ਪੈਦਾ ਕਰ ਦਿੱਤੇ ਸਨ ਇਲਾਜ।

ਕਈ ਵਾਰੀ ਇਨਸਾਨ ਸੱਪ ਵਾਂਗ ਜ਼ਹਿਰੀ ਬਣਿਆ ਹੁੰਦਾ ਹੈ ਤੇ ਅਗਲੇ ਨੂੰ ਸੱਪ ਸਮਝਦਾ ਹੈ। ਸਰਹਿੰਦ ਦਾ ਦੀਵਾਨ ਸੁੱਚਾ ਨੰਦ ਅਜਿਹਾ ਹੀ ਸੀ। ਛੋਟੇ ਸਾਹਿਬਜ਼ਾਦਿਆਂ ਦੀ ਸਜ਼ਾ ਘਟਾਣ ਦੇ ਖ਼ਿਆਲ ਉੱਤੇ ਦਲੀਲ ਕੜਕਾਈ ਸਾ ਸੂ ਕਿ ਕਦੇ ਸਪੋਲੀਆਂ ਤੋਂ ਬਚਾ ਹੋ ਸਕਦਾ ਹੈ? ਸੂਬੇ ਹੋਰੀਂ ਵੀ ਹੁਕਮ ਦਾ ਫਣ ਖਿਲਾਰ ਖਲੋਤੇ।

ਮਾਇਆ ਨੂੰ ਸੱਪਣੀ ਕਿਹਾ ਗਿਆ ਹੈ ਤੇ ਉਸ ਨੇ ਵੱਡੇ ਵੱਡੇ ਦਿਉਤਿਆਂ ਨੂੰ ਜ਼ਰੂਰ ਡੰਗਿਆ। ਡੰਗਣਾਂ ਇਹੋ ਹੀ ਹੈ ਕਿ ਉਹਨਾਂ

Digitized by Panjab Digital Library | www.panjabdigilib.org

ਨੂੰ ਅਸੂਲ ਤੇ ਖੜਾ ਨਾ ਰਹਿਣ ਦਿੱਤਾ। ਮਾਇਆ ਦੇ ਢੰਗ, ਛਣਕਾਰ, ਝਲਕਾਰ[25], ਖੁਸ਼ਾਮਦ, ਆਦਿ ਹਨ।

ਅਸੀਂ ਸੱਪ ਕੋਲੋਂ ਬੜੇ ਚੁਕੰਨੇ ਰਹਿੰਦੇ ਹਾਂ ਪਰ ਗ਼ਰਜ਼ੀ ਲੀਡਰ, ਘੁੰਏਂ[26] ਯਾਰ, ਭਰਮੀ ਸ਼ਰੀਕ, ਹੋਛੇ ਗਵਾਂਢ, ਪੁੱਠੇ ਸਲਾਹਕਾਰ, ਅਣਜਾਣ ਜ਼ੋਤਸ਼ੀ, ਕੁਵਾਸ਼ਨੀਏ[27] ਕਵੀ ਤੇ ਈਰਖੂ ਸਾਥੀ ਤੋਂ ਬਚਣ ਦਾ ਕੋਈ ਉਪਾ ਨਹੀਂ ਕਰਦੇ।

Digitized by Panjab Digital Library | www.panjabdigilib.org

ਪ੍ਰੋ. ਸੰਤ ਸਿੰਘ ਸੇਖੋਂ

# ਹਜ਼ਰਤ ਮੁਹੰਮਦ

ਯਸੂ ਮਸੀਹ ਤੋਂ ਛੇ ਕੁ ਸੌ ਸਾਲ ਬਾਅਦ, ਫ਼ਲਸਤੀਨ ਦੇਸ਼ ਦੇ ਦੱਖਣ ਵੱਲ ਅਰਬ ਦੇਸ਼ ਦੇ ਮੱਕਾ ਸ਼ਹਿਰ ਵਿਚ ਇੱਕ ਬੱਚੇ ਦਾ ਜਨਮ ਹੋਇਆ। ਇਹ ਬੱਚਾ, ਜਿਸ ਦਾ ਨਾਮ ਮੁਹੰਮਦ ਸੀ, ਆਪਣੇ ਪਿਤਾ ਦੀ ਮੌਤ ਤੋਂ ਤਿੰਨ ਮਹੀਨੇ ਪਿੱਛੋਂ ਪੈਦਾ ਹੋਇਆ ਸੀ। ਇਸ ਦੇ ਪਿਤਾ ਦਾ ਨਾਮ ਅਬਦੁੱਲਾ ਸੀ ਅਤੇ ਉਹ ਇੱਕ ਗੌਰਵਾਂ ਵਾਲੇ ਕਬੀਲੇ ਕੁਰੈਸ਼, ਦੇ ਇਕ ਉੱਚੇ ਘਰਾਣੇ ਵਿਚੋਂ ਸੀ।

ਪਹਿਲੇ ਛੇ ਸਾਲ ਮੁਹੰਮਦ ਆਪਣੀ ਮਾਂ, ਅਮੀਨਾ, ਤੇ ਦਾਈ, ਸਲੀਮਾ, ਦੀ ਗੋਦ ਵਿਚ ਪਲਿਆ। ਪਰ ਫਿਰ ਉਸ ਦੀ ਮਾਂ ਦਾ ਵੀ ਕਾਲ ਹੋ ਗਿਆ, ਤੇ ਉਹ ਆਪਣੇ ਦਾਦੇ, ਅਬਦੁਲ ਮੁਤੱਲਿਬ ਦੇ ਸਪੁਰਦ ਹੋ ਗਿਆ। ਪਰ ਅਬਦੁਲ ਮੁਤੱਲਿਬ ਦੀ ਉਮਰ ਵੀ ਉਸ ਵੇਲੇ ਪਚਾਸੀ ਸਾਲ ਦੀ ਹੋ ਚੁੱਕੀ ਸੀ ਤੇ ਉਹ ਦੋ ਸਾਲ ਬਾਅਦ ਮਰ ਗਿਆ। ਹੁਣ ਮੁਹੰਮਦ ਆਪਣੇ ਚਾਚੇ ਅਬੂ ਤਾਲਿਬ ਕੋਲ ਗਿਆ।

ਜਿਸ ਤਰ੍ਹਾਂ ਉਪਰੋਕਤ ਤੋਂ ਪ੍ਰਗਟ ਹੈ, ਮੁਹੰਮਦ ਬਹੁਤ ਤੰਗੀ ਦੀ ਹਾਲਤ ਵਿਚ ਪਲਿਆ ਤੇ ਵੱਡਾ ਹੋਇਆ। ਜਦੋਂ ਉਹ ਸਿਆਣਾ ਹੋਇਆ ਤਾਂ ਉਸ ਨੇ ਇਕ ਅਮੀਰ ਇਸਤਰੀ, ਖ਼ਦੀਜਾ

Digitized by Panjab Digital Library | www.panjabdigilib.org

ਨਾਲ ਸਾਂਝ ਪਾ ਕੇ ਵਪਾਰ ਕਰਨਾ ਆਰੰਭ ਕੀਤਾ। ਉਹ ਉਨ੍ਹਾਂ ਦੇ ਕਾਫ਼ਲੇ, ਸੌਦੇ ਦੇ ਲੱਦੇ ਹੋਏ, ਦੂਜੇ ਦੇਸ਼ਾਂ—ਫ਼ਲਸਤੀਨ, ਸ਼ਾਮ, ਆਦਿ ਨੂੰ ਲੈ ਜਾਂਦਾ ਸੀ। ਥੋੜ੍ਹੇ ਚਿਰ ਪਿੱਛੋਂ ਉਸ ਨੇ ਇਸੇ ਇਸਤਰੀ, ਖ਼ਦੀਜਾ, ਨਾਲ ਵਿਆਹ ਕਰ ਲਿਆ। ਇਸ ਨਾਲ ਉਸ ਦੀ, ਉਪਜੀਵਕਾ[2] ਕਮਾਣ ਦੀ ਚਿੰਤਾ, ਬਹੁਤ ਕੁੱਝ ਘੱਟ ਗਈ ਤੇ ਉਹ ਜਨਤਾ ਦੇ ਭਲੇ ਬਾਰੇ ਸੋਚਣ ਜੋਗਾ ਹੋ ਗਿਆ।

ਕਈ ਲੋਕ ਸੋਚਿਆ ਕਰਦੇ ਹਨ ਕਿ ਜਦੋਂ ਕੋਈ ਆਦਮੀ ਸਿਆਣੀ ਉਮਰ ਵਿਚ ਲੋਕ-ਭਲਾਈ ਦੇ ਕੰਮ ਦੇ ਮੈਦਾਨ ਵਿਚ ਕੁੱਦ ਪੈਂਦਾ ਹੈ ਤਾਂ ਇਹ ਕੋਈ ਇਕਦਮੀ ਗੱਲ ਹੁੰਦੀ ਹੈ। ਪਰ ਅਸਲ ਵਿਚ ਬਹੁਤ ਵਾਰੀ ਅਜਿਹਾ ਆਦਮੀ ਬਹੁਤ ਚਿਰ ਆਪਣੇ ਜੀਵਨ ਵਿਚ ਇਸ ਗੱਲ ਬਾਰੇ ਸੋਚਦਾ ਰਹਿਆ ਹੁੰਦਾ ਹੈ ਅਤੇ ਮੌਕੇ ਦੀ ਭਾਲ ਵਿੱਚ ਹੀ ਹੁੰਦਾ ਹੈ। ਫਿਰ ਜਦੋਂ ਉਸ ਨੂੰ ਮੌਕਾ ਮਿਲ ਜਾਂਦਾ ਹੈ ਤਾਂ ਉਹ ਹੋਰ ਝਮੇਲੇ ਛੱਡ ਕੇ ਜਾਂ ਉਹਨਾਂ ਵਿਚੋਂ ਕੁੱਝ ਥੋੜ੍ਹਾ ਬਹੁਤਾ ਸਮਾਂ ਕੱਢ ਕੇ ਇਸ ਲੋਕ-ਭਲਾਈ ਦੇ ਕੰਮ ਨੂੰ ਆ ਹੱਥ ਪਾਂਦਾ ਹੈ। ਮੁਹੰਮਦ ਇਸ ਭਾਂਤ ਦਾ ਆਦਮੀ ਸੀ। ਆਪਣੇ ਲੋਕ-ਭਲਾਈ ਦੇ ਮਿਸ਼ਨ ਨੂੰ ਹੱਥ ਵਿਚ ਲੈਣ ਤੋਂ ਪਹਿਲਾਂ ਵੀ ਉਹ ਇਹਨਾਂ ਮਾਮਲਿਆਂ ਬਾਰੇ ਸੋਚਣ ਦਾ ਆਦੀ ਸੀ। ਇਸੇ ਕਰ ਕੇ ਉਸ ਨੂੰ ਬਹੁਤ ਲੋਕ 'ਚਿੰਤਾਤੁਰ'[3] ਕਹਿਆ ਕਰਦੇ ਸਨ।

ਮੁਹੰਮਦ ਨੇ ਲੋਕ-ਭਲਾਈ ਦਾ ਕਿਹੜਾ ਬੀੜਾ ਚੁੱਕਿਆ ਅਤੇ ਕਿਨ੍ਹਾਂ ਹਾਲਤਾਂ ਵਿਚ? ਤੇ ਸਭ ਤੋਂ ਪਹਿਲੀ ਗੱਲ, ਉਹ ਲੋਕ ਕੌਣ ਸਨ, ਜਿਨ੍ਹਾਂ ਦੀ ਭਲਾਈ ਦਾ ਬੀੜਾ ਉਸ ਨੇ ਚੁੱਕਿਆ? ਉਹਨਾਂ ਲੋਕਾਂ ਦੇ ਰਹਿਣ ਸਹਿਣ ਦੇ ਤਰੀਕੇ ਕੀ ਸਨ? ਉਹਨਾਂ ਦੀਆਂ ਔਕੜਾਂ ਤੇ ਮਸਲੇ ਕੀ ਸਨ ਤੇ ਮੁਹੰਮਦ ਪਾਸ ਉਹਨਾਂ ਔਕੜਾਂ ਤੇ ਮਸਲਿਆਂ ਦਾ ਕੀ ਇਲਾਜ ਸੀ? ਇਹਨਾਂ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਅਸਾਨੂੰ ਉਸ ਸਮੇਂ ਦੇ ਅਰਬ ਲੋਕਾਂ ਦੇ ਸਮਾਚਾਰ ਦਾ ਇੱਕ ਚਿੱਠਾ ਬਣਾਣਾ ਚਾਹੀਦਾ[4] ਹੈ!

Digitized by Panjab Digital Library | www.panjabdigilib.org

ਅਰਬ ਦਾ ਥਲ ਦੇਸ਼ ਜਿੱਥੇ ਮੁਹੰਮਦ ਨੇ ਜਨਮ ਲਿਆ ਤੇ ਜਿੱਥੋਂ ਦੇ ਲੋਕਾਂ ਦੀ ਸੇਵਾ ਦਾ ਕੰਮ ਉਸ ਨੇ ਸਭ ਤੋਂ ਪਹਿਲਾਂ ਆਪਣੇ ਜ਼ਿੰਮੇ ਲਿਆ, ਉਸ ਸਮੇਂ ਕਈ ਛੋਟੀਆਂ ਛੋਟੀਆਂ ਸਰਦਾਰੀਆਂ ਤੇ ਰਿਆਸਤਾਂ ਵਿਚ ਵੰਡਿਆ ਹੋਇਆ ਸੀ । ਅਰਬ ਲੋਕ ਵਧੇਰੇ ਕਰ ਕੇ ਟੱਪਰੀਵਾਸ ਗੁੱਜਰ ਸਨ ਤੇ ਘੋੜੇ ਤੇ ਊਠ ਪਾਲ ਕੇ ਗੁਜ਼ਾਰਾ ਕਰਦੇ ਸਨ; ਇਕ ਤਕੜਾ ਭਾਗ ਕਿਰਸਾਣਾਂ ਦਾ ਵੀ ਸੀ ਜੋ ਉਸ ਥਲ ਦੇਸ਼ ਵਿਚਲੇ ਹਰਿਆਵਲ ਦੇ ਥਾਵਾਂ ਉੱਤੇ ਖੇਤੀ ਕਰਦੇ ਸਨ; ਤੇ ਕੁੱਝ ਉਹਨਾਂ ਵਿਚ ਕਾਰੀਗਰ ਤੇ ਛੋਟੇ ਵਪਾਰੀ ਵੀ ਸਨ । ਪਰ ਉਹ ਸਾਰੇ ਲੋਕ ਬਹੁਤ ਸਭਿਅਤਾ-ਹੀਣ, ਘੋਰ ਗ਼ਰੀਬੀ ਦਾ ਜੀਵਨ ਰਹਿ ਰਹੇ ਸਨ ਅਤੇ ਉਨ੍ਹਾਂ ਦੇ ਮਨਾਂ ਉੱਤੇ ਭਰਮਾਂ ਤੇ ਝੂਠੇ ਵਿਸ਼ਵਾਸਾਂ ਦਾ ਬਹੁਤ ਛੱਪਾ[4] ਸੀ । ਜਿਵੇਂ ਦਿੱਸਦੇ ਸੰਸਾਰ ਵਿਚ, ਉਹ ਛੋਟੇ ਮੋਟੇ ਸਰਦਾਰਾਂ ਤੇ ਅਮੀਰਾਂ ਦੇ ਅਧੀਨ, ਉਹਨਾਂ ਨੂੰ ਕਈ ਕਿਸਮ ਦੇ ਕਰ[5] ਤੇ ਨਜ਼ਰਾਨੇ[6] ਦੇਣ ਦੇ ਆਦੀ ਸਨ, ਇਸੇ ਤਰ੍ਹਾਂ ਆਤਮਾ ਦੇ ਸੰਸਾਰ ਵਿਚ ਉਹ ਦੇਵੀ ਦੇਵਤਿਆਂ, ਜਿੰਨਾਂ ਭੂਤਾਂ ਦੀ ਪੂਜਾ ਕਰਦੇ ਸਨ । ਉਹ ਬੁੱਤਾਂ ਨੂੰ ਵੀ ਪੂਜਦੇ ਸਨ । ਉਹਨਾਂ ਦੇ ਸੰਸਾਰਕ ਸਰਦਾਰ ਤੇ ਅਮੀਰ ਸਦਾ ਆਪਸ ਵਿਚ ਲੜਾਈ ਝਗੜੇ ਵਿਚ ਰੁੱਝੇ ਰਹਿੰਦੇ ਸਨ ਜਿਸ ਕਾਰਣ ਗ਼ਰੀਬ ਪਰਜਾ ਹੋਰ ਵੀ ਦੁੱਖਾਂ ਤੇ ਔਕੜਾਂ ਵਿਚ ਫਸੀ ਰਹਿੰਦੀ ਸੀ । ਇਸ ਤਰ੍ਹਾਂ ਗ਼ਰੀਬੀ ਦੇ ਦੁੱਖਾਂ ਦੇ ਦੱਬੇ ਹੋਏ ਲੋਕ ਝੂਠੇ ਵਿਸ਼ਵਾਸ਼ਾਂ ਰਾਹੀਂ ਦੇਵੀ ਦੇਵਤਿਆਂ, ਜਿੰਨਾਂ ਭੂਤਾਂ ਤੇ ਬੁੱਤਾਂ ਦੀ ਪੂਜਾ ਕਰ ਕੇ ਹੀ ਮਨ ਦੀ ਸ਼ਾਂਤੀ ਲੋੜਦੇ ਸਨ । ਉਹ ਸਮਝਦੇ ਸਨ ਕਿ ਸ਼ਾਇਦ ਕਿਸੇ ਉੱਪਰਲੀ ਦੁਨੀਆਂ ਦੇ ਇਹ ਅਧਿਕਾਰੀ ਉਹਨਾਂ ਨੂੰ ਉਹਨਾਂ ਪਦਾਰਥਾਂ ਤੇ ਸੁੱਖਾਂ ਬਦਲੇ ਜੋ ਉਹਨਾਂ ਪਾਸੋਂ ਇਸ ਸੰਸਾਰ ਦੇ ਅਧਿਕਾਰੀ ਖੋਹ ਲੈਂਦੇ ਸਨ, ਕੋਈ ਸੁਖ ਤੇ ਅਨੰਦ ਅਗਲੇ ਸੰਸਾਰ ਵਿਚ ਹੀ ਦੇ ਦੇਣ ।

ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ, ਆਪਣੀ ਸੌਦਾਗਰੀ ਦੇ

Digitized by Panjab Digital Library | www.panjabdigilib.org

ਸਮੇਂ ਮੁਹੰਮਦ ਨੂੰ ਬਹੁਤ ਵਾਰੀ ਸ਼ਾਮ ਤੇ ਫ਼ਲਸਤੀਨ ਦੇਸ਼ਾਂ ਵਿਚ ਜਾਣਾ ਪੈਂਦਾ ਸੀ, ਜਿੱਥੇ ਇਹਨਾਂ ਸਮਿਆਂ ਵਿਚ ਯਹੂਦੀ ਮੱਤ ਤੇ ਈਸਾਈ ਮੱਤ ਦਾ ਟਾਕਰਾ ਤੇ ਨਵੇਂ ਵਿਚਾਰਾਂ ਦਾ ਵਟਾਂਦਰਾ ਹੋ ਰਹਿਆ ਸੀ। ਉਂਜ ਵੀ ਅਰਬ ਦੇ ਲੋਕ ਯਹੂਦੀ ਪੈਗ਼ੰਬਰਾਂ ਦੀ ਥੋੜੀ ਬਹੁਤ ਉਪਾਸ਼ਨਾ[7] ਪਹਿਲਾਂ ਹੀ ਕਰਦੇ ਸਨ। ਇਹਨਾਂ ਸਾਰੀਆਂ ਗੱਲਾਂ ਦਾ ਪਰਭਾਵ ਮੁਹੰਮਦ ਦੇ ਵਿਚਾਰਾਂ ਉੱਤੇ ਹੋਣਾ ਸੁਭਾਵਕ ਤੇ ਜ਼ਰੂਰੀ ਸੀ।

ਆਪਣੇ ਲੋਕਾਂ ਵਿਚ ਜੋ ਸਭ ਤੋਂ ਘਿਰਣਾ-ਯੋਗ ਬੁਰਿਆਈ ਮੁਹੰਮਦ ਨੂੰ ਜਾਪੀ, ਉਹ ਦੇਵੀ ਦੇਵਤਿਆਂ, ਜਿੰਨਾਂ ਭੂਤਾਂ ਤੇ ਬੁੱਤਾਂ ਦੀ ਪੂਜਾ ਸੀ। ਇਸ ਭਰਮਾਂ ਦੀ ਖਿਚੜੀ ਦੇ ਮੁਕਾਬਲੇ ਵਿਚ ਇਕ ਇਕੱਲੇ, ਸਰਬ-ਸ਼ਕਤੀਮਾਨ, ਸਰਵੱਤਰੀ[8] ਪਰਮੇਸ਼ਰ ਦਾ ਸੰਕਲਪ[9] ਮੁਹੰਮਦ ਨੂੰ ਇੱਕ ਬਹੁਤ ਯੋਗ ਆਦਰਸ਼ ਪਰਤੀਤ ਹੋਇਆ। ਇਸ ਸਾਦਾ ਤੇ ਸੁੰਦਰ ਆਦਰਸ਼ ਨੇ ਮੁਹੰਮਦ ਦੀ ਕਲਪਣਾ ਨੂੰ ਇਸ ਤਰ੍ਹਾਂ ਪਕੜ ਲਿਆ ਕਿ ਉਹ ਆਪਣੇ ਆਪ ਨੂੰ ਇਸ ਸਰਬ-ਸ਼ਕਤੀਮਾਨ ਪਰਮੇਸ਼ਰ ਵੱਲੋਂ ਖ਼ਾਸ ਘੱਲਿਆ ਹੋਇਆ ਵਿਅਕਤੀ ਅਨੁਭਵ ਕਰਨ ਲੱਗਾ, ਜਿਸ ਦਾ ਮਿਸ਼ਨ ਆਪਣੇ ਲੋਕਾਂ ਨੂੰ ਝੂਠੇ ਦੇਵੀ ਦੇਵਤਿਆਂ ਤੋਂ ਛੁਡਾ ਕੇ ਇਸ ਸੱਚੇ ਪਰਮੇਸ਼ਰ ਵਲ ਲਗਾਣਾ ਸੀ। ਸੋ ਉਸ ਨੇ ਇਕ ਗੂੰਜ ਭਰਿਆ ਆਵਾਜ਼ਾ ਦਿੱਤਾ, 'ਅੱਲਾ ਤੋਂ ਬਿਨਾਂ ਹੋਰ ਕੋਈ ਨਹੀਂ।' ਇਸ ਆਵਾਜ਼ ਨਾਲ ਉਸ ਦੇ ਸ਼ਰਧਾਲੂਆਂ ਨੇ ਇਹ ਵੀ ਜੋੜ ਦਿੱਤਾ, 'ਤੇ ਮੁਹੰਮਦ ਉਸ ਦਾ ਰਸੂਲ ਹੈ।' ਰਸੂਲ ਦੇ ਅਰਥ ਹਨ, ਭੇਜਿਆ ਹੋਇਆ।

ਜਦੋਂ ਅਰਬ ਦੇਸ਼ ਦੇ ਸਰਦਾਰਾਂ ਤੱਕ ਇਸ ਨਵੇਂ ਮੱਤ ਤੇ ਨਵੇਂ ਆਵਾਜ਼ਿਆਂ ਦੀ ਗੂੰਜ ਪਹੁੰਚੀ ਤਾਂ ਉਨ੍ਹਾਂ ਵਿਚ ਜਾਣੋ ਤਰਥੱਲੀ ਮੱਚ ਗਈ। ਜੇ ਮੁਹੰਮਦ ਦੇ ਅਸਰ ਹੇਠ ਆ ਕੇ ਲੋਕ ਆਪਣੇ ਪੁਰਾਣੇ ਵਿਸ਼ਵਾਸਾਂ ਨੂੰ ਛੱਡ ਬੈਠੇ, ਉਨ੍ਹਾਂ ਸਰਦਾਰਾਂ ਨੇ ਅਨੁਭਵ ਕੀਤਾ, ਤਾਂ ਉਨ੍ਹਾਂ ਦਾ ਕੋਈ ਠਿਕਾਣਾ ਨਹੀਂ ਰਹੇਗਾ।

Digitized by Panjab Digital Library | www.panjabdigilib.org

ਅਸਲ ਵਿੱਚ ਇਹ ਸਰਦਾਰ ਉਨ੍ਹਾਂ ਬੁੱਤਾਂ ਦੇ, ਜਿਨ੍ਹਾਂ ਨੂੰ ਲੋਕ ਪੂਜਦੇ ਸਨ, ਰਖਵਾਲੇ ਸਨ, ਅਤੇ ਲੋਕਾਂ ਦੀ ਬੁੱਤ-ਪੂਜਾ ਤੋਂ ਉਨ੍ਹਾਂ ਨੂੰ ਆਰਥਿਕ ਤੇ ਰਾਜਸੀ ਲਾਭ ਪ੍ਰਾਪਤ ਹੁੰਦੇ ਸਨ। ਉਹ ਠੀਕ ਸਮਝਦੇ ਸਨ ਕਿ ਜੇ ਲੋਕ ਬੁੱਤ ਪੂਜਣ ਤੋਂ ਹਟ ਗਏ ਤਾਂ ਉਨ੍ਹਾਂ, ਬੁੱਤਾਂ ਦੇ ਰਖਵਾਲਿਆਂ, ਦੀ ਵੀ ਕਦਰ ਕੀਮਤ ਨਹੀਂ ਰਹੇਗੀ। ਨਾਲੇ ਜਿਹੜੇ ਲੋਕ ਦੇਵੀ ਦੇਵਤਿਆਂ ਨੂੰ ਛੱਡ ਕੇ ਇੱਕ ਪਰਮੇਸ਼ਰ ਨੂੰ ਮੰਨਣ ਲੱਗ ਜਾਣਗੇ, ਉਹ ਛੇਤੀ ਹੀ ਛੋਟੇ ਛੋਟੇ ਸਰਦਾਰਾਂ ਦੀ ਥਾਉਂ ਇਕ ਬਲਵਾਨ ਰਾਜਾ ਦੇ ਅਧੀਨ ਵੀ ਇਕੱਠੇ ਹੋਣਾ ਚਾਹੁਣਗੇ। ਅਸਾਡਾ ਇਹ ਮਤਲਬ ਨਹੀਂ ਕਿ ਉਨ੍ਹਾਂ ਸਰਦਾਰਾਂ ਨੇ ਇਹ ਸਭ ਗੱਲਾਂ ਇਸ ਤਰ੍ਹਾਂ ਗਿਣੀਆਂ ਮਿੱਥੀਆਂ ਹੋਣਗੀਆਂ। ਪਰ ਉਨ੍ਹਾਂ ਨੇ ਇਹ ਸਭ ਕੁੱਝ ਅਨੁਭਵ ਜ਼ਰੂਰ ਕੀਤਾ ਹੋਵੇਗਾ। ਨਹੀਂ ਤਾਂ ਉਹ ਇਨ੍ਹਾਂ ਗੱਲਾਂ ਪਿੱਛੇ ਮੁਹੰਮਦ ਦੇ ਜਾਨੀ ਦੁਸ਼ਮਨ ਕਿਉਂ ਬਣ ਜਾਂਦੇ ?

ਮੁਹੰਮਦ ਵੀ ਅੱਗੋਂ ਵਹਿਮਾਂ ਤੇ ਭਰਮਾਂ ਦੇ ਇਨ੍ਹਾਂ ਸੰਸਾਰਕ ਪਾਲਕਾਂ ਨਾਲ ਲੜਨ ਨੂੰ ਤਿਆਰ ਸੀ। ਬਹੁਤ ਸਾਰੇ ਅਰਬ ਲੋਕ ਇਹਨਾਂ ਲੁਟੇਰੇ ਸਰਦਾਰਾਂ ਦੇ ਵਿਰੁੱਧ ਲੜਨ ਲਈ ਮੁਹੰਮਦ ਦੇ ਝੰਡੇ ਹੇਠ ਇਕੱਠੇ ਹੋ ਗਏ। ਛੇਤੀ ਹੀ ਮੁਹੰਮਦ ਮੱਕੇ ਦਾ ਸਰਦਾਰ ਬਣ ਗਿਆ। ਪਰ ਇਹ ਸਭ ਕੁਝ ਆਸਾਨੀ ਨਾਲ ਨਹੀਂ ਸੀ ਹੋ ਰਹਿਆ। ਥੋੜ੍ਹੀ ਦੇਰ ਬਾਅਦ ਹੀ ਸਮਾਚਾਰ ਵਿਗੜ ਗਏ। ਸਾਰੇ ਸਰਦਾਰ ਮੁਹੰਮਦ ਦੇ ਵਿਰੁੱਧ ਇਕਠੇ ਹੋ ਗਏ। ਉਹਨਾਂ ਨੇ ਆਪ ਦੇ ਕੁੱਝ ਹਮਾਇਤੀਆਂ ਨੂੰ ਵੀ ਆਪਣੇ ਨਾਲ ਗੰਢ ਲਿਆ। ਇਸ ਗੱਲ ਦਾ ਮੁਹੰਮਦ ਤੇ ਉਸ ਦੇ ਵਫ਼ਾਦਾਰ ਹਮਾਇਤੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਵਿਸਾਹਘਾਤ[10] ਤੋਂ ਬਚਣ ਲਈ ਮੱਕਾ ਛੱਡ ਕੇ ਕੁੱਝ ਚਿਰ ਲਈ ਮਦੀਨੇ ਜਾਣ ਦਾ ਫ਼ੈਸਲਾ ਕੀਤਾ। ਮਦੀਨਾ ਮੱਕੇ ਤੋਂ ਕੁੱਝ ਦੂਰ ਦੱਖਣ ਵੱਲ ਹੈ। ਇੱਥੇ ਮੁਹੰਮਦ ਨੂੰ ਵਧੇਰੇ ਹਮਾਇਤ ਹਾਸਿਲ ਸੀ।

Digitized by Panjab Digital Library | www.panjabdigilib.org

ਮਦੀਨੇ ਤੋਂ ਮੁਹੰਮਦ ਦੇ ਮੱਤ ਦਾ ਪਰਚਾਰ ਸਗੋਂ ਵਧੇਰੇ ਹੋਣ ਲੱਗਾ। ਉਸ ਦੀ ਰਾਜਸੀ ਤੇ ਫ਼ੌਜੀ ਤਾਕਤ ਵੀ ਵਧਣ ਲੱਗੀ। ਥੋੜ੍ਹੇ ਸਾਲਾਂ ਵਿਚ ਹੀ ਉਸ ਨੇ ਦੇਸ਼ ਦਾ ਚੋਖਾ ਹਿੱਸਾ ਆਪਣੇ ਅਧਿਕਾਰ ਵਿਚ ਕਰ ਲਿਆ ਤੇ ਮੱਕਾ ਵੀ ਵਾਪਸ ਲੈ ਲਿਆ। ਆਪਣੇ ਜੀਵਨ ਵਿਚ ਹੀ ਮੁਹੰਮਦ ਨੇ ਆਪਣੇ ਅਨੁਸਾਰੀਆਂ[11] ਨੂੰ ਰਾਜਸੀ ਤੇ ਧਾਰਮਿਕ ਦੋਹਾਂ ਖੇਤਰਾਂ ਵਿਚ ਲੋਕਾਂ ਦੀ ਭਲਾਈ ਤੇ ਸੁਤੰਤਰਤਾ ਦੇ ਪੱਖ ਦੀ ਇਕ ਤਕੜੀ ਸੰਗਠਿਤ[12] ਸ਼ਕਤੀ ਬਣਾ ਦਿੱਤਾ।

ਮੁਹੰਮਦ ਦੀ ਸਾਹਿਤਕ ਪ੍ਰਤਿਭਾ[13] ਵੀ ਇਕ ਅਚੰਭੇ ਵਾਲੀ ਗੱਲ ਹੈ। ਉਸ ਦੀ ਸਿਖਿਆ ਕੁਰਾਨ ਸ਼ਰੀਫ਼ ਵਿੱਚ, ਜੋ ਮੁਸਲਮਾਨਾਂ ਦੀ ਧਾਰਮਿਕ ਪੁਸਤਕ ਹੈ, ਦਰਜ ਹੈ। ਮੁਹੰਮਦ ਨੇ ਆਪਣੇ ਮੱਤ ਨੂੰ ਇਸਲਾਮ ਦਾ ਨਾਮ ਦਿਤਾ। ਇਸਲਾਮ ਦੇ ਅਰਥ ਹਨ, ਮੰਨਣਾ, ਇੱਕ ਪਰਮੇਸ਼ਰ (ਅੱਲਾ) ਤੇ ਉਸ ਦੇ ਰਸੂਲ, ਮੁਹੰਮਦ ਨੂੰ ਮੰਨਣਾ। ਇਸਲਾਮ ਦੇ ਮੰਨਣ ਵਾਲਿਆਂ ਨੂੰ ਮੁਸਲਿਮ ਆਖਦੇ ਹਨ।

ਜਿਸ ਤਰ੍ਹਾਂ ਅਸਾਂ ਉੱਪਰ ਕਹਿਆ ਹੈ, ਮੁਹੰਮਦ ਦੀ ਸਿੱਖਿਆ ਤੇ ਇਸਲਾਮ ਦਾ ਮੁੱਖ ਸਿੱਧਾਂਤ ਪਰਮੇਸ਼ਰ ਦੀ ਏਕਤਾ ਹੈ। ਪਰਮੇਸ਼ਰ ਦੀ ਏਕਤਾ ਦਾ ਇਹ ਸਿੱਧਾਂਤ ਉਨ੍ਹਾਂ ਸਮਿਆਂ ਲਈ ਠੀਕ ਹੀ ਇਕ ਬਲਵਾਨ ਸਿੱਧਾਂਤ ਸੀ, ਜਿਸ ਨੇ ਮਨੁੱਖਤਾ ਦਾ ਬਹੁਤ ਭਰਮਾਂ ਤੇ ਝੂਠੇ ਵਿਸ਼ਵਾਸਾਂ ਤੋਂ ਛੁਟਕਾਰਾ ਕਰਵਾਇਆ। ਮੁਹੰਮਦ ਸਾਹਿਬ ਇਸ ਸਿੱਧਾਂਤ ਉੱਤੇ ਇਤਨਾ ਜ਼ੋਰ ਦਿੰਦੇ ਸਨ, ਕਿ ਇਸ ਦੀ ਰਤਾ ਵੀ ਉਲੰਘਣਾ ਜਾਂ ਕਮਜ਼ੋਰੀ ਨੂੰ ਉਹ ਬਰਦਾਸ਼ਤ ਨਹੀਂ ਸਨ ਕਰਦੇ। ਇਸ ਕਾਰਣ ਬੁੱਤ-ਪੂਜਾ ਜਾਂ ਦੇਵੀ ਦੇਵਤਿਆਂ ਦੀ ਪੂਜਾ, ਅਸਲ ਵਿਚ ਇੱਕ ਅੱਲਾ (ਪਰਮੇਸ਼ਰ) ਤੋਂ ਬਿਨਾਂ ਹੋਰ ਪੂਜਾ, ਨੂੰ ਮੁਸਲਮਾਨ ਅਸੱਭਿਅਤਾ, ਨਾਸਤਕਤਾ, ਕੁਫ਼ਰ, ਗੁਨਾਹ ਤੱਕ ਸਮਝਦੇ ਸਨ। ਜਿਸ ਪਕਿਆਈ ਨਾਲ ਇੱਕ ਮੁਸਲਮਾਨ ਬੁੱਤਾਂ ਤੇ ਦੇਵੀ ਦੇਵਤਿਆਂ

Digitized by Panjab Digital Library | www.panjabdigilib.org

ਦੀ ਪੂਜਾ ਨੂੰ ਘਿਰਣਾ ਕਰਦਾ ਹੈ, ਉਹ ਸੱਚ ਹੀ ਇੱਕ ਹੈਰਾਨ ਕਰ ਦੇਣ ਵਾਲੀ ਗੱਲ ਹੈ ।

ਦੂਜੀ ਗੱਲ ਜਿਸ ਉੱਤੇ ਮੁਹੰਮਦ ਸਾਹਿਬ ਨੇ ਖ਼ਾਸ ਜ਼ੋਰ ਦਿੱਤਾ, ਉਹ ਹੈ ਸਭ ਮਨੁੱਖਾਂ ਦੀ ਬਰਾਬਰੀ । ਉਨ੍ਹਾਂ ਦਿਨਾਂ ਵਿਚ ਮਨੁੱਖਾਂ ਦੀ ਬਰਾਬਰੀ ਦੇ ਇਸ ਸਿੱਧਾਂਤ ਉੱਤੇ ਜ਼ੋਰ ਦੇਣਾ ਠੀਕ ਹੀ ਬਹੁਤ ਜ਼ਰੂਰੀ ਤੇ ਉੱਚਿਤ ਸੀ । ਭਾਰਤ ਵਿੱਚ ਓਦੋਂ ਵਰਣ ਆਸ਼ਰਮ ਅਨੁਸਾਰ ਜਾਤੀਆਂ ਦੀ ਵੰਡ ਦਾ ਮੱਤ ਪਰਧਾਨ ਸੀ, ਜਿਸ ਅਨੁਸਾਰ ਜਨਤਾ ਦਾ ਵਡਾ ਭਾਗ ਅਛੂਤ, ਸ਼ੂਦਰ ਤੇ ਵੈਸ਼, ਉੱਚੀਆਂ ਜਾਤੀਆਂ ਦੇ ਦਾਸ ਤ ਬਿਨਾਂ ਦਾਮ ਨੌਕਰ ਸਨ । ਯੂਰਪ ਤੇ ਮੱਧ-ਏਸ਼ੀਆ ਵਿੱਚ ਜਿੱਥੇ ਜਿੱਥੇ ਯੂਨਾਨੀਆਂ ਤੇ ਰੋਮਨਾਂ ਦਾ ਸਾਮਰਾਜ ਕਾਇਮ ਹੋ ਚੁੱਕਾ ਸੀ, ਉੱਚੀਆਂ ਸ਼ਰੇਣੀਆਂ ਦੇ ਲੋਕ ਗ਼ੁਲਾਮਾਂ ਦੇ ਕੰਮ ਉੱਤੇ ਐਸ਼ ਕਰ ਰਹੇ ਸਨ । ਇਹ ਗ਼ੁਲਾਮ ਬਹੁਤ ਕਰਕੇ, ਅਫ਼ਰੀਕਾ ਵਿੱਚੋਂ ਪਕੜ ਕੇ ਲਿਆਂਦੇ ਜੰਗਲੀ ਲੋਕ ਹੁੰਦੇ ਸਨ ਜਾਂ ਏਸ਼ੀਆ ਤੇ ਯੂਰਪ ਦੇ ਯੁੱਧ ਵਿਚ ਪਕੜੇ ਜਾਂ ਹੋਰ ਤਰ੍ਹਾਂ ਪਰਾਪਤ ਕੀਤੇ ਗ਼ਰੀਬ ਲੋਕ । ਇਹ ਗ਼ੁਲਾਮੀ ਦਾ ਰਿਵਾਜ ਉਸ ਸਮੇਂ ਦੇ ਰੋਮਨ ਸਾਮਰਾਜ ਵਿਚ ਇਤਨਾ ਪਰਚੱਲਤ ਸੀ ਕਿ ਈਸਾਈ ਪਾਦਰੀਆਂ, ਪੋਪ ਤੱਕ, ਨੇ ਇਸ ਨੂੰ ਈਸਾਈ ਧਰਮ ਦ ਅਨੁਕੂਲ ਕਰਾਰ ਦਿੱਤਾ ਹੋਇਆ ਸੀ ।

ਮੁਹਮਦ ਸਾਹਿਬ ਨੂੰ ਅਜਿਹੇ ਅਨਿਆਈ ਰਿਵਾਜ ਵਿਰੁੱਧ ਘਿਰਣਾ ਹੋਣੀ ਸੁਭਾਵਕ ਹੀ ਸੀ । ਇਸ ਲਈ ਉਨ੍ਹਾਂ ਨੇ ਕੁੱਲ ਮਨੁੱਖਾਂ ਦੀ ਪ੍ਰਸਪਰ ਸਮਤਾ ਉੱਤੇ ਬਹੁਤ ਜ਼ੋਰ ਦਿੱਤਾ । ਬੇਸ਼ੱਕ ਇਸ ਸਮਤਾ ਦੇ ਸਿੱਧਾਂਤ ਦੇ ਅਧੀਨ ਵੀ ਏਸ਼ੀਆ, ਅਫ਼ਰੀਕਾ ਤੇ ਯੂਰਪ ਦੇ ਉਨ੍ਹਾਂ ਦੇਸ਼ਾਂ ਵਿੱਚੋਂ ਜਿਨ੍ਹਾਂ ਨੇ ਪਿੱਛੋਂ ਜਾ ਕੇ ਇਸਲਾਮ ਕਬੂਲ ਕੀਤਾ ਜਾਂ ਉਂਜ ਮੁਸਲਿਮ ਸਾਮਰਾਜ ਦਾ ਭਾਗ ਬਣੇ, ਗ਼ੁਲਾਮੀ ਦਾ ਰਿਵਾਜ ਦੂਰ ਨਾ ਹੋਇਆ ਤੇ ਮੁਸਲਮਾਨ ਬਾਦਸ਼ਾਹ ਤੇ ਅਮੀਰ ਆਪ ਆਪਣੇ ਘਰਾਂ ਵਿੱਚ ਤੇ ਖੇਤਾਂ ਵਿਚ ਗ਼ੁਲਾਮਾਂ ਤੋਂ

Digitized by Panjab Digital Library / www.panjabdigilib.org

ਕੰਮ ਲੈਂਦੇ ਰਹੇ; ਪਰ ਤਾਂ ਵੀ ਮੁਸਲਮਾਨ ਦੇਸ਼ਾਂ ਵਿਚ ਗ਼ੁਲਾਮੀ ਦੇ ਬੰਧਨ ਘੱਟ ਕਰੜੇ ਜ਼ਰੂਰ ਹ ਗਏ। ਮੁਸਲਮਾਨ ਦੇਸ਼ਾਂ ਵਿੱਚ ਗ਼ੁਲਾਮ ਵਧੇਰੇ ਕਰ ਕੇ ਘਰ ਦੇ ਕੰਮ ਕਾਜ ਲਈ ਹੀ ਰੱਖੇ ਜਾਂਦੇ ਸਨ ਅਤੇ ਉੱਥੇ ਕੁੱਝ ਘਰੇਗੀ ਸੰਬੰਧਾਂ ਦੇ ਕਾਰਣ ਤੇ ਕੁੱਝ ਇਸਲਾਮ ਦੇ ਸਮਤਾ ਦੇ ਸਿੱਧਾਂਤ ਦੇ ਪਰਭਾਵ ਨਾਲ, ਇਨ੍ਹਾਂ ਗ਼ੁਲਾਮਾਂ ਨਾਲ ਕੁੱਝ ਚੰਗਾ ਵਰਤਾਰਾ ਹੋਣਾ ਸਾਧਾਰਣ ਗੱਲ ਸੀ। ਬਹੁਤ ਹਾਲਤਾਂ ਵਿਚ ਤਾਂ ਇਹ ਗ਼ੁਲਾਮ ਆਪਣੇ ਮਾਲਕ ਅਮੀਰ ਜਾਂ ਬਾਦਸ਼ਾਹ ਦੇ ਨਿਕਟਵਰਤੀ[14] ਸਲਾਹਕਾਰ ਵਜ਼ੀਰ, ਫ਼ੌਜੀ ਜਰਨੈਲ ਤੱਕ ਬਣ ਜਾਂਦੇ ਸਨ। ਕਈ ਵਾਰੀ ਉਹ ਆਪਣੇ ਮਾਲਕਾਂ ਦੀ ਸੰਤਾਨ ਨਾਲ ਵਿਆਹ ਰਾਹੀਂ ਵੀ ਸੰਬੰਧਿਤ ਹੋ ਜਾਂਦੇ ਸਨ, ਤੇ ਉਨ੍ਹਾਂ ਦੇ ਰਾਜ ਭਾਗ ਦੇ ਵਾਰਿਸ ਹੋ ਜਾਂਦੇ ਸਨ। ਭਾਰਤ ਦੇ ਇਤਿਹਾਸ ਵਿੱਚ ਇਕ ਰਾਜ ਘਰਾਣਾ ਅਜਿਹਾ ਹੋਇਆ ਹੈ ਜਿਸ ਦੇ ਰਾਜੇ ਜਾਂ ਆਪ ਗ਼ੁਲਾਮ ਰਹਿ ਚੁੱਕੇ ਸਨ ਜਾਂ ਗ਼ੁਲਾਮਾਂ ਦੀ ਸੰਤਾਨ ਸਨ। ਅਸੀਂ ਅੱਜ ਉਸ ਰਾਜ ਘਰਾਣੇ ਨੂੰ 'ਗ਼ੁਲਾਮ ਰਾਜਬੰਸ' ਆਖਦੇ ਹਾਂ। ਕੁਤਬ ਦੀਨ ਐਬਕ ਇਸ ਰਾਜ ਘਰਾਣੇ ਦਾ ਮੋਢੀ ਸੀ ਤੇ ਬਲਬਨ ਤੇ ਇਲਤਮਸ਼ ਇਸ ਦੇ ਦੋ ਹੋਰ ਪ੍ਰਸਿੱਧ ਸੁਲਤਾਨ ਸਨ।

ਪਰ ਇਹ ਸਮਤਾ ਕੇਵਲ ਨਾਮ ਮਾਤਰ ਹੀ ਸਮਾਜਕ ਸਮਤਾ ਸੀ। ਇਹ ਆਰਥਿਕ ਖੇਤਰ ਤੱਕ ਨਹੀਂ ਸੀ ਪਹੁੰਚਦੀ ਤੇ ਇਸ ਲਈ ਇਹ ਲੋਕਾਂ ਦੀ ਗ਼ਰੀਬੀ ਤੇ ਉੱਚੀਆਂ ਸ਼੍ਰੇਣੀਆਂ ਦੀ ਲੁੱਟ-ਖਸੁੱਟ ਤੇ ਧੱਕੇਸ਼ਾਹੀ ਨੂੰ ਦੂਰ ਨਾ ਕਰ ਸੱਕੀ।

ਈਸਾਈ ਮੱਤ ਵਾਕਰ ਇਸਲਾਮ ਦਾ ਪਾਸਾਰ[15] ਵੀ ਕੌਮੀਅਤ ਦੀਆਂ ਹੱਦਾਂ ਤੋਂ ਬਾਹਰ ਟੱਪ ਗਿਆ। ਅਸਲ ਵਿੱਚ ਉਸ ਸਮੇਂ ਕੌਮੀਅਤ ਦਾ ਖ਼ਿਆਲ ਹਾਲੀ ਪੈਦਾ ਨਹੀਂ ਸੀ ਹੋਇਆ ਜਾਂ ਬਹੁਤ ਧੁੰਦਲਾ ਜਿਹਾ ਸੀ, ਜਿਸ ਕਾਰਣ ਈਸਾਈ ਮੱਤ ਵਾਕਰ ਇਸਲਾਮ

Digitized by Panjab Digital Library | www.panjabdigilib.org

ਨੇ ਵੀ ਇਤਿਹਾਸ ਵਿੱਚ ਸਾਮਰਾਜਾਂ ਦੀ ਸਥਾਪਨਾ ਵਿੱਚ ਸਹਾਇਤਾ ਕੀਤੀ ਹੈ ।

ਜਦੋਂ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ ਤਾਂ ਉਹ ਆਪਣੀ ਸਾਰੀ ਧਾਰਮਿਕ, ਰਾਜਸੀ ਤੇ ਫ਼ੌਜੀ ਸ਼ਕਤੀ ਜਿਸ ਦੀਆਂ ਸਾਰੀਆਂ ਸੰਭਾਵਨਾਂ ਹਾਲੀ ਸਿੱਧ ਨਹੀਂ ਸਨ ਹੋਈਆਂ, ਖ਼ਲੀਫ਼ਾ ਉਮਰ ਦੀ ਸਰਦਾਰੀ ਹੇਠ ਛੱਡ ਗਏ । ਉਮਰ ਸਾਹਿਬ ਦੀ ਅਗਵਾਈ ਵਿਚ ਕੇਵਲ ਸਾਰੀ ਅਰਬ ਕੌਮ ਹੀ ਇਕ ਪ੍ਰਬੰਧ ਵਿਚ ਸੰਗਠਿਤ ਨਹੀਂ ਹੋਈ, ਉਨ੍ਹਾਂ ਨੇ ਇਕ ਸਾਮਰਾਜ ਵੀ ਸਥਾਪਿਤ ਕੀਤਾ, ਜਿਸ ਵਿਚ ਫ਼ਲਸਤੀਨ, ਸ਼ਾਮ, ਮਿਸਰ ਤੋਂ ਉਪਰੰਤ ਈਰਾਨ ਵੀ ਸ਼ਾਮਿਲ ਸੀ। ਇੱਕ ਹੋਰ ਅਰਬ ਜਰਨੈਲ ਤਾਰਿਕ ਨੇ ਕੋਈ ਸੱਠ ਕੁ ਸਾਲ ਪਿੱਛੋਂ ਅਫ਼ਰੀਕਾ ਵਿਚ ਮਰਾਕੋ ਤੋਂ ਸਾਗਰ ਪਾਰ ਕਰ ਕੇ ਯੂਰਪ ਦੇ ਸਭ ਤੋਂ ਪੱਛਮੀ ਦੇਸ ਸਪੇਨ ਉਤੇ ਰਾਜ ਅਧਿਕਾਰ ਪ੍ਰਾਪਤ ਕੀਤਾ ਜੋ ਸੱਤ ਸੌ ਸਾਲ ਤੱਕ ਕਾਇਮ ਰਹਿਆ । ਇਸਲਾਮ ਦਾ ਉਪਰੋਕਤ ਖ਼ਲੀਫ਼ਾ–ਸਾਮਰਾਜ, ਪਿੱਛੋਂ ਜਾ ਕੇ, ਅਰਬ ਰਾਜਵੰਸਾਂ ਦੇ ਹੱਥਾਂ ਵਿਚੋਂ ਨਿਕਲ ਕੇ ਤੁਰਕ ਰਾਜਬੰਸਾਂ ਕੋਲ ਚਲਾ ਗਿਆ, ਜਿਨ੍ਹਾਂ ਨੇ ਪੂਰਬੀ ਯੂਰਪ ਦੇ ਚੋਖੇ ਭਾਗ, ਬਲਕਾਨ ਦੇਸਾਂ ਨੂੰ, ਜਿਨ੍ਹਾਂ ਵਿਚ ਯੂਨਾਨ, ਬਲਗਾ–ਰੀਆ, ਅਲਬਾਨੀਆ, ਯੂਗੋਸਲਾਵੀਆਂ ਦੇਸ ਗਿਣੇ ਜਾ ਸਕਦੇ ਹਨ, ਜਿੱਤ ਕੇ ਕਈ ਸੌ ਸਾਲ ਆਪਣੇ ਅਧੀਨ ਰੱਖਿਆ । ਪੂਰਬ ਵਿੱਚ ਈਰਾਨ ਨੂੰ ਲੰਘ ਕੇ ਇਕ ਅਰਬ ਜਰਨੈਲ ਕਾਸਿਮ ਨੇ ਭਾਰਤ ਵਿੱਚ ਆ ਕੇ ਸਿੰਧ ਪ੍ਰਦੇਸ ਨੂੰ ਆਪਣੇ ਅਧੀਨ ਕੀਤਾ । ਫਿਰ ਜਦੋਂ ਮੱਧ ਏਸ਼ੀਆ ਦੇ ਮੰਗੋਲ ਰਾਜਬੰਸ ਮੁਸਲਮਾਨ ਹੋ ਗਏ ਤਾਂ ਉਹਨਾਂ ਨੇ ਭਾਰਤ ਉੱਤੇ ਵਿਜੇ ਪ੍ਰਾਪਤ ਕਰ ਕੇ ਇੱਥੇ ਇੱਕ ਵੱਡਾ ਸਾਮਰਾਜ ਕਾਇਮ ਕੀਤਾ ਜੋ ਵੱਖ ਵੱਖ ਰਾਜਬੰਸਾਂ ਦੇ ਅਧੀਨ ਸੱਤ ਸੌ ਸਾਲ ਦੇ ਕਰੀਬ ਕਾਇਮ ਰਹਿਆ ।

ਜਿੱਥੇ ਵੀ ਇਸਲਾਮ ਦੀ ਇਹ ਰਾਜਸੀ ਤਾਕਤ ਗਈ, ਇਸ ਨੇ ਲੋਕਾਂ ਨੂੰ ਇਸਲਾਮ ਮੱਤ ਦੇ ਮੰਡਲ ਵਿਚ ਲਿਆਂਦਾ । ਇਹ

Digitized by Panjab Digital Library | www.panjabdigilib.org

ਧਰਮ ਦੀ ਤਬਦੀਲੀ ਜਿੱਥੇ ਨਵੇਂ ਮੁਸਲਮਾਨ ਹੋਏ ਲੋਕਾਂ ਵਿਚ ਇਸਲਾਮ ਦੇ ਕੁੱਝ ਸੁਤੰਤਰਤਾ ਵਾਲੇ ਖ਼ਿਆਲ ਤੇ ਰਿਵਾਜਾਂ ਦਾ ਪਰਵੇਸ਼ ਕਰਵਾਂਦੀ ਸੀ, ਉੱਥੇ ਇਹ ਉਹਨਾਂ ਨੂੰ ਧਰਮ ਦੇ ਪਰਦੇ ਵਿਚ ਸਾਮਰਾਜ ਦੇ ਅਨੁਸਾਰੀ ਬਣਾਣ ਦਾ ਸਾਧਨ ਵੀ ਸੀ, ਜੋ ਇਕ ਪਰਤਗਾਮੀ[16] ਗੱਲ ਸੀ ।

ਇਸਲਾਮ ਦੇ ਅਸੂਲਾਂ ਹੇਠਾਂ ਇਸਤਰੀ ਜਾਤੀ ਨੂੰ ਵੀ ਕੁੱਝ ਅਜਿਹੇ ਅਧਿਕਾਰ ਮਿਲੇ, ਜੋ ਉਸ ਨੂੰ ਹੋਰ ਕਿਧਰੇ ਪ੍ਰਾਪਤ ਨਹੀਂ ਸਨ । ਇਹਨਾਂ ਅਧਿਕਾਰਾਂ ਵਿਚੋਂ ਵੱਡਾ, ਜਾਇਦਾਦ ਵਿੱਚ ਹਿੱਸੇ ਦਾ ਅਧਿਕਾਰ ਸੀ । ਇਸਲਾਮੀ ਕਾਨੂੰਨ ਅਨੁਸਾਰ ਲੜਕੀ ਨੂੰ ਸਾਰੀ ਜਾਇਦਾਦ ਵਿੱਚ ਆਪਣੇ ਭਰਾ ਨਾਲੋਂ ਅੱਧਾ ਹਿੱਸਾ ਮਿਲਦਾ ਹੈ । ਭਾਵੇਂ ਇਸ ਨਾਲ ਇਸਤਰੀ ਤੇ ਪੁਰਖ ਦੀ ਪੂਰਣ ਬਰਾਬਰੀ ਸਿੱਧ ਨਹੀਂ ਹੁੰਦੀ, ਤਾਂ ਵੀ ਇਹ ਇਹ ਪ੍ਰਗਤੀ[17] ਵਾਲੀ ਗੱਲ ਹੈ ।

ਪਰ ਇੱਕ ਭੈੜਾ ਰਿਵਾਜ ਜਿਹੜਾ ਮੁਸਲਮਾਨ ਦੇਸਾਂ ਵਿਚ ਵਧੇਰੇ ਪਰਚਲਤ ਹੋ ਗਿਆ ਉਹ ਬਹੁ-ਨਾਰੀ ਵਿਆਹ ਦਾ ਸੀ । ਭਾਵੇਂ ਹੋਰ ਜਾਤੀਆਂ, ਹਿੰਦੂਆ ਤੇ ਚੀਨਿਆਂ, ਵਿੱਚ ਬਹੁ-ਨਾਰੀ ਵਿਆਹ ਪੁਰਖ ਲਈ ਵਿਵਰਜਤ[18] ਨਹੀਂ ਅਤੇ ਭਾਵੇਂ ਅਮੀਰ ਲੋਕ ਕਈ ਵਾਰੀ ਇਕ ਤੋਂ ਵੱਧ ਇਸਤਰੀਆਂ ਰੱਖਦੇ ਵੀ ਹਨ, ਪਰ ਇਸ ਨੂੰ ਸਮਾਜ ਜਾਂ ਧਰਮ ਵੱਲੋਂ ਸਪਸ਼ਟ ਭਾਂਤ ਪਰਵਾਨਗੀ ਪ੍ਰਾਪਤ ਨਹੀਂ । ਇਸਲਾਮ ਨੇ ਸ਼ਾਇਦ ਇਸ ਬਾਰੇ ਪੁਰਖ ਦੀ ਵਧੀਕੀ ਨੂੰ ਰੋਕਣ ਲਈ ਉਸ ਉੱਤੇ ਚਹੁੰ ਪਤਨੀਆਂ ਦੀ ਹੱਦ ਲਾ ਦਿੱਤੀ । ਪਰ ਇਸ ਦਾ ਅਸਰ ਉਲਟਾ ਇਹ ਹੋਇਆ ਕਿ ਪੁਰਖ ਦੇ ਚਾਰ ਪਤਨੀਆਂ ਰੱਖਣ ਨੂੰ ਜਾਣੋਂ ਧਾਰਮਕ ਪਰਵਾਨਗੀ ਮਿਲ ਗਈ । ਹੁਣ ਇਕ ਮੁਸਲਮਾਨ ਅਮੀਰ ਦੂਜੀ, ਤੀਜੀ ਜਾਂ ਚੌਥੀ ਪਤਨੀ ਕਰਨ ਵੇਲੇ ਇਸਲਾਮੀ ਕਾਨੂੰਨ ਦੀ ਆੜ ਲੈ ਸਕਦਾ ਸੀ ਅਤੇ ਮੁਸਲਮਾਨ ਅਮੀਰਾਂ ਨੇ ਇਸ ਆੜ ਨੂੰ ਬੁਰੀ ਤਰ੍ਹਾਂ ਵਰਤਿਆ ।

Digitized by Panjab Digital Library | www.panjabdigilib.org

ਇਸ ਦਾ ਸਿੱਟਾ ਮੁਸਲਮਾਨ ਇਸਤਰੀਆਂ ਦੇ ਪਰਦੇ ਦੇ ਰੂਪ ਵਿੱਚ ਪ੍ਰਗਟ ਹੈ ਕਿਉਂ ਜੋ ਇਕ ਪੁਰਖ ਜਿਸ ਦੀਆਂ ਦੋ ਜਾਂ ਵੱਧ ਪਤਨੀਆਂ ਹੋਣ ਉਨ੍ਹਾਂ ਵਿੱਚੋਂ ਇੱਕ ਤੋਂ ਵਧੀਕ ਨੂੰ ਆਪਣੇ ਬਰਾਬਰ ਬਾਹਰ ਅੰਦਰ ਨਾਲ ਨਹੀਂ ਰੱਖ ਸਕਦਾ ਸੀ, ਇਸ ਲਈ ਦੂਜੀਆਂ ਨੂੰ ਘਰ ਵਿੱਚ ਹੀ ਬੰਦ ਰਹਿਣਾ ਪੈ ਗਿਆ। ਜੇ ਉਨ੍ਹਾਂ ਨੇਂ ਕਿਧਰੇ ਬਾਹਰ ਜਾਣਾ ਹੁੰਦਾ ਸੀ ਤਾਂ ਪਰਦੇ ਵਿੱਚ ਹੋਰਨਾਂ ਇਸਤਰੀਆਂ ਨਾਲ ਹੀ ਜਾ ਸਕਦੀਆਂ ਸਨ। ਉਨ੍ਹਾਂ ਦੇ ਸਤ-ਧਰਮ ਦੀ ਰਖਵਾਲੀ ਲਈ ਵੀ ਪੁਰਖ ਨੇ ਉਨ੍ਹਾਂ ਉੱਤੇ ਕਈ ਕੈਦਾਂ ਲਾਈਆਂ। ਇਸ ਦਾ ਸਿੱਟਾ ਇਹ ਹੋਇਆ ਕਿ ਮੁਸਲਮਾਨ ਇਸਤਰੀ ਹਰਮ[19] ਵਿਚ ਬੰਦ ਰਹਿਣ ਲੱਗੀ। ਬਹੁਤ ਅਮੀਰ ਘਰਾਣਿਆਂ ਵਿਚ ਉਹ ਬਾਹਰ ਵੀ ਕਰੜੇ ਪਰਦੇ, ਪਾਲਕੀ ਜਾਂ ਬੁਰਕੇ ਵਿਚ ਹੀ ਜਾ ਸਕਦੀ ਸੀ। ਹੌਲੀ ਹੌਲੀ ਇਹ ਪਰਦਾ ਇਕ ਉੱਚਤਾ ਦੀ ਨਿਸ਼ਾਨੀ ਬਣ ਗਿਆ ਅਤੇ ਇਸ ਨੂੰ ਰੀਤੀ ਮਰਯਾਦਾ[20] ਦੀ ਪਵਿੱਤਰਤਾ ਮਿਲ ਗਈ। ਮੁਸਲਮਾਨਾਂ ਦੀਆਂ ਉੱਚੀਆਂ ਸ਼ਰੇਣੀਆਂ ਵਿਚ ਹਾਲੇ ਵੀ ਇਹ ਭੈੜਾ ਰਿਵਾਜ ਕਾਫ਼ੀ ਪਰਚਲਤ ਹੈ, ਭਾਵੇਂ ਅਜਕੱਲ ਦੇ ਅਗਾਂਹਗਾਮੀ[21] ਵਿਚਾਰਾਂ ਦੇ ਪ੍ਰਭਾਵ ਨਾਲ ਇਹ ਅੱਗੇ ਨਾਲੋਂ ਬਹੁਤ ਘੱਟ ਹੋ ਗਿਆ ਹੈ।

---

Digitized by Panjab Digital Library | www.panjabdigilib.org

## ਈਸ਼ਵਰ ਸਿੰਘ ਚਿਤ੍ਰਕਾਰ

# ਬਰਾਗੀ

ਬਰਾਗੀ ਨੂੰ ਜਦ ਕੋਈ ਉਸ ਦਾ ਨਾਂ ਪੁੱਛਦਾ ਤਾਂ ਉਹ ਅੰਗ੍ਰੇਜ਼ਾਂ ਵਾਂਗ ਜਿਸਮ ਨੂੰ ਅਲਫ਼[1] ਕਰ ਕੇ, ਧੌਣ ਅਕੜਾ ਕੇ, ਰੁਅਬ ਨਾਲ ਜਵਾਬ ਦੇਂਦਾ ਸੀ, "ਸੋਢੀ ਡਰਬਾਰਾ ਸਿੰਘ ਬੌਟਾਲ਼ਾ"। ਉਹ ਪਿੰਡ ਬੁਤਾਲੇ ਤੋਂ ਲੋਹਾਰਾ ਕੰਮ ਸਿੱਖਣ ਲਈ ਲਾਹੌਰ ਆਇਆ ਹੋਇਆ ਸੀ। ਬਾਹਰ ਕਿਤੇ ਰਿਹਾਇਸ਼ ਦਾ ਪ੍ਰਬੰਧ ਨਾ ਹੋ ਸੱਕਣ ਕਰ ਕੇ ਉਹ ਵੀ ਸਾਡੇ ਕੋਲ ਬੋਰਡਿੰਗ ਵਿਚ ਹੀ ਆਣ ਟਿਕਿਆ।

ਉਹ ਕੱਦ ਵਿੱਚ ਮੇਰੇ ਨਾਲੋਂ ਕੋਈ ਤਿੰਨ ਇੰਚ ਨੀਵਾਂ ਸੀ। ਰੰਗ ਮੇਰੇ ਹੀ ਵਰਗਾ, ਸਰੀਰ ਹਲਕਾ-ਫੁਲਕਾ ਪਰ ਨਿੱਗਰ, ਨਿਚੱਲਾ[2] ਗਾਲ੍ਹੜ ਵਾਂਗ, ਅੱਖਾਂ ਵਿਚ ਸ਼ੋਖ਼ੀ ਤੇ ਬਚਪਨ, ਚਿਹਰੇ ਉੱਤੇ ਠੰਢੀ[3] ਦੇ ਦਾਗ਼, ਜਿਵੇਂ ਕਣਕਵੰਨੇ ਦੁਪੱਟੇ ਉਤੇ ਨਸਵਾਰੀ ਬੂੰਦੀ ਠੇਕੀ ਹੋਈ; ਥੋੜ੍ਹੀ ਥੋੜ੍ਹੀ ਮਸ ਫੁੱਟ ਰਹੀ ਤੇ ਤਬੀਅਤ ਅੱਲ੍ਹੜ; ਸਮੁੱਚਾ ਪ੍ਰਭਾਵ : ਜਵਾਨੀ ਦੀ ਘਾਟੀ ਵੱਲ ਛੇਤੀ ਛੇਤੀ ਤੁਰਿਆ ਜਾ ਰਿਹਾ। ਸਵੇਰੇ ਗੁਰਦੁਆਰੇ ਵਿਚ ਹੁੰਦਾ ਸੀ, ਦਿਨੇ ਸਕੂਲੇ, ਤ੍ਰਿਕਾਲੀਂ ਹਾਕੀ ਦੇ ਮੈਦਾਨ ਵਿਚ, ਖਾਉਪੀਏ[4] ਬੋਰਡਿੰਗ ਦੀ ਸਭ ਤੋਂ ਉਤਲੀ ਛੱਤ ਤੇ ਅਤੇ ਸੌਣ ਵੇਲੇ ਆਪਣੀ ਮੰਜੀ ਤੇ।

Digitized by Panjab Digital Library | www.panjabdigilib.org

ਭਾਵੇਂ ਸਿਆਲ ਹੋਵੇ, ਭਾਵੇਂ ਹੁਨਾਲ, ਭਾਵੇਂ ਮੀਂਹ ਹੋਵੇ ਭਾਵੇਂ ਹਨੇਰੀ, ਉਹ ਰੋਜ਼ ਸੌਣ ਤੋਂ ਪਹਿਲਾਂ ਸਮਾਧੀ ਜ਼ਰੂਰ ਲਾਉਂਦਾ ਸੀ, ਇਕ ਊਠ ਦੀ ਉੱਨ ਦਾ ਨਮਦਾ ਥੱਲੇ ਵਿਛਾ ਕੇ, ਜਿਸ ਦਾ ਡੀਜ਼ਾਈਨ ਖ਼ਾਸ ਤੌਰ ਤੇ ਬਹੁਤ ਹੀ ਦਿਲ-ਖਿੱਚਵਾਂ ਸੀ। ਹਰ ਥਾਂ ਵਾਕਫ਼ੀਅਤ ਵਧਾਉਣਾ ਤੇ ਗੱਲਾਂ-ਬਾਤਾਂ ਨਾਲ ਹੀ ਜਾਂ ਜਿਵੇਂ ਵੀ ਹੋ ਸਕੇ ਆਪਣਾ ਕੰਮ ਕੱਢ ਲੈਣਾ ਉਸ ਦਾ ਖ਼ਾਸ ਸ਼ੁਗ਼ਲ ਸੀ।

ਉਸ ਨੇ ਗੁਰਦੁਆਰੇ ਦੇ ਰਾਗੀ ਤੋਂ ਤਬਲੇ ਦੀਆਂ ਕੁੱਝ ਗਤਾਂ ਸਿੱਖ ਲਈਆਂ ਸਨ ! ਤਬਲਾ-ਜੋੜੀ ਆਪਣੀ ਹੈ ਨਹੀਂ ਸੀ ਪਰ ਰੋਜ਼ ਅਭਿਆਸ ਜ਼ਰੂਰ ਕਰਨਾ ਹੁੰਦਾ ਸੀ। ਜਦੋਂ ਕਿਤੇ ਵਿਹਲਾ ਬੈਠਾ ਜਾਂ ਖਲੋਤਾ ਹੁੰਦਾ ਸੀ ਤਾਂ ਆਪਣੇ ਪੱਟ ਹੀ ਵਜਾਉਂਦਾ ਰਹਿੰਦਾ ਸੀ; ਨਾਲ ਕੋਈ ਨਾ ਕੋਈ ਗੁਰਬਾਣੀ ਦੀ ਤੁਕ ਅਲਾਪਦਾ। ਜਦੋਂ ਅਸੀਂ ਹਾਕੀ ਖੇਡ ਕੇ, ਮੈਦਾਨ ਵਿੱਚ ਬੈਠੇ ਗੱਪਾਂ ਮਾਰ ਰਹੇ ਹੁੰਦੇ ਸਾਂ ਤਾਂ ਉਹ ਵੀ ਸਾਡੇ ਕੋਲ ਆ ਬਹਿੰਦਾ। ਫੇਰ ਜਟਕੇ ਭਾਈਆਂ ਦੇ ਲਹਿਜੇ ਵਿਚ ਕਥਾ ਆਰੰਭ ਦੇਂਦਾ ਸੀ। ਜਦੋਂ ਕਥਾ ਖ਼ਤਮ ਹੋਣ ਲਗਦੀ ਤਾਂ ਇਹੋ ਜਿਹੇ ਵਾਕ ਉਚਾਰਦਾ ਸੀ—ਹੇ ਮੇਰੇ ਹਿੰਦੂ, ਮੁਸਲਿਮ, ਸਿੱਖ ਭਰਾਵੋ ! (ਈਸਾਈ ਸਾਡੇ ਵਿਚ ਕੋਈ ਨਹੀਂ ਸੀ) ਹੁਣ ਇਸ ਅਸਾਰ ਸੰਸਾਰ ਤੋਂ ਅਸਾਂ ਦਾ ਹਿਰਦਾ ਬਹੁਤ ਉਪਰਾਮ ਹੋ ਚੁੱਕਾ ਹੈ। ਅਸਾਂ ਨੂੰ ਆਪਣੇ ਆਸੇ ਪਾਸੇ ਹੁਣ (ਚੁਫੇਰੇ ਬੈਠੇ ਮੁੰਡਿਆਂ ਵਲ ਇਸ਼ਾਰਾ ਕਰ ਕੇ) ਦੁੱਖ ਹੀ ਦੁੱਖ ਨਜ਼ਰ ਆ ਰਹੇ ਹਨ। ਫੇਰ ਅੱਖਾਂ ਮੀਟ ਕੇ, ਨਾਧੀ ਧਿੰਨਾ, ਨਾਧੀ ਧਿੰਨਾ ਕਰਦਾ ਹੋਇਆ ਪੱਟਾਂ ਤੇ ਥਾਪ ਦੇਣ ਲੱਗ ਪੈਂਦਾ। ਜਦੋਂ ਸਿਖਰ ਤੇ ਪਹੁੰਚਣ ਲਗਦਾ ਤਾਂ ਸਭ ਤੋਂ ਨੇੜੇ ਬੈਠੇ ਤੇ ਵਰ੍ਹ ਪੈਂਦਾ। ਇਸ ਜ਼ੋਰ ਦੀ ਹੱਥ ਸੁੱਟਦਾ ਕਿ ਜੇ ਅਗਲੇ ਦਾ ਮੂੰਹ-ਮੱਥਾ ਵੀ ਉੱਡ ਜਾਵੇ ਤਾਂ ਕੋਈ ਪਰਵਾਹ ਨਹੀਂ। ਕਦੀ ਕਦੀ ਉਹ ਅੱਖਾਂ ਭਰ ਲੈਂਦਾ ਤੇ ਕਿੰਨੀ ਕਿੰਨੀ ਦੇਰ ਹੰਝੂ ਕੇਰਦਾ ਰਹਿੰਦਾ। ਸਾਰੇ ਉਸ ਨੂੰ ਦਰਬਾਰਾ ਸਿੰਘ ਦੀ ਥਾਂ ਬਰਾਗੀ ਕਹਿਣ ਲੱਗ ਪਏ।

Digitized by Panjab Digital Library | www.panjabdigilib.org

ਉਹਨੀਂ ਦਿਨੀਂ ਜਿਹੜੇ ਮੁੰਡੇ ਨੂੰ ਘਰੋਂ ੨੦-੨੫ ਰੁਪੈ ਮਹੀਨਾ ਮਿਲਦੇ ਹੋਣ ਉਸ ਨੂੰ ਆਰਟ ਸਕੂਲ ਵਿੱਚ ਬੜਾ ਅਮੀਰ ਸਮਝਿਆ ਜਾਂਦਾ ਸੀ। ਪਰ ਬਰਾਗੀ ਨੂੰ ੩੦ ਰੁਪੈ ਮਹੀਨਾ ਮਿਲਦੇ ਸਨ। ਇਸ ਸਕੂਲ ਵਿਚ ਅਕਸਰ ਉਹ ਵਿਦਿਆਰਥੀ ਆਉਂਦੇ ਸਨ ਜੋ ਗ਼ਰੀਬ ਘਰਾਂ ਦੇ ਹੋਣ ਜਾਂ ਪੜ੍ਹਾਈ ਤੋਂ ਨੱਸੇ ਹੋਏ। ਅਧਿਆਪਕ ਆਪ ਵੀ ਅਨਪੜ੍ਹ ਜਿਹੇ ਹੀ ਸਨ। ਕੁਛ ਅਜੇਹੇ ਵੀ ਸਨ ਕਿ ਜਿਹੜਾ ਵਿਦਿਆਰਥੀ ਉਹਨਾਂ ਦੀ ਇੱਜ਼ਤ ਕਰਦਾ ਸੀ, ਉਹ ਉਹਨਾਂ ਤੋਂ ਆਪਣੀ ਬੇਇੱਜ਼ਤੀ ਹੀ ਕਰਵਾਉਂਦਾ ਸੀ। ਜਿਹੜਾ ਭਰੀ ਜਮਾਤ ਵਿਚ ਪੱਤ ਲਾਹ ਦੇਂਦਾ ਸੀ ਉਸ ਤੋਂ ਉਹ ਬਹੁਤ ਡਰਦੇ ਸਨ ਤੇ ਉਸ ਨੂੰ ਕਦਰ ਦੀ ਨਜ਼ਰ ਨਾਲ ਵੇਖਦੇ ਸਨ। ਕਈ ਹੌਲੀਆਂ ਭਾਰੀਆਂ ਗਾਲ੍ਹਾਂ ਤਾਂ ਕਮਰਿਆਂ ਵਿਚ ਆਮ ਗੂੰਜਦੀਆਂ ਰਹਿੰਦੀਆਂ ਸਨ। ਅੱਵਲ ਤਾਂ ਕੋਈ ਪੜ੍ਹਿਆ ਲਿਖਿਆ ਓਥੇ ਦਾਖ਼ਲ ਹੀ ਨਹੀਂ ਸੀ ਹੁੰਦਾ ਤੇ ਜੇ ਕਦੀ ਕਈ ਭੁੱਲਾ-ਚੁੱਕਾ ਆ ਵੀ ਜਾਂਦਾ ਤਾਂ ਸਕੂਲ ਵਾਲੇ, ਆਪਣੀਆਂ ਕਮਜ਼ੋਰੀਆਂ ਤੇ ਪਰਦਾ ਪਾਈ ਰੱਖਣ ਲਈ, ਐਵੇਂ ਹੇਠਲੀਆਂ ਉਤਲੀਆਂ ਲਾ ਕੇ ਹੀ ਉਸ ਨੂੰ ਨਸਾ ਦੇਂਦੇ। ਉਸਤਾਦ ਕਾਫ਼ੀ ਤੰਗ-ਦਿਲ ਸਨ। ਮੁੰਡਿਆਂ ਨੂੰ ਕੰਮ ਦੱਸਣ ਤੋਂ ਘਬਰਾਉਂਦੇ ਸਨ। ਸ਼ਾਇਦ ਇਸ ਲਈ ਕਿ ਕਿਤੇ ਕੋਈ ਮੁੰਡਾ ਕੁਛ ਕੰਮ ਸਿੱਖ ਕੇ ਉਹਨਾਂ ਦੀ ਥਾਂ ਹੀ ਨਾ ਮੱਲ ਲਏ। ਓਥੇ ਬੇਇੱਜ਼ਤੀ ਕਰਨ ਵਾਲੇ ਤੋਂ ਛੁੱਟ ਅੰਗ੍ਰੇਜ਼ੀ ਬੋਲਣ ਵਾਲੇ ਦਾ ਵੀ ਕਾਫ਼ੀ ਸਤਿਕਾਰ ਕੀਤਾ ਜਾਂਦਾ ਸੀ। ਕਦੀ ਕਦੀ ਕੋਈ ਕੁੜੀ ਵੀ ਚਿਤ੍ਰਕਾਰੀ ਸਿੱਖਣ ਆ ਜਾਂਦੀ ਸੀ। ਉਸ ਦੇ ਲਈ ਕਾਗ਼ਜ਼, ਫੱਟਾ ਤੇ ਹੋਰ ਹਰ ਲੋੜੀਂਦੀ ਸ਼ੈ ਮੁੰਡਿਆਂ ਨੂੰ ਹੀ ਤਿਆਰ ਕਰਨੀ ਪੈਂਦੀ ਸੀ। ਉਂਞ ਮਾਸਟਰ ਵੀ ਉਨ੍ਹਾਂ ਦੀ ਜੀ ਹਜ਼ੂਰੀ ਬਥੇਰੀ ਕਰਦੇ ਸਨ। ਮੁੰਡੇ ਤਿੰਨ ਚਾਰ ਸਾਲ ਲਾ ਕੇ ਓਨਾ ਕੰਮ ਨਹੀਂ ਸਨ ਸਿੱਖ ਸਕਦੇ ਜਿੰਨਾ ਕਿ ਕੁੜੀਆਂ ਤਿੰਨਾਂ ਚੌਂਹ ਮਹੀਨਿਆਂ ਵਿੱਚ ਹੀ ਸਿੱਖ ਲੈਂਦੀਆਂ ਸਨ। ਮੁੰਡੇ, ਕੁੜੀਆਂ ਦੀ

Digitized by Panjab Digital Library | www.panjabdigilib.org

ਇਸ ਉੱਨਤੀ ਤੇ ਅਕਸਰ ਬੜੀ ਹੈਰਾਨੀ ਪਰਗਟ ਕਰਦੇ ਸਨ। ਵਾਰਸ਼ਿਕ ਪ੍ਰੀਖਿਆ ਵਿੱਚ ਜਿਹੜਾ ਮੁੰਡਾ ਐਜ਼. ਫ਼ੇਲ ਸੁਣਾਇਆ ਜਾਂਦਾ, ਅਗਲੇ ਦਿਨ ਆਪਣੀ ਸ਼੍ਰੇਣੀ ਵਿਚੋਂ ਓਹੋ ਪ੍ਰਥਮ ਵੀ ਹੋ ਜਾਂਦਾ। ਪਤਾ ਨਹੀਂ ਕਿਹੜਾ ਫ਼ਰਿਸ਼ਤਾ ਰਾਤੋ-ਰਾਤ ਉਸ ਦਾ ਅਮਲ-ਨਾਮਾ[5] ਬਦਲ ਜਾਂਦਾ।

ਬਰਾਗੀ ਇਸ ਭੇਤ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਜਿੱਥੇ ਤਰਲੇ ਮਿੰਨਤਾਂ ਨਾਲ ਕੰਮ ਨਿਕਲਦਾ ਹੋਵੇ ਓਥੇ ਤਰਲੇ ਮਿੰਨਤਾਂ ਤੇ ਜਿੱਥੇ ਅੰਗ੍ਰੇਜ਼ੀ ਦੀ ਲੋੜ ਪਵੇ ਓਥੇ ਟੁੱਟੀ-ਫੁੱਟੀ ਅੰਗਰੇਜ਼ੀ ਬੋਲ ਕੇ ਬੁੱਤਾ ਸਾਰ ਲੈਂਦਾ।

ਉਹ ਕਪੜੇ ਅਕਸਰ ਪੇਂਡੂ ਹੀ ਪਾਉਂਦਾ ਸੀ। ਕਮੀਜ਼ ਵਿੱਚ ਬਟਣ ਤਾਂ ਕਦੀ ਹੁੰਦੇ ਹੀ ਨਹੀਂ ਸਨ। ਪੱਗ ਵਿੱਚੋਂ ਫੰਡੇ ਬਾਹਰ ਨਿਕਲੇ ਰਹਿੰਦੇ। ਜਿਸ ਦਿਨ ਵਜ਼ੀਫ਼ਿਆਂ ਦਾ ਫ਼ੈਸਲਾ ਹੋਣਾ ਸੀ ਉਸ ਦਿਨ ਤਾਂ ਉਸ ਦਾ ਹੁਲੀਆ ਵੇਖਣ ਹੀ ਵਾਲਾ ਸੀ। ਨਾ ਉਸ ਇਸ਼ਨਾਨ ਕੀਤਾ ਨਾ ਕੇਸ ਵਾਹੇ। ਸਗੋਂ ਸਕੂਲੇ ਜਾ ਕੇ ਮੂੰਹ-ਮੱਥੇ ਉੱਤੇ, ਗੱਲ੍ਹਾਂ ਤੇ, ਲੱਤਾਂ–ਬਾਹਾਂ ਅਤੇ ਕੱਪੜਿਆਂ ਉੱਤੇ ਵੀ ਕਿਤੇ ਕਿਤੇ ਕੋਲੇ ਪੀਹ ਕੇ ਮਲ ਲਏ, ਤੇੜ ਇਕ ਨਿੱਕਰ ਅੜੁੰਗ ਲਈ, ਪਿੱਛੋਂ ਪਾਟੀ ਹੋਈ, ਜਿਸ ਵਿਚੋਂ ਲੀਰੋ-ਲੀਰ ਹੋਈ ਕਮੀਜ਼ ਦੀ ਇੱਕ ਟਾਕੀ ਹਨੂਮਾਨ ਦੀ ਪੂਛ ਵਾਂਗ ਲਮਕਦੀ ਪਈ ਸੀ। ਨਿੱਕਰ ਦੇ ਬਟਣ ਅਗੋਂ ਅੱਧ-ਪਚੱਧੇ ਖੁੱਲ੍ਹੇ ਹੀ ਰੱਖੇ। ਕਮੀਜ਼ ਦਾ ਕੁੱਝ ਹਿੱਸਾ ਨਿੱਕਰ ਦੇ ਪਉਂਚਿਆਂ ਵਿਚੋਂ, ਮਘੋਰਨੇ 'ਚੋਂ ਕਤੂਰਿਆਂ ਵਾਂਗ, ਝਾਤੀ ਮਾਰ ਰਿਹਾ ਸੀ। ਪੱਗ ਅੱਧੀ ਸਿਰ ਉਤੇ ਵਲ੍ਹੇਟ ਲਈ, ਪੱਟੀ ਵਾਂਗ, ਤੇ ਅੱਧੀ ਲੱਕ ਦੁਆਲੇ, ਪੇਟੀ ਦੀ ਥਾਂ। ਜੁੱਤੀ ਇਕ ਸੀ ਤੇ ਉਹ ਵੀ ਅੱਗੋਂ ਪਾਟੀ ਹੋਈ, ਜਿਵੇਂ ਕਿਸੇ ਭੁੱਖੇ ਦਾ ਮੂੰਹ, ਤੇ ਹਰ ਦਸ-ਪੰਦਰਾਂ ਮਿੰਟਾਂ ਪਿੱਛੋਂ ਉਸ ਨੂੰ ਸੱਜੇ ਖੱਬੇ ਬਦਲਦਾ ਸੀ। ਜਦੋਂ ਪ੍ਰਿੰਸੀਪਲ ਨੇ 'ਇੰਟਰਵੀਊ' ਲਈ ਬੁਲਾਇਆ ਤਾਂ ਝੱਟ ਸੰਨ੍ਹੀ ਵਿਚ ਲਾਲ ਭਖਦਾ ਹੋਇਆ ਲੋਹਾ ਫੜ ਕੇ ਦੌੜਿਆ ਤੇ ਅੰਗਰੇਜ਼ੀ

Digitized by Panjab Digital Library / www.panjabdigilib.org

ਵਿੱਚ 'ਹਜ਼ੂਰ ਅੰਦਰ ਆਉਣ ਦੀ ਆਗਿਆ ਏ?' ਕਹਿ ਕੇ, ਦਰਵਾਜ਼ ਅੱਗੋਂ ਪਰਦਾ ਚੁੱਕ ਕੇ ਛਟਾ-ਛਟ ਅੰਦਰ ਲੰਘ ਗਿਆ। ਜਦ ਪ੍ਰਿੰਸੀਪਲ, ਉਸ ਦੇ ਸਾਰੇ ਆਕਾਰ ਤੇ ਇਕ ਸਰਸਰੀ ਜਿਹੀ ਨਜ਼ਰ ਦੁੜਾ ਬੈਠਾ ਤਾਂ ਛੇਤੀ ਨਾਲ ਬਾਹਰ ਨਿਕਲ ਕੇ, ਲੋਹਾ, ਮੰਨ੍ਹੀਂ ਤੇ ਜੁੱਤੀ ਕਿਤੇ ਨੇੜੇ ਹੀ ਰੱਖ ਕੇ, ਪੈਰ ਪਾਇਦਾਨ ਨਾਲ ਚੰਗੀ ਤਰ੍ਹਾਂ ਪੂੰਝ ਕੇ ਮੁੜ ਸਾਹਿਬ ਦੇ ਸਾਮ੍ਹਣੇ ਜਾ ਖਲੋਤਾ। ਜਦ ਸਾਹਿਬ ਨੇ ਫੇਰ ਇਸ ਵੱਲ ਤਕਿਆ ਤਾਂ ਝੱਟ ਪੱਟ ਹੱਥ ਜੋੜ ਕੇ, ਕਿਸੇ ਅਪਰਾਧੀ ਵਾਂਗ, ਭੁੰਜੇ ਹੀ ਬਹਿ ਗਿਆ। ਜੇ ਸਾਹਿਬ ਹੁਣ ਵੀ ਵਜ਼ੀਫ਼ਾ ਮਨਜ਼ੂਰ ਨਾ ਕਰਦਾ ਤਾਂ ਕੀ ਕਰਦਾ?

ਬਰਾਗੀ ਦਾ ਸਾਡੇ ਕਮਰੇ ਵਿਚ ਬਹੁਤ ਬਹਿਣ-ਖਲੋਣ ਸੀ। ਉਸ ਨੇ ਅੱਧੇ ਕਪੜੇ ਮੇਰੇ ਟਰੰਕ ਵਿੱਚ ਰੱਖੇ ਹੋਏ ਸਨ ਤੇ ਅੱਧੇ ਕਪੜੇ ਤੇ ਘਿਓ ਦੀ ਹਾਂਡੀ ਲਛਮਣ ਸਿੰਘ ਦੀ ਅਲਮਾਰੀ ਵਿੱਚ। ਲਛਮਣ ਸਿੰਘ ਇੱਕ ਦੋ ਸਕੂਲਾਂ ਵਿੱਚ ਨੌਕਰੀ ਕਰ ਚੁੱਕਣ ਦੇ ਕਾਰਣ ਖੁਰਾਂਟ ਤਾਂ ਪਹਿਲਾਂ ਹੀ ਬਥੇਰਾ ਸੀ, ਪਰ ਹੁਣ 'ਟ੍ਰੇਂਡ' ਹੋਣ ਲਈ ਆਇਆ ਹੋਇਆ ਸੀ। ਸ਼ਾਦੀ ਉਸ ਦੀ ਕਈ ਸਾਲ ਪਹਿਲਾਂ ਹੋ ਚੁੱਕੀ ਸੀ ਤੇ ਉਹ ਤਿੰਨ ਸੁਵਰਗਵਾਸੀ ਬੱਚਿਆਂ ਦਾ ਪਿਤਾ ਸੀ। ਹਡ਼ੁਬਾਂ ਨਿਕਲੀਆਂ ਹੋਈਆਂ, ਚਿਹਰਾ ਬੇਨੂਰ, ਅੱਖਾਂ ਦੁਆਲੇ ਕਾਲੇ ਕਾਲੇ ਘੇਰੇ, ਕੱਦ ਗਿੱਠ-ਮੁੱਠੀਆ ਅਤੇ ਸੁਭਾ ਚੀਰਖਾਲੂ ਤੇ ਸੜੀਅਲ, ਮੂੰਹ ਵਿਚ ਦੁਰਗੰਧ। ਰੋਜ਼ ਰਾਤ ਨੂੰ ਪਤਾ ਨਹੀਂ ਕਾਹਦੀਆਂ ਗੋਲੀਆਂ ਖਾ ਕੇ ਸੌਂਦਾ ਸੀ। ਏਥੇ ਵੀ ਉਹ ਆਪਣੇ ਆਪ ਨੂੰ ਮਾਸਟਰ ਜੀ ਹੀ ਸਮਝਦਾ ਸੀ। ਉਮਰ ਵਿੱਚ ਸਾਡੇ ਨਾਲੋਂ ਕਾਫ਼ੀ ਵੱਡਾ ਹੋਣ ਕਰ ਕੇ ਸਭ ਉਸ ਨੂੰ 'ਭਾ ਜੀ' ਕਹਿ ਕ ਸੰਬੋਧਨ ਕਰਦੇ ਸਨ।

ਇੱਕ ਦਿਨ ਬਰਾਗੀ ਨੇ ਇੱਕ ਵੱਡਾ ਸਾਰਾ ਅੰਬ ਲਿਆਂਦਾ ਤੇ ਭਾ ਜੀ ਦੀ ਅਲਮਾਰੀ ਵਿਚ ਰੱਖ ਦਿੱਤਾ। ਜੱਟ ਨੂੰ ਤੇ ਇਕ ਹੋਰ ਮੁੰਡੇ ਨੂੰ ਵੀ ਇਸ ਦਾ ਪਤਾ ਲੱਗ ਗਿਆ। ਸੋ ਉਹ ਭਾ ਜੀ ਕੋਲ

Digitized by Panjab Digital Library | www.panjabdigilib.org

ਆਏ ਤੇ ਸ਼ੱਕਰ ਮੰਗੀ । ਭਾ ਜੀ ਨੇ ਅਜੇ ਅਲਮਾਰੀ ਖੋਲ੍ਹੀ ਹੀ ਸੀ ਕਿ ਉਹ ਅੰਬ ਉੜਾ ਲੈ ਗਏ । ਬਰਾਗੀ ਨੇ ਉਨ੍ਹਾਂ ਨੂੰ ਕਿਹਾ ਕਿ ਇਹ ਲਿਆਂਦਾ ਤੇ ਤੁਹਾਡੇ ਲਈ ਹੀ ਏ ਪਰ ਜੇ ਸਾਰੇ ਜਣੇ ਗੁਰ-ਸਿੱਖਾਂ ਵਾਂਗ ਵੰਡ ਕੇ ਖਾਈਏ ਤਾਂ ਬਹੁਤ ਆਨੰਦ ਆਏਗਾ । ਉਹ ਮੰਨ ਗਏ ਤੇ ਅੰਬ ਸਾਰਿਆਂ ਵਿਚ ਵੰਡਣ ਲਈ ਭਾ ਜੀ ਨੂੰ ਦੇ ਦਿੱਤਾ,—ਜਿਵੇਂ ਦੋ ਬਿੱਲੀਆਂ ਨੇ ਨਿਆਂ ਕਰਾਉਣ ਲਈ ਬਾਂਦਰ ਨੂੰ ਪੰਚ ਬਣਾਇਆ ਸੀ । ਅਸੀਂ ਪੰਜ ਜਣੇ ਸਾਂ । ਭਾ ਜੀ ਨੇ ਸਭ ਨੂੰ ਇੱਕ ਇੱਕ ਪਤਲੀ ਜਿਹੀ ਕਾਤਰ ਦੇ ਦਿੱਤੀ (ਜਿਵੇਂ ਜ਼ਿਦ ਕਰ ਰਹੇ ਬੱਚਿਆਂ ਨੂੰ ਪਰਚਾਈਦਾ ਏ) ਤੇ 'ਗਿਟਕ ਮੈਂ ਲੈ ਲੈਂਦਾ ਵਾਂ' ਕਹਿ ਕੇ ਗੁੱਦਾ ਸਾਰਾ ਆਪ ਸੰਭਾਲ ਲਿਆ । ਬਰਾਗੀ ਆਪਣੀ ਸਾਰੀ ਕਾਤਰ, ਛਿੱਲੜ ਸਣੇ ਹੀ, ਝੱਟ ਨਿਗਲ ਗਿਆ ਤੇ ਮੁਸਕਰਾ ਕੇ ਸ਼ਰਾਰਤ ਭਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਣ ਲੱਗਾ । ਮੈਂ ਉਸ ਨੂੰ ਇਸ਼ਾਰਾ ਕੀਤਾ । ਉਸ ਨੇ ਤੁਰਤ, ਜੱਟ ਅਤੇ ਲਛਮਣ ਸਿੰਘ ਉੱਤੇ (ਜਿਹੜੇ ਕਿ ਆਪਣੀਆਂ ਕਾਤਰਾਂ ਅਜੇ ਮੂੰਹ ਨੂੰ ਲਾਉਣ ਹੀ ਲੱਗੇ ਸਨ), ਇਸ ਜ਼ੋਰ ਦਾ ਝਪੱਟਾ ਮਾਰਿਆ ਜਿਵੇਂ ਬਗਲਾ ਡੱਡੂ ਨੂੰ ਪੈਂਦਾ ਏ । ਦੋਵੇਂ ਕਾਤਰਾਂ ਥੱਲੇ ਵਗਾਹ ਮਾਰੀਆਂ ਤੇ ਆਪ ਵੀ ਪੌੜੀਆਂ ਤੋਂ ਮਗਰੇ ਰਿੜ੍ਹ ਗਿਆ । ਉਹ ਵਿਚਾਰੇ ਦਾੜ੍ਹੀ ਮੁੱਛਾਂ ਹੀ ਪੂੰਝਦੇ ਰਹਿ ਗਏ ।

ਬਰਾਗੀ ਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਉਹ ਓਨਾ ਘਿਓ ਆਪ ਨਹੀਂ ਖਾਂਦਾ ਜਿੰਨਾ ਮੁੱਕ ਜਾਂਦਾ ਏ । ਉਹ ਇੱਕ ਸਵੇਰ ਸਾਡੇ ਕਮਰੇ ਵਿੱਚ ਆਇਆ । ਲਛਮਣ ਸਿੰਘ ਉਸ ਵੇਲੇ ਗੁਟਕਾ ਫੜੀ ਪਾਠ ਕਰ ਰਿਹਾ ਸੀ । ਬਰਾਗੀ ਉਸ ਦੇ ਸਾਮ੍ਹਣੇ ਖਲੋ ਗਿਆ ਤੇ ਹੱਥ ਨਾਲ ਅਲਮਾਰੀ ਵਲ ਇਸ਼ਾਰਾ ਕਰ ਕੇ ਕਹੀ ਜਾਵੇ, "ਸ਼ੱਪ ਲੈਣਾ ਏ' ਭਾ ਜੀ, ਸ਼ੱਪ ।" 'ਸ਼ੱਪ' ਉਸ ਦੀ ਘਿਓ ਵਾਲੀ ਹਾਂਡੀ ਦਾ ਨਾਂ ਸੀ । ਕਿਉਂਕਿ ਉਹ ਬਿਲਕੁਲ ਮਦਾਰੀਆਂ ਦੇ ਸੱਪ ਵਾਲੀ ਹਾਂਡੀ ਵਾਂਗ ਹੀ ਸੀ । ਲਛਮਣ ਸਿੰਘ ਅਲਮਾਰੀ

Digitized by Panjab Digital Library | www.panjabdigilib.org

ਨਹੀਂ ਸੀ ਖੋਲ੍ਹਦਾ। ਉਸ ਨੂੰ ਪਤਾ ਸੀ ਕਿ ਬਰਾਗੀ ਦਾ ਘਿਓ ਖ਼ਤਮ ਏਂ। ਬਰਾਗੀ ਨੇ ਗਾ ਕੇ ਕਿਹਾ (ਅਜੇਹੇ ਮੌਕੇ ਉਹ ਏਦਾਂ ਹੀ ਕਰਦਾ ਸੀ)।

ਭਾ ਜੀ ਅਸਾਂ ਦਾ ਘਿਓ ਹੈ ਮੁੱਕ ਗਿਆ,  
ਤੇ ਹਾਂਡੀ ਅਸਾਂ ਨੇ ਲੈਣੀ ਜ਼ਰੂਰ ਹੈ ਜੀ।

ਲਛਮਣ ਸਿੰਘ ਨੇ ਇੱਕ ਹੱਥ ਨਾਲ ਅਲਮਾਰੀ ਖੋਲ ਦਿੱਤੀ। (ਦੂਸਰੇ ਹੱਥ ਵਿੱਚ ਗੁਟਕਾ ਸੀ)। ਬਾਰਾਗੀ ਨੇ ਇਸ ਫੁਰਤੀ ਨਾਲ ਉਸ ਦੇ ਘਿਓ ਦੇ ਡੱਬੇ ਵਿਚ ਹੱਥ ਪਾਇਆ ਕਿ ਅੱਧ ਕੁ ਸੇਰ ਦੀ ਚਾਕੀ ਕੱਢ ਕੇ ਔਹ ਗਿਆ, ਔਹ ਗਿਆ। ਉਸ ਦਿਨ ਬਰਾਗੀ ਨੇ ਮਿਰਫ ਘਿਓ ਪੀ ਕੇ ਹੀ ਦੋਵੇਂ ਡੰਗ ਲੰਘਾਏ ਤੇ ਲਛਮਨ ਸਿੰਘ ਨੇ ਕਈ ਦਿਨ ਸੁੱਕੀ ਰੋਟੀ ਚੱਬੀ।

* * * * * *

ਇਕ ਵਾਰੀ ਬਾਰਾਗੀ ਦੀ ਤੇ ਮੇਰੀ ਅਣ-ਬਣ ਹੋ ਗਈ ਤੇ ਸਾਡੀ ਬੋਲ-ਚਾਲ ਵੀ ਬੰਦ ਹੋ ਗਈ। ਜਿਸ ਕਮਰੇ ਵਿਚ ਮੈਂ ਬੈਠਾ ਜਾਂ ਖਲੋਤਾ ਹੋਵਾਂ ਉਸ ਵਿੱਚ ਉਹ ਪੈਰ ਨਹੀਂ ਸੀ ਪਾਉਂਦਾ, ਸਗੋਂ ਬੁਰਾ ਜਿਹਾ ਮੂੰਹ ਬਣਾ ਕੇ ਤੇ ਥੁੱਕ ਕੇ—

ਨਜ਼ਰ ਆਉਣ ਜਿੱਥੇ ਵੀ ਦੁਸ਼ਟ ਮਿੱਤਰ,  
ਓਥੇ ਅਸਾਂ ਨੇ ਪੈਰ ਨਹੀਂ ਰੱਖਣਾ ਜੀ।

ਗਾਉਂਦਾ ਹੋਇਆ ਚਲਾ ਜਾਂਦਾ ਸੀ।

ਵਰਜ਼ਿਸ਼ ਦਾ ਸ਼ੌਕ ਮੈਨੂੰ ਕਾਫ਼ੀ ਸੀ। ਉਹਨੀਂ ਦਿਨੀਂ ਇਤਫ਼ਾਕ ਨਾਲ ਮੇਰੀ ਇੱਕ ਲੱਤ ਤੇ ਚੰਗੀ ਤਕੜੀ ਸੱਟ ਲੱਗ ਗਈ। ਮੈਂ ਤੁਰਨ ਫਿਰਨ ਤੋਂ ਕਈ ਦਿਨਾਂ ਲਈ ਆਤਰ ਹੋ ਗਿਆ। ਬੋਰਡਿੰਗ ਦੀ ਸਫ਼ਾਈ ਕਰਨ ਵਾਲਾ ਜਮਾਦਾਰ ਇੱਕ ਛੋ-ਛੁੱਟਾ, ਚੰਗਾ ਭਰਿਆ ਹੋਇਆ ਜਵਾਨ ਸੀ ਤੇ ਘੁਲਣ ਲੱਗਿਆਂ

Digitized by Panjab Digital Library | www.panjabdigilib.org

ਪੋਟੇ ਪੋਟੇ ਤੇ ਦਾਅ ਮਾਰਦਾ ਸੀ । ਸੋ ਬਰਾਗੀ ਨੇ ਉਸ ਦੀ ਸ਼ਗਿਰਦੀ ਸ਼ੁਰੂ ਕਰ ਦਿੱਤੀ। ਮੁੰਡਿਆਂ ਨੂੰ ਕਦੀ ਕਦੀ ਮੇਰੀ ਬਾਬਤ ਆਖ ਛੱਡਦਾ ਸੀ—

ਨਹੀਂ ਏਸ ਨੂੰ (ਮੈਨੂੰ) ਅਸਾਂ ਨੇ ਕੁੱਝ ਕਹਿਣਾ,
ਹੋ ਗਿਆ ਠੀਕ ਤਾਂ ਕਰਾਂਗੇ ਸੁੱਧ ਇੱਕ ਦਿਨ ।

ਕੁੱਝ ਦਿਨ ਤੀਕ ਦੀਵਾਲੀ ਦੀ ਛੁੱਟੀ ਆਉਣ ਵਾਲੀ ਸੀ । ਹੋਰ ਮੁੰਡਿਆਂ ਨੇ ਮੇਰੇ ਨਾਲ ਅੰਮ੍ਰਿਤਸਰ ਦੀ ਦੀਵਾਲੀ ਵੇਖਣ ਲਈ ਪਹਿਲੋਂ ਹੀ ਸਾਈਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ । ਜੀਅ ਬਰਾਗੀ ਦਾ ਵੀ ਕਰੇ ਪਰ ਉਹ ਮੂੰਹੋਂ ਨਾ ਆਖੇ । ਮੇਰੇ ਆਸੇ ਪਾਸੇ ਚੱਕਰ ਲਾਉਂਦਾ ਰਿਹਾ ਕਰੇ ਤੇ ਉਸੇ ਤਰ੍ਹਾਂ ਭੈੜਾ ਜਿਹਾ ਮੂੰਹ ਬਣਾ ਕੇ ਥੁੱਕ ਵੀ ਛੱਡਿਆ ਕਰੇ ।

ਮੈਂ ਦੋ ਦਿਨ ਪਹਿਲਾਂ ਹੀ ਛੁੱਟੀ ਲੈ ਕੇ ਘਰ ਚਲਾ ਗਿਆ । ਇਕ ਦਿਨ ਦੀਵਾਲੀ ਸੀ ਸ਼ਾਮ ਨੂੰ ਸਾਡਾ ਬੂਹਾ ਖੜਕਣ ਦੀ ਆਵਾਜ਼ ਆਈ । ਮੈਂ ਬਾਹਰ ਆਇਆ। ਅੱਗੇ ਜੱਟ, ਬਰਾਗੀ ਤੇ ਹੋਰ ਪੰਜ ਛੇ ਮੁੰਡੇ ਖੜੇ ਸਨ । ਬਰਾਗੀ ਨੇ ਸਿਰ ਤੇ ਇਕ ਬਿਲਕੁਲ ਨਵਾਂ ਟਰੰਕ ਚੁੱਕਿਆ ਹੋਇਆ ਸੀ, ਜੋ ਵਿਚੋਂ ਖ਼ਾਲੀ ਹੀ ਸੀ । ਉਹ ਨਾਲੇ ਅੱਖੀਆਂ ਨੀਵੀਆਂ ਪਾ ਕੇ ਮੁਸਕਰਾਈ ਜਾਵੇ ਤੇ ਨਾਲੇ ਇਕ ਹੱਥ ਨਾਲ ਟਰੰਕ ਸੰਭਾਲਦਾ ਹੋਇਆ ਦੂਸਰਾ ਮੇਰੇ ਪੈਰਾਂ ਵੱਲ ਵਧਾਈ ਜਾਵੇ । ਇਹ ਕੌਤਕ ਵੇਖ ਕੇ ਸਾਰੇ ਜਣੇ ਹੱਸ ਪਏ । ਮੈਂ ਉਸ ਦੇ ਸਿਰ ਤੋਂ ਟਰੰਕ ਲਾਹ ਕੇ ਅੰਦਰ ਰੱਖ ਦਿੱਤਾ ਤੇ ਸਾਡੀ ਗਲਵੱਕੜੀ ਹੋ ਗਈ। ਫੇਰ ਸਭ ਨੂੰ ਉੱਪਰ ਚੌਬਾਰੇ ਵਿਚ ਲੈ ਗਿਆ । ਬਰਾਗੀ ਦੀ ਖ਼ੁਰਾਕ ਮਸੀਂ ਪੰਜ ਫੁਲਕੇ ਸੀ ਉਸ ਦਿਨ ਮੈਂ ਉਸ ਨੂੰ ਨੌਂ ਫੁਲਕੇ ਖਵਾ ਕੇ ਉਸ ਤੋਂ ਪਿਛਲੀ ਦੁਸ਼ਮਣੀ ਦਾ ਬਦਲਾ ਲਿਆ । ਫੇਰ ਬਰਾਗੀ ਨੇ ਸਾਨੂੰ ਸਾਰੀ ਗੱਲ ਦੱਸੀ ਕਿ ਸਾਡੀ ਅਣ-ਬਣ ਕਰਾਉਣ ਵਾਲੇ ਭਾਈ ਲਛਮਣ

Digitized by Panjab Digital Library | www.panjabdigilib.org

ਸਿੰਘ ਹੋਰੀਂ ਹੀ ਸਨ। ਫੇਰ ਉਸ ਮੂੰਹ ਉੱਤੇ ਹੱਥ ਫੇਰ ਕੇ ਅਲਾਪਿਆ—

ਛੱਡਣਾ ਨਹੀਂ ਅਸਾਂ ਨੇ ਭਾ ਜੀ ਨੂੰ,
ਸੱਚਮੁੱਚ ਹੀ ਦੱਸਾਂਗੇ ਸ਼ੱਪ ਬਣ ਕੇ।

ਸਾਲਾਨਾ ਇਮਤਿਹਾਨ ਹੋ ਚੁੱਕਾ ਸੀ। ਨਤੀਜੇ ਦੀ ਉਡੀਕ ਬੜੀ ਬੇਸਬਰੀ ਨਾਲ ਹੋ ਰਹੀ ਸੀ। ਦਿਨ ਖੁੱਲ੍ਹੇ ਸਨ। ਰਾਤ ਨੂੰ ਅਸੀਂ ਸਭ ਹਾਕੀ ਦੇ ਮੈਦਾਨ ਵਿਚ ਸੌਂਦੇ ਸਾਂ। ਇਕ ਰਾਤ (ਬਰਾਗੀ ਨੇ ਸਾਨੂੰ ਪਹਿਲੋਂ ਹੀ ਦੱਸ ਛੱਡਿਆ ਸੀ) ਉਹ ਘੇਸ ਵੱਟ ਕੇ, ਖੇਸ ਉੱਤੇ ਤਾਣ, ਮੂੰਹ-ਸਿਰ ਵਲ੍ਹੇਟ ਕੇ ਆਪਣੀ ਮੰਜੀ ਉੱਤੇ ਨਿੱਸਲ ਹੋ ਕੇ ਪੈ ਗਿਆ। ਜੱਟ (ਉਸ ਨੂੰ ਵੀ ਬਰਾਗੀ ਨੇ ਪਹਿਲਾਂ ਹੀ ਸਿਖਾਇਆ ਹੋਇਆ ਸੀ) ਭਾ ਜੀ ਨੂੰ ਕਹਿਣ ਲੱਗਾ "ਆਓ ਬਰਾਗੀ ਦੀ ਮੰਜੀ ਚੁੱਕ ਕੇ ਬਗ਼ੀਚੇ ਵਿਚ ਛੱਡ ਆਈਏ"। ਇਹੋ ਜਿਹੀਆਂ ਗੱਲਾਂ ਭਾ ਜੀ ਨੂੰ ਰੱਬ ਦੇਵੇ—ਸੋ ਦੋਵੇਂ ਜਣੇਂ ਜਾ ਬਰਾਗੀ ਦੇ ਦੁਆਲੇ ਹੋਏ। ਭਾ ਜੀ ਸਰ੍ਹਾਣੇ ਵੱਲ ਤੇ ਜੱਟ ਪੈਂਦ ਵੱਲ। ਭਾ ਜੀ ਨੇ ਨਿਉਂ ਕੇ ਅਜੇ ਮੰਜੀ ਨੂੰ ਛੋਹਿਆ ਹੀ ਸੀ ਕਿ ਬਰਾਗੀ ਨੇ ਬੜੀ ਫੁਰਤੀ ਨਾਲ ਦਾੜ੍ਹੀ ਵਾਲੇ ਮੂੰਹ ਤੇ ਠਾਹ ਛੱਡੀ। ਭਾ ਜੀ ਦੀ ਪੱਗ ਔਹ ਗਈ। ਮੁੰਡਿਆਂ ਦਾ ਹਾਸਾ ਬੰਦ ਨਾ ਹੋਵੇ।

ਨਤੀਜਾ ਨਿਕਲਿਆ। ਬਰਾਗੀ ਪਾਸ ਸੀ। ਯੂਸਫ਼ ਨਾਲ ਉਸ ਦੀ ਬਹੁਤ ਲੱਗਦੀ ਸੀ। ਯੂਸਫ਼ ਪਾਸ ਹੁੰਦਿਆਂ ਸਾਰ ਹੀ ਇਕ ਛੋਟੀ ਜਿਹੀ ਫ਼ੈਕਟਰੀ ਵਿਚ ੪੫) ਰੁਪੈ ਮਹੀਨੇ ਤੇ ਫ਼ਿਟਰ ਲੱਗ ਗਿਆ। ਜਦ ਬਰਾਗੀ ਨੂੰ ਇਹ ਪਤਾ ਲੱਗਾ ਤਾਂ ਉਹ ਝੱਟ ਉਸ ਫ਼ੈਕਟਰੀ ਦੇ ਮਾਲਕ ਕੋਲ ਪਹੁੰਚਿਆ ਤੇ ਕਹਿਣ ਲੱਗਾ, "ਜੇ ਤੁਸੀਂ ਇਸ ਮੁਸਲਮਾਨ ਮੁੰਡੇ ਨੂੰ ਹਟਾ ਦਿਓ ਤਾਂ ਮੈਂ ਪਹਿਲਾ ਮਹੀਨਾ ਤੁਹਾਡੇ ਕੋਲ ਮੁਫ਼ਤ ਕੰਮ ਕਰਾਂਗਾ। ਫੇਰ ਜੋ ਜੀ ਕਰੇ ਦੇ ਦੇਣਾ।" ਮਾਲਕ ਇੱਕ ਸਰਮਾਇਆਦਾਰ ਸੀ। ਝੱਟ ਮੰਨ ਗਿਆ। ਹਫ਼ਤੇ ਕੁ ਪਿੱਛੋਂ ਬਰਾਗੀ ਹੋਰੀਂ ਵੀ ਪੱਤਰਾ ਵਾਚ ਗਏ।

Digitized by Panjab Digital Library | www.panjabdigilib.org

ਪ੍ਰੋ. ਪ੍ਰੀਤਮ ਸਿੰਘ

# ਸੇਵਾ ਪੰਥ

ਸੇਵਾ ਪੰਥ, ਸਿੱਖ ਧਰਮ ਦੀ ਇੱਕ ਸੰਪਰਦਾ[1] ਹੈ। ਕੋਈ ਸੇਵਾ ਪੰਥੀ ਅਜੇਹਾ ਨਹੀਂ ਹੋਇਆ ਜਿਹੜਾ ਆਪਣੇ ਆਪ ਨੂੰ ਸਿੱਖ ਨਾ ਕਹਿੰਦਾ ਹੋਵੇ। ਉਹ ਦਸਾਂ ਗੁਰੂਆਂ ਦੇ ਉਪਾਸ਼ਕ ਹੁੰਦੇ ਹਨ ਤ ਆਦਿ ਗ੍ਰੰਥ ਤੋਂ ਬਿਨਾਂ ਕਿਸੇ ਹੋਰ ਪੁਸਤਕ ਦਾ ਇਸ਼ਟ-ਸਮਾਨ[2] ਮਾਣ ਨਹੀਂ ਕਰਦੇ। ਆਦਿ ਗ੍ਰੰਥ ਨੂੰ ਸ਼ਬਦ ਜਾਂ ਸੂਖਮ ਰੂਪ ਵਿੱਚ ਹੀ ਨਹੀਂ, ਪ੍ਰਤੱਖ ਤੇ ਸਥੂਲ ਰੂਪ ਵਿਚ, ਸਾਧਾਰਨ ਸਿੱਖ ਨਾਲੋਂ ਕਿਤੇ ਵੱਧ ਸ਼ਰਧਾ ਨਾਲ ਪੂਜਦੇ ਹਨ। ਇਨ੍ਹਾਂ ਦੇ ਮੁਖੀਆਂ ਦੀਆਂ ਅਨੇਕਾਂ ਸਾਖੀਆਂ ਮੌਜੂਦ ਹਨ, ਜਿਨ੍ਹਾਂ ਵਿਚ ਬੀੜ ਨੂੰ ਦੇਹ-ਧਾਰੀ ਗੁਰੂ ਵਾਂਗ, ਸਰਦੀ ਗਰਮੀ ਤੋਂ ਬਚਾਉਣ ਦਾ ਬੜਾ ਜਜ਼ਬਾਤੀ ਵਰਣਨ ਮਿਲਦਾ ਹੈ। ਇਹ ਲੋਕ ਨਾਮ-ਅਭਿਆਸ[3] ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦੇ ਹਨ ਤੇ ਕੀਰਤਨ ਜ਼ਰੂਰ ਕਰਦੇ ਹਨ। ਕਥਾ ਦਾ ਰਿਵਾਜ ਸੇਵਾ ਪੰਥੀਆਂ ਵਿਚ ਅੱਜ ਤਕ ਚਲਿਆ ਆਉਂਦਾ ਹੈ। ਇਨ੍ਹਾਂ ਦੀ ਬਹੁ-ਗਿਣਤੀ ਕੇਸ-ਰਹਿਤ ਹੁੰਦੀ ਸੀ ਪਰ ਊਨੇ ਵਾਲੇ, ਗੁਰੂ ਸਾਹਿਬ ਸਿੰਘ ਜੀ ਦੀ ਪ੍ਰੇਰਨਾ ਨਾਲ, ਬਹੁਤ ਸਾਰਿਆਂ ਨੇ ਕੇਸ ਧਾਰਨ ਕਰ ਲਏ ਤੇ ਕਈਆਂ ਨੇ ਅੰਮ੍ਰਿਤ ਪਾਨ[4]

Digitized by Panjab Digital Library | www.panjabdigilib.org

ਕੀਤਾ । ਸ਼ਾਹ ਜੀਵਣੇ, ਮੁਘਿਆਣੇ, ਨੂਰਪੁਰ, ਭਰੇ, ਕੋਟ ਸੁਲਤਾਨ, ਕੋਟ ਈਸੇ ਸ਼ਾਹ ਤੇ ਅੰਮ੍ਰਿਤਸਰ ਦੇ ਵੱਡੇ ਡੇਰੇਦਾਰਾਂ ਵਿੱਚੋਂ, ਹੁਣ ਕੋਈ ਅੰਮ੍ਰਿਤਧਾਰੀ ਹੈ, ਕੋਈ ਕੇਸਾਧਾਰੀ ਤੇ ਕੋਈ ਸਹਿਜਧਾਰੀ, ਪਰ ਹਨ ਸਭ ਗੁਰੂ ਨਾਨਕ, ਗੁਰੂ ਗ੍ਰੰਥ ਦੇ ਅਨਿੰਨ[5] ਭਗਤ ਤੇ ਅਨੁਆਈ[6] । ਸਦਗੁਣਾਂ[7] ਦੀ ਪ੍ਰਾਪਤੀ ਵਿੱਚ ਤੇ ਮੁਰੀਦ-ਬਿਰਤੀ[8] ਦੇ ਧਾਰਨੀ ਹੋਣ ਵਿੱਚ ਉਹ ਕਿਸੇ ਸਨਾਤਨੀ[9] ਸਿੱਖ ਨਾਲੋਂ ਘੱਟ ਨਹੀਂ ਹਨ । ਸਮੁੱਚੇ ਤੌਰ ਤੇ, ਇਹ ਪਰਸੁਆਰਥੀ[10] ਅਭਿਆਸੀਆਂ[11] ਦੀ ਇਕ ਜਮਾਤ ਹੈ ਜਿਸ ਦੀ ਨਜ਼ਰ ਵਿਚ 'ਸੱਚ ਆਚਾਰ' ਤੋਂ ਉੱਚੀ ਕੋਈ ਚੀਜ਼ ਨਹੀਂ । ਇਹ ਲੋਕ ਬੁੱਧੀ ਦੀ ਥਾਂ ਆਤਮਕ ਅਨੁਭਵ, ਸ਼ੰਕੇ ਦੀ ਥਾਂ ਵਿਸ਼ਵਾਸ਼ ਤੇ ਸਿੱਧਾਂਤ ਦੀ ਥਾਂ ਸ਼ੁਭ ਕਰਮ ਨੂੰ ਉੱਤਮ ਜਾਣਦੇ ਹਨ । ਇਨ੍ਹਾਂ ਦਾ ਪਰਮ ਧਰਮ ਸੇਵਾ ਹੈ । ਇਸ ਸੇਵਾ ਵਿਚ ਉਹ ਰੰਗ, ਲਿੰਗ, ਜ਼ਾਤ, ਧਰਮ ਜਾਂ ਜੂਨ ਦਾ ਕੋਈ ਵਿਤਕਰਾ ਨਹੀਂ ਕਰਦੇ । ਹਰ ਪ੍ਰਾਣੀ ਮਾਤਰ,—ਪਸ਼ੂ ਪੰਛੀ ਤੇ ਜੀਆ ਜੰਤ, ਸੇਵਾ ਦਾ ਪਾਤਰ ਬਣਨ ਦੇ ਯੋਗ ਹੈ । ਭਾਈ ਸੇਵਾ ਰਾਮ ਜੀ ਨੇ ਨੂਰ ਪੁਰ ਥਲ ਵਿੱਚ ਪਹੁੰਚ ਕੇ ਪਾਣੀ ਦੀ ਤਕਲੀਫ਼ ਵੇਖੀ, ਬੱਸ ਉਦੋਂ ਹੀ ਖੂਹ ਪੁਟਾਣ ਦਾ ਉੱਦਮ ਅਰੰਭ ਦਿੱਤਾ । ਇੱਕ ਮਾਈ ਨੇ ਭਾਈ ਆਇਆ ਰਾਮ ਜੀ ਦੀ ਭੇਟ ਪੰਜ ਸੌ ਰੁਪੇ ਕੀਤੇ । ਉਨ੍ਹਾਂ ਇਸ ਪੈਸੇ ਨਾਲ, ਬੁੱਲੋ ਤੇ ਮਾੜੀ ਦੇ ਪਿੰਡਾਂ ਵਿਚਕਾਰ ਗਊਆਂ ਲਈ ਇੱਕ ਵੱਡਾ ਟੋਭਾ ਪੁਟਵਾ ਦਿੱਤਾ। ਭਾਈ ਧਰਮਦਾਸ ਜੀ ਨੂੰ ਕੋਈ ਪੈਸੇ ਦੇ ਗਿਆ, ਉਨ੍ਹਾਂ ਸਾਰੇ ਦੇ ਸਾਰੇ, ਟੋਭਿਆਂ ਦੀ ਮੁਰੰਮਤ ਉੱਤੇ ਲਾ ਦਿੱਤੇ । ਭਾਈ ਜਗਤਾ ਜੀ ਨੇ ਮਸਾਣਾਂ ਵਿਚ ਦੌਰ ਰਖਵਾ ਦਿੱਤੇ, ਪਾਣੀ ਦੇ ਭਰਵਾ ਕੇ, ਤਾਂ ਜੋ ਗਿੱਦੜਾਂ ਨੂੰ ਪਾਣੀ ਵੱਲੋਂ ਸੌਖ ਰਹੇ । ਭਾਈ ਤੀਰਥ ਸਿੰਘ ਜਦੋਂ ਮੁਘਿਆਣੇ ਜਾ ਟਿਕੇ ਤਾਂ ਆਪ ਜਾ ਜਾ ਕੇ ਰੋਗੀ ਕੁੱਤਿਆਂ ਦੀ ਸੇਵਾ ਤੇ ਆਲ੍ਹਣੇ ਤੋਂ ਡਿੱਗੇ ਪੰਛੀਆਂ ਦੀ ਸੰਭਾਲ ਕਰਦੇ ਰਹਿੰਦੇ । ਜਦੋਂ ਟੋਭਿਆਂ ਵਿਚੋਂ ਪਾਣੀ ਸੁੱਕਣ ਲੱਗ ਜਾਂਦਾ

Digitized by Panjab Digital Library | www.panjabdigilib.org

ਤੇ ਮੱਛੀਆਂ ਦੇ ਮਰਨ ਦੀ ਸੰਭਾਵਨਾ ਪੈਦਾ ਹੋ ਜਾਂਦੀ ਤਾਂ ਮੱਛੀਆਂ ਦੇ ਘੜੇ ਭਰਵਾ ਭਰਵਾ ਕੇ ਨਦੀ ਵਿਚ ਸੁਟਵਾ ਦੇਂਦੇ ਸਨ। ਇਕ ਬੁੱਢਾ ਤੇ ਰੋਗੀ ਖੋਤਾ ਜਿਸ ਨੂੰ ਕਿਸੇ ਮਾਲਕ ਨੇ ਨਿਕਾਰਾ ਸਮਝ ਕੇ ਧੱਕਾ ਦੇ ਦਿੱਤਾ ਸੀ, ਸੰਤਾਂ ਨੇ ਧਰਮਸਾਲ ਵਿੱਚ ਚੁਕਵਾ ਲਿਆਂਦਾ ਤੇ ਉਸ ਦੀ ਸੇਵਾ ਸ਼ੁਰੂ ਕਰ ਦਿੱਤੀ। ਇੱਕ ਵਾਰੀ ਭਾਈ ਜਗਤਾ ਜੀ ਮੁਖਿਆਣੇ ਗਏ। ਰਸਤੇ ਵਿੱਚ ਵੇਖਿਆ ਕਿ ਪਾਣੀ ਬਹੁਤ ਖੜਾ ਹੈ ਜਿਸ ਕਰ ਕੇ ਮੁਸਾਫਰਾਂ ਨੂੰ ਲੰਘਣ ਟੱਪਣ ਵੇਲੇ ਬੜਾ ਕਸ਼ਟ ਹੁੰਦਾ ਹੈ। ਇਸ ਕਸ਼ਟ ਨੂੰ ਦੂਰ ਕਰਨ ਲਈ ਆਪ ਨੇ ਓਥੇ ਪੁਲ ਬਣਵਾਉਣਾ ਸ਼ੁਰੂ ਕਰ ਦਿੱਤਾ।

ਸੇਵਾ ਪੰਥੀਆਂ ਦੀ ਕੋਮਲਤਾ, ਜੀਵ-ਰੱਖਿਆ, ਹਮਦਰਦੀ, ਦਿਆਲਤਾ ਤੇ ਅਹਿੰਸਾ ਆਦਿ ਗੁਣ, ਇਨ੍ਹਾਂ ਨੂੰ ਬੋਧੀ-ਜੈਨੀ ਮੱਤਾਂ ਦੇ ਹੱਕੀ[12] ਵਾਰਿਸ ਬਣਾਉਂਦੇ ਹਨ।

ਭਾਈ ਰਾਮਦਿਆਲ ਜੀ ਸਿਆਲ ਵਿੱਚ ਅੱਧੀ ਰਾਤ ਵੇਲੇ ਤੇ ਹੁਨਾਲ ਵਿੱਚ ਦੁਪਹਿਰਾਂ ਨੂੰ ਸਫ਼ਰ ਲਈ ਬਾਹਰ ਨਿਕਲਦੇ ਹੁੰਦੇ ਸਨ ਤਾਂ ਜੋ ਕੋਈ ਜੀਵ ਜੰਤੂ ਉਨ੍ਹਾਂ ਦੇ ਪੈਰਾਂ ਹੇਠ ਆ ਕੇ ਮਰ ਨਾ ਜਾਏ। ਅੰਮ੍ਰਿਤਸਰ ਵਿੱਚ ਭਾਈ ਪਰਮੇ ਦਾ ਡੇਰਾ ਸੀ ਜਿਸ ਵਿੱਚ ਆਏ ਗਏ ਮੁਸਾਫ਼ਰ ਟਿਕੇ ਰਹਿੰਦੇ ਸਨ, ਸੀ ਜ਼ਰਾ ਸ਼ਹਿਰੋਂ ਬਾਹਰ ਵਾਰ। ਇਕ ਦਿਨ ਕੁੱਝ ਸਾਧੂਆਂ ਨੇ ਆ ਡੇਰਾ ਕੀਤਾ। ਚੋਰ ਉਨ੍ਹਾਂ ਨੂੰ ਤਕੜੀਆਂ ਅਸਾਮੀਆਂ ਸਮਝ ਕੇ ਆ ਪਏ। ਭਾਈ ਪਰਮੇ ਨੇ ਤੀਰ ਕਮਾਨ ਹੱਥ ਵਿਚ ਫੜਿਆ ਤੇ ਦਰਵਾਜ਼ੇ ਦਾ ਇਕ ਪਟ ਬੰਦ ਕਰ ਕੇ ਦਲ੍ਹੀਜ਼ਾਂ ਵਿਚ ਖੜਾ ਹੋ ਗਿਆ। ਚੋਰਾਂ ਨੇ ਉਸ ਨੂੰ ਅੱਗੋਂ ਹਟ ਜਾਣ ਲਈ ਬਥੇਰਾ ਕਿਹਾ ਪਰ ਉਹ ਨਾ ਹਟਿਆ। ਉਨ੍ਹਾਂ ਕੱਸ ਕੇ ਇਕ ਤੀਰ ਭਾਈ ਪਰਮੇ ਦੀ ਛਾਤੀ ਵਿਚ ਮਾਰਿਆ ਪਰ ਉਹ ਆਪਣੀ ਥਾਂ ਤੋਂ ਨਾ ਹਿਲਿਆ, ਤੇ ਆਪ ਤੀਰ ਨਾ ਚਲਾਇਆ ਕਿ ਕਿਤੇ ਉਨ੍ਹਾਂ ਨੂੰ ਸੱਚੀ ਮੁੱਚੀ ਲਗ ਨਾ ਜਾਵੇ। ਉਹ ਕਹਿੰਦੇ ਸਨ ਅਸੀਂ ਤਾਂ ਡਰਾਵਾ ਰੱਖਿਆ

Digitized by Panjab Digital Library | www.panjabdigilib.org

ਹੋਇਆ ਹੈ, ਕੋਈ ਜੀਵ-ਹੱਤਿਆ ਤਾਂ ਨਹੀਂ ਕਰਨੀ ! ਕੁੱਝ ਸੇਵਾ ਪੰਥੀ ਭਾਈ ਭੱਲਾ ਰਾਮ ਜੀ ਨੂੰ ਮਿਲਣ ਲਈ ਨੂਰ ਪੁਰ ਵੱਲ ਤੁਰ ਪਏ । ਰਾਹ ਵਿਚ ਬੜੀ ਸਖ਼ਤ ਤੇਹ ਲਗੀ ਪਰ ਆਸ ਪਾਸ ਕਿਤੇ ਪਾਣੀ ਨਹੀਂ ਸੀ । ਇਕ ਬੰਦੇ ਕੋਲ ਥੋੜ੍ਹਾ ਜਿਹਾ ਪਾਣੀ ਸੀ । ਉਸ ਨੇ ਝੱਟ ਦੂਜਿਆਂ ਨੂੰ ਸੰਬੋਧਨ ਕਰ ਕੇ ਕਿਹਾ "ਜਿਸ ਨੂੰ ਲੋੜ ਹੋਵੇ ਪੀ ਲਵੇ" । ਅੱਗੋਂ ਸਾਧਾਂ ਨੇ ਕਿਹਾ, 'ਤੁਸੀਂ ਹੀ ਪੀ ਲਵੋ" । ਉਹ ਕਹਿਣ ਲੱਗਾ ਮੇਰੀ ਸੁੱਖ ਹੈ । ਤੁਸੀਂ ਪੀਓ ਤੇ ਇਸੇ ਤਰ੍ਹਾਂ ਇਕ ਦੂਜੇ ਨੂੰ ਹੀ ਪਾਣੀ ਪੇਸ਼ ਕਰਦੇ ਰਹੇ ।

ਅਜਿਹੇ ਕਈ ਆਪਾ-ਵਾਰੂ ਪਰਉਪਕਾਰ ਦੁਨੀਆਂ ਦੇ ਉੱਚੇ ਤੋਂ ਉੱਚੇ ਅਖ਼ਲਾਕੀ ਸਾਹਿੱਤ ਦਾ ਅੰਗ ਬਣਨ ਦੇ ਜੋਗ ਹਨ। ਅਨੇਕਾਂ ਪ੍ਰਸੰਗ ਆਉਂਦੇ ਹਨ ਜਿਨ੍ਹਾਂ ਵਿੱਚ ਸੰਤਾਂ ਨੂੰ ਦੁਖੀਆਂ ਤੇ ਰੋਗੀਆਂ ਦੀ ਟਹਿਲ ਵਿਚ ਤਤਪਰ[10] ਵਿਖਾਇਆ ਗਿਆ ਹੈ । ਕੁੱਝ ਪ੍ਰਸੰਗ ਇਸ ਤਰ੍ਹਾਂ ਹਨ :

ਭਾਈ ਜਗਤਾ ਜੀ ਨੂਰਪੁਰ ਦੀ ਧਰਮਸਾਲ ਵਿੱਚ ਬੈਠੇ ਸਨ ਕਿ ਇਕ ਚੂਹੜੀ ਆਈ ਜਿਸ ਦੇ ਸਿਰ ਤੇ ਕਪੜਿਆਂ ਵਿੱਚ ਕੀੜੇ ਪਏ ਹੋਏ ਸਨ ਤੇ ਬੇਨਤੀ ਕਰਨ ਲੱਗੀ, "ਹੇ ਭਾਈ ਜੀ, ਮੇਰਾ ਕੋਈ ਆਸਰਾ ਨਹੀਂ ਤੂੰ ਪਰਉਪਕਾਰੀ ਸੁਣੀਂਦਾ ਹੈ, ਮੈਨੂੰ ਬਚਾ ।" ਭਾਈ ਜੀ ਨੇ ਉਸ ਨੂੰ ਇਕ ਕੁਟੀਆ ਬਣਵਾ ਦਿੱਤੀ ਤੇ ਉਸ ਨੂੰ ਗੋਬਿੰਦ-ਰੂਪ[13] ਜਾਣ ਕੇ, ਉਸ ਦੇ ਇਸ਼ਨਾਨ, ਕੰਘੀ ਤੇ ਰੋਟੀ ਆਦਿ ਦੀ ਸੇਵਾ ਆਪ ਸਾਂਭ ਲਈ । ਇਕ ਵਾਰੀ ਠੰਢ ਤੇ ਮੀਂਹ ਦੇ ਪਿੰਜੇ ਹੋਏ ਕੁੱਝ ਹਲਾਲਖ਼ੋਰ[14] ਭਾਈ ਜਗਤੇ ਦੀ ਧਰਮਸਾਲ ਦੀ ਕੰਧ ਦੀ ਓਟ ਲੈ ਕੇ ਖੜੇ ਹੋ ਗਏ, ਤੇ ਭਿੱਟ ਦੇ ਡਰ ਤੋਂ ਅੰਦਰ ਦਾਖ਼ਲ ਨਾ ਹੋਏ ਕਿ ਅਸੀਂ ਹਲਾਲਖ਼ੋਰ ਜੋ ਹੋਏ । ਭਾਈ ਜੀ ਨੇ ਤੁਰਤ ਕਿਹਾ, "ਅਸੀਂ ਹਰਾਮਖ਼ੋਰ ਅੰਦਰ ਬੈਠੀਏ ਤੇ ਤੁਸੀਂ ਹਲਾਲਖ਼ੋਰ ਬਾਹਰ ਖੜੋਵੋ, ਇਹ ਕਿਵੇਂ ਹੋ ਸਕਦਾ ਹੈ ?" ਤੇ ਉਨ੍ਹਾਂ

Digitized by Panjab Digital Library | www.panjabdigilib.org

ਨੂੰ ਅੰਦਰ ਲਿਜਾ ਕੇ ਹੇਠਾਂ ਲਈ ਸਫ਼ਾਂ, ਉੱਪਰ ਵਾਸਤੇ ਭੂਰੇ, ਤੇ ਖਾਣ ਨੂੰ ਰੋਟੀਆਂ ਦਿੱਤੀਆਂ। ਇਉਂ ਉਨ੍ਹਾਂ ਦੀ ਰਾਤ ਬੜੇ ਆਰਾਮ ਨਾਲ ਲੰਘੀ। ਭਾਈ ਸਾਧੂ ਸਿੰਘ ਬਾਰਾਂ ਸਾਲ ਰਾਤ ਨੂੰ ਸੁੱਤੇ ਨਹੀਂ ਤੇ ਧਰਮਸਾਲ ਵਿੱਚ ਆਏ ਪਰਦੇਸੀਆਂ ਦੀ ਮੁੱਠੀ ਚਾਪੀ ਕਰਦੇ ਰਹੇ।

ਕਰੀਬ ਕਰੀਬ ਹਰ ਸੇਵਾ ਪੰਥੀ ਡੇਰੇ ਵਿਚ ਲੋੜਵੰਦਾਂ ਲਈ ਮਲ੍ਹਮ ਤੇ ਹੋਰ ਦਵਾਈਆਂ ਰੱਖੀਆਂ ਹੁੰਦੀਆਂ ਹਨ।

ਸੇਵਾ ਪੰਥ, ਜਿਵੇਂ ਕਿ ਉਪਰੋਕਤ ਹਵਾਲਿਆਂ ਤੋਂ ਪ੍ਰਗਟ ਹੈ, ਇਕ ਲੋਕ-ਸੇਵਕ ਸਭਾ ਹੈ, ਇਕ ਸਰਵੈਂਟਸ ਔਫ਼ ਦੀ ਪੀਪਲ ਸੋਸਾਇਟੀ ਜਾਂ ਇਕ ਤਰ੍ਹਾਂ ਦੀ ਰੈਡ ਕਰੌਸ ਸੁਸਾਇਟੀ, ਜਿਸ ਦਾ ਆਦਰਸ਼ ਇਕ ਸ਼ਾਂਤਮਈ, ਨਿਰਚਾਹ, ਨਿਰਹੰਕਾਰ, ਨਿਰਕਾਮਨਾ[15], ਉਪਰਾਮ[16] ਤੇ ਸਾਧ ਬਿਰਤੀ ਵਾਲੇ ਸਾਰਗ੍ਰਾਹੀ[17] ਵਿਅਕਤੀ ਦੀ ਉਸਾਰੀ ਸੀ। ਇਸ ਉਸਾਰੀ ਦਾ ਇਕ ਮੂਲ ਅਭਿਆਸ ਹੈ ਸੇਵਾ, ਪ੍ਰਗਟ ਤੇ ਗੁਪਤ,—ਤਨ, ਮਨ ਤੇ ਧਨ ਕਰ ਕੇ। ਇਸ ਸੇਵਾ ਦਾ ਖ਼ਿਆਲ ਜਦੋਂ ਅਵੱਸ[18] ਤੇ ਸੁਭਾਵਕ ਉਮਾਹ ਬਣ ਕੇ ਪ੍ਰਗਟ ਹੋਣ ਲਗ ਪਵੇ ਤਾਂ ਸੇਵਾ ਪੰਥੀ ਸਮਝਦੇ ਹਨ ਕਿ ਜਗਿਆਸੂ[19] ਠੀਕ ਰਸਤੇ ਤੇ ਚੱਲ ਪਿਆ ਹੈ, ਪਰ ਜਦੋਂ ਕਿਸੇ ਨੂੰ ਸੇਵਾ ਲਈ ਹਰ ਵੇਲੇ ਤੁੱਖਣੀ[20] ਦੇਣੀ ਪਵੇ ਤਾਂ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਅਜੇ ਇਸ ਨੂੰ ਆਪਣਾ ਆਪ ਦੂਜਿਆਂ ਨਾਲੋਂ ਪਿਆਰਾ ਲਗਦਾ ਹੈ। ਇਸ ਲਈ, ਉਸ ਨੂੰ ਫੇਰ ਆਪਣਾ ਵੱਡੇ ਤੋਂ ਵੱਡਾ ਸੁਖ ਭੁਲਾ ਕੇ ਦੂਜਿਆਂ ਦੇ ਛੋਟੇ ਤੋਂ ਛੋਟੇ ਸੁਖ ਦਾ ਖ਼ਿਆਲ ਰੱਖਣ ਦਾ ਸੁਭਾ ਦ੍ਰਿੜ੍ਹ ਕਰਵਾਇਆ ਜਾਂਦਾ ਹੈ।

ਦੂਜੀ ਮੂਲ ਚੀਜ਼, ਸੇਵਾ ਪੰਥ ਵਿੱਚ, ਕਿਰਤ ਹੈ—ਦਸਾਂ ਨਹੁੰਆਂ ਦੀ ਕਮਾਈ ਕਰ ਕੇ ਆਪਣਾ ਨਿਰਬਾਹ ਕਰਨਾ। ਇਹ ਸੇਵਾ-ਪੰਥੀ ਸਾਧੂਆਂ ਦਾ ਸਭ ਤੋਂ ਸੁੰਦਰ ਅਸੂਲ ਹੈ। ਹਿੰਦੁਸਤਾਨ ਵਿਚ ਜਿੰਨੇ ਤਿਆਗੀ ਮੱਤ ਉਪਜਦੇ ਰਹੇ ਉਹਨਾਂ ਸਾਰਿਆਂ ਦੀ ਤਾਨ ਭਿਖ ਮੰਗਣ ਤੇ ਹੀ ਟੁੱਟਦੀ ਰਹੀ ਹੈ। ਉਨ੍ਹਾਂ ਨੂੰ ਭਾਈ ਗੁਰਦਾਸ ਦਾ ਮਿਹਣਾ ਹੈ :—

Digitized by Panjab Digital Library | www.panjabdigilib.org

ਹੋਇ ਅਤੀਤ[21], ਗ੍ਰਿਹਸਤ ਤਜ[22],
ਫਿਰ ਉਨਹੂ ਕੇ ਘਰ ਮੰਗਣ ਜਾਈ !

ਹਿਦੂਆਂ ਮੁਸਲਮਾਨਾਂ ਦੇ ਅਨੇਕਾਂ ਭੇਖ ਉਕਾਬੀ[24] ਆਦਰਸ਼ ਲੈ ਕੇ ਮੈਦਾਨ ਵਿਚ ਨਿੱਤਰੇ ਪਰ ਕਰੀਬ ਕਰੀਬ ਸਾਰੇ ਗ਼ਰੀਬ ਕਿਰਤੀਆਂ ਦੇ ਘਰਾਂ ਦੇ ਸਾਹਮਣੇ ਅਲੱਖ ਗਜਾਉਂਦੇ[25], ਤੂੰਬੀਆਂ ਟੁਣਕਾਉਂਦੇ ਜਾਂ ਖੜਤਾਲਾਂ ਵਜਾਉਂਦੇ ਨਜ਼ਰ ਪੈਂਦੇ ਹਨ । ਕੋਈ ਸੇਵਾ ਪੰਥੀ ਕਦੀ ਇਸ ਦੁਰਦਸ਼ਾ ਵਿੱਚ ਨਹੀਂ ਦੇਖਿਆ ਗਿਆ ਕਿਉਂਕਿ ਇਨ੍ਹਾਂ ਦਾ ਵੱਡੇ ਤੋਂ ਵੱਡਾ ਸੰਤ ਵੀ ਮੁੰਜ ਵੱਟ ਕੇ, ਭਾਰ ਚੁੱਕ ਕੇ ਜਾਂ ਕੋਈ ਹੋਰ ਕਿਰਤ ਕਰ ਕੇ ਆਪਣੇ ਗੁਜ਼ਾਰੇ ਜੋਗਾ ਆਪ ਕਮਾ ਲੈਂਦਾ ਹੈ । ਭਾਈ ਆਇਆ ਰਾਮ ਜੀ ਨੇ ਭਾਈ ਧਰਮ ਦਾਸ ਜੀ ਨੂੰ ਉਪਦੇਸ਼ ਕੀਤਾ ਕਿ ਪੂਜਾ ਲੈਣ ਲਈ ਦੂਜਿਆਂ ਦੇ ਦਰਾਂ ਉੱਤੇ ਜਾਣਾ ਛੱਡ ਦਿਓ ਤੇ ਮੁੰਢ ਦੀ ਕਿਰਤ ਕਰੋ । ਇਸੇ ਤਰ੍ਹਾਂ, ਇਕ ਵਾਰੀ ਭਾਈ ਹਰੀ ਸਿੰਘ ਨੇ ਭਾਈ ਜੀਤ ਸਿੰਘ ਫ਼ਰੂਕੇ ਵਾਲੇ ਨੂੰ ਆਗਿਆ ਕੀਤੀ ਕਿ ਮੁੰਢ ਦੀ ਕਿਰਤ ਜਿੰਨੀ ਹੋ ਸਕੇ, ਕਰ ਛੱਡਣੀ ।

ਜਿਸ ਤਰ੍ਹਾਂ, ਸੇਵਾ ਵਾਲੇ ਪਾਸੇ, ਪਾਣੀ ਦਾ ਪ੍ਰਬੰਧ ਕਰਨ ਨਾਲ ਸੇਵਾ ਪੰਥੀਆਂ ਦਾ ਖ਼ਾਸ ਪ੍ਰੇਮ ਹੈ, ਇਸੇ ਤਰ੍ਹਾਂ ਕਿਰਤ ਵਾਲੇ ਪਾਸੇ ਵਾਣ ਵੱਟਣਾ ਇਨ੍ਹਾਂ ਦੀ ਵਿਸ਼ੇਸ਼ ਕਿਰਿਆ ਹੈ । ਇਕ ਵਾਰੀ ਭਾਈ ਭੱਲਾ ਰਾਮ ਜੀ ਨੇ ਕੋਈ ਚੀਜ਼ ਮੁੱਲ ਲੈ ਕੇ ਵੇਚਣ ਵਾਸਤੇ ਭੇਜੀ । ਜਦੋਂ ਭਾਈ ਆਇਆ ਰਾਮ ਜੀ ਨੇ ਸੁਣਿਆ ਤਾਂ ਕਿਹਾ, "ਹੇ ਭਾਈ ਭੱਲਾ ਰਾਮ ਜੀ ! ਜੇ ਪਰਮੇਸ਼ਰ ਤੁਹਾਡੇ ਉੱਤੇ ਦਿਆਲ ਹੈ ਤਾਂ ਤੁਹਾਨੂੰ ਘਾਟਾ ਪਾਵੇ, ਕਿਉਂਕਿ ਮੁੰਢ ਦੀ ਕਿਰਤ ਤੋਂ ਬਿਨਾਂ ਹੋਰ ਵਪਾਰ ਕਰਨ ਦੀ ਲੋੜ ਨਹੀਂ ।"

ਉਂਜ ਮਨਾਹੀ ਕਿਸੇ ਕੰਮ ਦੀ ਨਹੀਂ, ਤੇ ਨਾ ਕਿਸੇ ਵੱਲੋਂ ਨਫ਼ਰਤ ਹੈ । ਸ਼ਰਤ ਕੇਵਲ ਇਹ ਹੈ ਕਿ ਜਿਹੜਾ ਕੰਮ ਕੀਤਾ ਜਾਵੇ । ਉਹ ਈਮਾਨਦਾਰੀ ਤੇ ਨੇਕ-ਨੀਅਤੀ ਨਾਲ ਕੀਤਾ ਜਾਵੇ । ਭਾਈ ਭੱਲਾ ਰਾਮ ਜੀ ਪਾਸ ਬਹੁਤ ਸਾਧ ਇਕੱਠੇ ਹੋ ਗਏ । ਉਨ੍ਹਾਂ ਵਿੱਚੋਂ ਕੋਈ ਕੋਈ, ਕਿਰਤ ਵਿਚ ਆਲਸ ਕਰਨ ਲੱਗਾ ਤਾਂ

Digitized by Panjab Digital Library | www.panjabdigilib.org

ਭਾਈ ਭੱਲਾ ਰਾਮ ਜੀ ਨੇ ਬਚਨ ਕੀਤਾ : 'ਆਪਣੀ ਆਪਣੀ ਕਿਰਤ ਕਰੇ ਪਰ ਆਪਣੇ ਪਾਸ ਪੰਜ ਰੁਪੈ ਦੀ ਮੁੰਞ ਤੇ ਪੰਜ ਰੁਪਏ ਦੇ ਦਾਣਿਆਂ ਤੋਂ ਵੱਧ ਦੀ ਮੂੜੀ[25] ਨਹੀਂ ਰੱਖਣੀ। ਕਿਰਤ ਸ਼ੁੱਧ ਕਰਨੀ; ਰੱਸੀ ਨਿੱਕੀ ਨਾ ਹੋਇ। ਮੁੰਞ ਮੋਟੀ ਨਹੀਂ ਕੁੱਟਣੀ ਇਉਂ ਭਾਈ ਅੱਡਣ ਜੀ ਦੀ ਆਗਿਆ ਹੈ।" ਇਸ ਹੁਕਮ ਨੂੰ ਸੁਣ ਕੇ ਸਭ ਸਾਧ ਆਪੋ ਆਪਣੀ ਮੁੰਞ ਤਿਆਰ ਕਰਨ ਲੱਗੇ। ਭਾਈ ਜੀ ਕਦੀ ਕਦੀ ਉਨ੍ਹਾਂ ਦਾ ਵਾਣ ਦੇਖਣ ਜਾਂਦੇ। ਜਿਸ ਕਿਸੇ ਦੀ ਰੱਸੀ ਨਿੱਕੀ ਤੇ ਕੱਚੀ ਹੁੰਦੀ ਉਹ ਚੁੱਕ ਕੇ ਚੁੱਲ੍ਹੇ ਵਿਚ ਪਾ ਦਿੰਦੇ ਤੇ ਕਹਿੰਦੇ ਕਿ ਲੋਭ ਕਰ ਕੇ ਔਖੇ ਨਾ ਹੋਵੇ, ਜੇ ਧਰਮ ਦੀ ਕਿਰਤ ਨਹੀਂ ਕਰ ਸਕਦੇ ਤਾਂ ਆਪਣੀ ਲੋੜ ਦੀਆਂ ਚੀਜ਼ਾਂ ਸਾਥੋਂ ਲੈ ਲਵੇ। ਜਿਹੜੇ ਮੁੰਞ ਵੱਟਣ ਵਾਲੇ ਸਾਧੂ ਭਾਈ ਅੱਡਣ ਜੀ ਪਾਸ ਸ਼ਾਹਦਰੇ ਰਹਿੰਦੇ ਸਨ ਉਨ੍ਹਾਂ ਨੂੰ ਭਾਈ ਸਾਹਿਬ ਨੇ ਆਗਿਆ ਕੀਤੀ ਕਿ ਜਦੋਂ ਰੱਸੀਆਂ ਵੇਚਣ ਲਾਹੌਰ ਜਾਓ, ਓਦੋਂ ਰੱਸੀ ਦਾ ਮੁੱਲ ਇਕ ਕਾਗ਼ਜ਼ ਦੇ ਟੁਕੜੇ ਉੱਤੇ ਲਿਖ ਕੇ ਰੱਸੀ ਦੇ ਨਾਲ ਬੰਨ੍ਹ ਲਓ ਤੇ ਜਦੋਂ ਕੋਈ ਮੁੱਲ ਪੁੱਛੇ ਪੁਰਜ਼ਾ ਦਿਖਾ ਦਿਓ, ਲੋਕਾਂ ਵਾਂਗ ਇਕ ਮੁੱਲ ਦੱਸ ਕੇ ਦੂਜਾ ਲੈ ਲੈਣ ਵਾਲੀ ਗੱਲ ਨਹੀਂ ਕਰਨੀ। ਵਿਅਰਥ ਬਕਵਾਸ ਵਿਚ ਇਸ ਅਮੋਲਕ ਜਨਮ ਨੂੰ ਗਵਾਉਣ ਦਾ ਕੀ ਲਾਭ? ਰੋਚੀ ਰਾਮ ਜਦੋਂ ਪਹਿਲੀ ਵਾਰੀ ਭਾਈ ਅੱਡਣ ਜੀ ਪਾਸ ਪਹੁੰਚੇ ਤਾਂ ਬੇਨਤੀ ਕੀਤੀ ਕਿ ਮੈਨੂੰ ਮੁੰਞ ਵੱਟਣ ਦੀ ਜਾਚ ਨਹੀਂ ਆਉਂਦੀ। ਭਾਈ ਸਾਹਿਬ ਨੇ ਘਾਹ ਵੱਢ ਕੇ ਲੈ ਆਉਣ ਦਾ ਸੁਝਾ ਦਿੱਤਾ। ਰੋਚੀ ਰਾਮ ਜੀ ਨੇ ਇਸੇ ਤਰ੍ਹਾਂ ਕੀਤਾ ਪਰ ਇਕ ਹਟਵਾਣੀਏ ਨਾਲ ਰੋਜ਼ ਦੀ ਬਾਨ੍ਹ ਬੰਨ੍ਹ ਲਈ। ਜਦੋਂ ਭਾਈ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਬਾਨ੍ਹ ਤੋਂ ਵਰਜਿਆ ਤੇ ਫਿਰ ਤੁਰ ਕੇ ਘਾਹ ਵੇਚਣ ਦੀ ਆਗਿਆ ਕੀਤੀ, ਕਿਉਂਕਿ ਹੋ ਸਕਦਾ ਹੈ ਕਦੀ ਮਨ ਕਹੇ ਬਾਨ੍ਹ ਤਾਂ ਬੰਨ੍ਹੀ ਹੀ ਹੋਈ ਹੈ ਤੇ ਜੇ

Digitized by Panjab Digital Library | www.panjabdigilib.org

ਘੱਟ ਲੈ ਜਾਈਏ ਤਾਂ ਕੀ ਫ਼ਰਕ ਪੈਣ ਲੱਗਾ ਹੈ ? ਇਸ ਤਰ੍ਹਾਂ ਮਨ ਨੂੰ ਆਲਸ ਦੀ ਵਾਦੀ ਪੈ ਜਾਏਗੀ ।

"ਅੱਡਣਸ਼ਾਹੀ ਸਾਧੂ ਲਈ ਜ਼ਰੂਰੀ ਸੀ", ਡਾਕਟਰ ਬਲਬੀਰ ਸਿੰਘ ਜੀ ਨੇ ਲਿਖਿਆ ਹੈ, "ਕਿ ਉਹ ਕਿਸੇ ਨਾ ਕਿਸੇ ਸ਼ਕਲ ਵਿਚ ਕਿਰਤ ਦੇ ਹੱਥ ਪੈਰ ਚਲਦੇ ਰੱਖੇ । ਜੋ ਪੁਰਸ਼ ਕਠਨ ਸੇਵਾ ਨਹੀਂ ਕਰ ਸਕਦੇ ਸਨ, ਉਨ੍ਹਾਂ ਲਈ ਸੌਖੀਆਂ ਕਿਰਤਾਂ ਦੀ ਆਗਿਆ ਸੀ, ਜੈਸਾ ਕਿ ਲਿਖਾਰੀਆਂ ਲਈ ਸਿਆਹੀ ਬਣਾਉਣੀ, ਜੋ ਦੇਰ ਤਕ ਅੱਡਣ ਸ਼ਾਹੀ ਸਿਆਹੀ ਦੇ ਨਾਮ ਨਾਲ ਮਸ਼ਹੂਰ ਰਹੀ। ਖ਼ੁਦ ਭਾਈ ਕਨ੍ਹਯਾ ਜੀ ਮਹੰਤ ਬਣ ਜਾਣ ਦੇ ਬਾਦ ਵੀ ਵਾਣ ਵੱਟਦੇ ਰਹੇ । ਅੱਡਣ ਸ਼ਾਹ ਜੀ ਆਪਣੇ ਹੱਥੀਂ ਪੁਸਤਕਾਂ ਲਿਖਦੇ ਰਹੇ । ਇਸ ਮਤ ਦੇ ਸਾਰੇ ਪੜ੍ਹੇ ਅਨਪੜ੍ਹ, ਪੁਸਤਕਾਂ ਲਿਖਣ ਦੀ, ਜਾਂ ਰੱਸੇ ਡੋਰੀਆਂ ਵੱਟਣ ਦੀ, ਜਾਂ ਸਿਆਹੀਆਂ ਬਣਾਉਣ ਦੀ ਅਤੁੱਟ ਸੇਵਾ ਕਰਦੇ ਰਹੇ ।"

ਸੋ ਕਿਰਤ ਸੇਵਾ ਪੰਥੀਆਂ ਦਾ ਇਕ ਅਟੱਲ ਅਸੂਲ ਹੈ । ਪਰ ਇਹ ਕਿਰਤ ਓਨੀ ਕੁ ਹੀ ਕਰਨੀ ਚਾਹੀਦੀ ਹੈ ਜਿਸ ਨਾਲ ਕੇਵਲ ਨਿਰਬਾਹ ਤੁਰ ਸਕੇ । ਆਮ ਤੌਰ ਤੇ ਸਾਂਭਣ, ਬਚਾ ਰੱਖਣ ਜਾਂ ਜਾਇਦਾਦ ਬਣਾਉਣ ਦੀ ਆਗਿਆ ਨਹੀਂ । ਦੁਖਭੰਜਨ ਜੀ ਜਦੋਂ ਭਾਈ ਅੱਡਣ ਜੀ ਪਾਸ ਹਾਜ਼ਰ ਹੋਏ ਤਾਂ ਬੇਨਤੀ ਕੀਤੀ, "ਹੁਣ ਜਿਵੇਂ ਤੁਸੀਂ ਹੁਕਮ ਕਰੋ, ਮੈਂ ਰਹਾਂ" । ਭਾਈ ਜੀ ਨੇ ਬਚਨ ਕੀਤਾ, "ਜਿਵੇਂ ਬਾਕੀ ਸਾਰੇ ਸਾਧ ਰਹਿੰਦੇ ਹਨ ਉਸੇ ਤਰ੍ਹਾਂ ਰਹੋ, ਜਿਹੜੀ ਕਿਰਤ ਆਉਂਦੀ ਹੈ, ਉਹੀ ਕਰ ਕੇ ਗੁਜ਼ਾਰਾ ਕਰੋ ਪਰ ਉਸ ਵਿਚ ਪਹਿਰ ਤੋਂ ਵੱਧ ਨਹੀਂ ਲਾਉਣਾ ਤੇ ਕਥਾ ਕੀਰਤਨ ਵੇਲੇ ਸੰਗਤ ਵਿਚ ਹਾਜ਼ਰ ਰਹਿਣਾ । ਇਕ ਮਹੀਨਾ ਲੰਘਿਆ ਤਾਂ ਭਾਈ ਦੁਖਭੰਜਨ ਜੀ ਨੇ ਪੰਦਰਾਂ ਰੁਪੈ ਭਾਈ ਅੱਡਣ ਜੀ ਦੇ ਅੱਗੇ ਲਿਆ ਧਰੇ । ਭਾਈ ਜੀ ਨੇ ਤਾੜਿਆ, "ਇਹ ਕਿੱਥੋਂ ਲੈ ਆਇਆ

Digitized by Panjab Digital Library | www.panjabdigilib.org

ਹੈਂ ?" ਦੁਖਭੰਜਨ ਜੀ ਨੇ ਕਿਹਾ, "ਜੀ, ਕਿਰਤ ਕਰ ਕੇ ਖੱਟ ਲਿਆਇਆ ਹਾਂ ।" ਤਬ ਭਾਈ ਅੱਡਣ ਸਾਹਿਬ ਨੇ ਬਚਨ ਕੀਤਾ, "ਹਾਲੇ ਤਾਂ ਤੈਨੂੰ ਇਕ ਪਹਿਰ ਰੋਜ਼ ਕੰਮ ਕਰਦਿਆਂ ਕੇਵਲ ਇੱਕੋ ਮਹੀਨਾ ਹੋਇਆ ਹੈ ਤੇ ਪੰਦਰਾਂ ਰੁਪੈ ਕਮਾ ਲਏ ਹਨ ਪਰ ਜੇ ਤੂੰ ਸਾਰਾ ਦਿਨ ਕਿਰਤ ਉੱਤੇ ਲਾਉਣਾ ਹੋਵੇ ਤਾਂ ਬੜੀ ਮਾਇਆ ਇਕੱਠੀ ਕਰ ਲਵੇਂਗਾ ! ਜਦ ਮਾਇਆ ਦਾ ਜੰਜਾਲ ਵਧਿਆ ਤਾਂ ਸਾਧਗੀਰੀ[26] ਕੀ ਆਖ ? ਏਥੇ ਤੇਰਾ ਕੰਮ ਨਹੀਂ, ਏਥੇ ਤਾਂ ਉਹ ਰਹੇ ਜਿਸ ਦਾ ਪੈਸੇ ਨਾਲ ਪਿਆਰ ਨਾ ਹੋਵੇ। ਜੇ ਤੂੰ ਏਥੇ ਰਹਿਣਾ ਹੈ ਤਾਂ ਇਹ ਕਿਰਤ ਤਿਆਗ ਕੇ ਉਹ ਕੰਮ ਕਰ ਜਿਸ ਨਾਲ ਬੱਧਾ ਰੋਟੀ ਦਾ ਕੰਮ ਤੁਰੀ ਜਾਏ । ਜਦੋਂ ਕਦੀ ਕਪੜਿਆਂ ਦੀ ਲੋੜ ਹੋਈ, ਵਧੀਕ ਕਿਰਤ ਕਰ ਲਈ ।"

ਉਧਾਰ ਲੈਣ ਦੀ ਪੂਰੀ ਪੂਰੀ ਮਨਾਹੀ ਹੈ ਪਰ ਆਪਣੀਆਂ ਚੀਜ਼ਾਂ ਦੂਜਿਆਂ ਨੂੰ ਵੰਡ ਦੇਣ ਵਿਚ ਸਦਾ ਤਿਆਰ ਰਹਿਣ ਦਾ ਅਭਿਆਸ ਕਰਾਇਆ ਜਾਂਦਾ ਹੈ । ਭਾਈ ਰਾਮ ਕਿਸ਼ਨ ਜੀ ਉੱਪਰ ਦੀ ਚਾਦਰ ਤੇ ਪੈਰਾਂ ਦੀ ਜੁੱਤੀ ਵੀ ਗ਼ਰੀਬਾਂ ਨੂੰ ਦੇ ਦੇਂਦੇ ਸਨ । ਇਸ ਤਰ੍ਹਾਂ ਦੀਆਂ ਕਈ ਸਾਖੀਆਂ ਆਉਂਦੀਆਂ ਹਨ ਕਿ ਪਾੜ ਲਾ ਕੇ ਚੋਰ ਅੰਦਰ ਆ ਜਾਂਦਾ ਹੈ, ਸਾਮਾਨ ਬੰਨ੍ਹ ਲੈਂਦਾ ਹੈ, ਪਰ ਚੁੱਕਿਆ ਨਹੀਂ ਜਾਂਦਾ । ਘਰ ਦਾ ਜਾਂ ਡੇਰੇ ਦਾ ਮਾਲਕ ਚੋਰ ਦਾ ਜੱਕੋਤਕਾ[27] ਵੇਖ ਕੇ ਆਪ ਉਸ ਨੂੰ ਪੰਡ ਚੁਕਾ ਦੇਂਦਾ ਹੈ । ਚੋਰ ਗਊਆਂ ਖੋਲ੍ਹ ਕੇ ਲੈ ਜਾਂਦੇ ਹਨ । ਉਨ੍ਹਾਂ ਦੇ ਮਗਰੇ ਮਗਰ, ਸੇਵਕਾਂ ਦੇ ਹੱਥ ਵੱਛੇ ਵੱਛੀਆਂ ਵੀ ਭੇਜ ਦਿੱਤੀਆਂ ਜਾਂਦੀਆਂ ਹਨ ।

ਇਹ ਲੋਕ ਕਿਰਤੀ ਤਾਂ ਹੁੰਦੇ ਹਨ ਪਰ ਗ੍ਰਿਹਸਥੀ ਨਹੀਂ ਹੁੰਦੇ । ਤੀਵੀਆਂ ਨਾਲ ਮੇਲ ਜੋਲ ਤੋਂ ਕੰਨੀ ਕਤਰਾਉਂਦੇ ਹਨ । ਕਈ ਸੰਤਾਂ ਦਾ ਤਿਰੀਆ-ਤ੍ਰਿਸਕਾਰ[28] ਮਾਨਸਕ ਬੀਮਾਰੀ ਦੀ ਹੱਦ ਤੱਕ ਵਧਿਆ ਹੋਇਆ ਹੁੰਦਾ ਹੈ । ਭਾਈ ਅੱਡਣ ਜੀ ਦੀ ਮ੍ਰਿਤੂ ਤੋਂ ਪਿੱਛੋਂ, ਭਾਈ ਆਇਆ ਰਾਮ ਜੀ, ਭਾਈ ਭੱਲਾ ਰਾਮ ਜੀ

Digitized by Panjab Digital Library | www.panjabdigilib.org

ਪਾਸ ਨੂਰਪੁਰ ਜਾ ਟਿਕੇ ਤੇ ਦਰਬਾਰ ਦੀ ਬਾਰਾਂਦਰੀ ਦੇ ਦਰਵਾਜ਼ਿਆਂ ਦੇ ਸਾਹਮਣੇ ਨਿੱਕੀਆਂ ਤੀਲੀਆਂ ਦੀਆਂ ਚਿਕਾਂ ਲਟਕਵਾ ਦਿੱਤੀਆਂ। ਜਿਹੜੀ ਮਾਈ ਮੱਥਾ ਟੇਕਣ ਆਵੇ ਉਹ ਬਾਹਰੋਂ ਹੀ ਟੇਕੇ। ਇਕ ਵਾਰੀ ਦੀ ਗੱਲ ਹੈ ਬਾਰਾਂਦਰੀ ਦੇ ਅੰਦਰ ਇਕ ਕੋਠੜੀ ਵਿਚ ਇਕੱਲੇ ਬੈਠੇ ਸਨ ਕਿ ਇਕ ਬੁੱਢੀ ਮਾਈ ਦਰਸ਼ਨਾਂ ਨਮਿੱਤ ਅੰਦਰ ਜਾ ਵੜੀ, ਭਾਈ ਸਾਹਿਬ ਨੇ ਹਾਲ ਪਾਹਰਿਆ ਮਚਾ ਦਿੱਤੀ। ਸਾਧੂਆਂ ਨੇ ਇਕੱਠੇ ਹੋ ਕੇ ਕਾਰਨ ਪੁੱਛਿਆ ਤਾਂ ਫ਼ਰਮਾਇਆ, "ਇਹ ਡਾਇਣ ਸੀ ਜਿਹੜੀ ਮਨੁੱਖ ਦਾ ਧਰਮ-ਰੂਪ ਕਲੇਜਾ ਕੱਢ ਲੈਂਦੀ ਹੈ। ਤੁਸੀਂ ਇਸ ਨੂੰ ਅੰਦਰ ਆਉਣ ਤੋਂ ਕਿਉਂ ਨਾ ਰੋਕਿਆ ?" ਭਾਈ ਜੀ ਦੇ ਇਸ ਨਾਰੀ-ਤਿਆਗ ਨੂੰ ਵੇਖ ਕੇ ਸਾਧੂ ਬੜੇ ਹੈਰਾਨ ਹੋਏ ਕਿਉਂਕਿ ਮਾਈ ਬੜੀ ਬਿਰਧ ਸੀ। ਇਕ ਵਾਰੀ ਭਾਈ ਰੋਸ਼ਨ ਜੀ ਮੁਘਿਆਣੇ ਦੀ ਧਰਮਸਾਲ ਵਿਚ ਬੈਠੇ ਸਨ ਕਿ ਇਕ ਬੰਦੇ ਨੇ ਆ ਕੇ ਬੇਨਤੀ ਕੀਤੀ, "ਮਹਾਰਾਜ ! ਜੇ ਆਪ ਫ਼ਲਾਣੇ ਨੂੰ ਹੁਕਮ ਕਰ ਦਿਓ ਤਾਂ ਮੇਰੇ ਮੁੰਡੇ ਦੀ ਮੰਗਣੀ ਹੋ ਸਕਦੀ ਹੈ। ਜੇ ਸਰ ਬਣ ਸੱਕਿਆ ਆਪ ਦੀ ਭੇਟਾ ਵੀ ਕਰਾਂਗਾ।" ਭਾਈ ਜੀ ਨੇ ਫ਼ਰਮਾਇਆ, "ਸੁਣ ਭਾਈ ! ਜੇ ਪਰਮੇਸ਼ਰ ਮੈਨੂੰ ਬਲ ਦੇਵੇ ਤਾਂ ਮੈਂ ਹਰ ਕਿਸੇ ਨੂੰ ਇਸ ਖੂਹ ਵਿਚੋਂ ਕੱਢਣ ਦਾ ਜਤਨ ਕਰਾਂ ਕਿਉਂਕਿ ਗ੍ਰਿਹਸਥ ਮਹਾਂ ਚਿੰਤਾ, ਮਹਾਂ ਪਾਪਾਂ ਤੇ ਮਹਾਂ ਦੁੱਖਾਂ ਦੀ ਖਾਣ ਹੈ। ਸੋ ਇਹ ਕੰਮ ਮੈਂ ਨਹੀਂ ਕਰ ਸਕਾਂਗਾ।" ਭਾਈ ਰਾਮ ਦਿਆਲ ਜੀ ਵਿਆਹੇ ਹੋਏ ਸਨ। ਪਰ ਭਾਈ ਅੱਡਣ ਜੀ ਨਾਲ ਪ੍ਰੇਮ ਲੱਗਾ ਤਾਂ ਪਤਨੀ ਨਾਲ ਗੱਲ ਕਰਨੀ ਛੱਡ ਦਿੱਤੀ। ਉਹ ਵਿਚਾਰੀ ਪਤੀ ਦੇ ਪਿੱਛੇ ਸ਼ਾਹਦਰੇ ਪਹੁੰਚੀ। ਉਸ ਨੂੰ ਮਗਰੋਂ ਲਾਹੁਣ ਲਈ ਭਾਈ ਰਾਮ ਦਿਆਲ ਜੀ ਨੇ ਕਈ ਜਤਨ ਕੀਤੇ ਪਰ ਉਹ ਨਾ ਟਲੀ। ਅਖ਼ੀਰ ਇਕ ਦਿਨ ਸੱਦ ਕੇ

Digitized by Panjab Digital Library | www.panjabdigilib.org

ਕਹਿਣ ਲੱਗੇ, "ਅੱਜ ਬੜੇ ਤਕੜੇ ਤਕੜੇ ਲੁਬਾਣੇ ਸਿੱਖ ਧਰਮਸਾਲ ਵਿਚ ਆਏ ਹੋਏ ਹਨ । ਤੂੰ ਜਿਸ ਨੂੰ ਪਸੰਦ ਕਰੇਂ ਮੈਂ ਤੈਨੂੰ ਉਸੇ ਨਾਲ ਤੋਰ ਦਿਆਂ" । ਇਹ ਕਠੋਰ ਬਚਨ ਸੁਣ ਕੇ ਉਸ ਗ਼ਰੀਬਣੀ ਦਾ ਮਨ ਟੁੱਟ ਗਿਆ ਤੇ ਉਹ ਕਿਤੇ ਟਿਭ ਗਈ[29] ।

ਸੇਵਾ ਪੰਥ ਇਕ ਮੱਠ-ਵਾਸੀ[30] ਸੰਪਰਦਾ ਹੈ, ਜਿਹੜੀ ਟੱਬਰਦਾਰੀ ਨੂੰ ਸੇਵਾ ਵਾਲੇ ਉੱਦੇਸ਼ ਦੀ ਪੂਰਤੀ ਵਿਚ ਵਿਘਨ ਸਮਝਦੀ ਹੈ । ਉਂਜ, ਅਣਵਿਆਹੇ ਮੱਠ-ਵਾਸੀਆਂ ਦੀਆਂ ਕੁਰੀਤੀਆਂ ਜਗਤ ਪ੍ਰਸਿੱਧ ਹਨ । ਮੱਧ-ਕਾਲ[31] ਦੇ ਈਸਾਈ ਮੱਠ-ਵਾਸੀਆਂ ਦੇ ਦੁਰਾਚਾਰ[32] ਬਾਰੇ ਬੇਅੰਤ ਨਾਵਲ ਲਿਖੇ ਮਿਲਦੇ ਹਨ, ਪਰ ਸੇਵਾ ਪੰਥੀਆਂ ਬਾਰੇ ਇਸ ਤਰ੍ਹਾਂ ਦੀ ਕੋਈ ਅਫ਼ਵਾਹ ਕਦੀ ਸੁਣਨ ਵਿਚ ਨਹੀਂ ਆਈ । ਇਸ ਦਾ ਇਕ ਕਾਰਨ-ਤਾਂ ਕਿਰਤ ਉੱਤੇ ਦਿੱਤਾ ਗਿਆ ਜ਼ੋਰ ਹੈ, ਦੂਜੇ ਖਾਣ ਪਹਿਨਣ ਵਿਚ ਸੰਜਮ ਦੀ ਵਰਤੋਂ । ਭਾਈ ਟਹਿਲ ਦਾਸ ਜੀ ਨੇ ਤੋਲ ਕੇ ਥੋੜ੍ਹਾ ਅੰਨ ਖਾਣ ਦਾ ਨੇਮ ਬਣਾਇਆ ਸੀ । ਭਾਈ ਦੁਖਭੰਜਨ ਜੀ ਅਧੀ ਰੋਟੀ ਦਾ ਆਹਾਰ ਕਰਦੇ ਹੁੰਦੇ ਸਨ ।

ਕਪੜਿਆਂ ਦੇ ਸੰਬੰਧ ਵਿਚ ਵੀ ਸੇਵਾ ਪੰਥੀਆਂ ਨੇ ਕਾਫ਼ੀ ਸੰਕੋਚ ਤੋਂ ਕੰਮ ਲਿਆ ਹੈ । ਭਾਈ ਅਡਣ ਜੀ ਤਕ ਇਸ ਪੰਥ ਦੇ ਕੋਈ ਖ਼ਾਸ ਵਖੇਵੇਂ ਵਾਲੇ ਕਪੜੇ ਨਹੀਂ ਸਨ ਹੁੰਦੇ । ਚਿੱਟੇ ਕਪੜੇ ਪਸੰਦ ਕੀਤੇ ਜਾਂਦੇ ਸਨ । ਕਈ ਵਾਰੀ ਇਸ ਤਰਾਂ ਹੁੰਦਾ ਸੀ ਕਿ ਸਿਪਾਹੀ ਲੋਕ ਇਨ੍ਹਾਂ ਨੂੰ ਮਾਮੂਲੀ ਬੰਦੇ ਸਮਝ ਕੇ ਵਗਾਰ ਵਿਚ ਆਪਣਾ ਭਾਰ ਚੁਕਾ ਲੈਂਦੇ ਸਨ । ਸਾਧੂ ਅੱਗੋਂ ਬੋਲਦੇ ਨਹੀਂ ਸਨ ਹੁੰਦੇ ਤੇ ਭਾਰ ਢੋ ਦੇਂਦੇ ਸਨ । ਇਹ ਵੇਖ ਕੇ ਕਈ ਹਮਦਰਦਾਂ ਨੇ ਭਾਈ ਅੱਡਣ ਜੀ ਪਾਸ ਬੇਨਤੀ ਕੀਤੀ ਕਿ ਜੇ ਸਾਧਾਂ ਦਾ ਕੋਈ ਚਿੰਨ੍ਹ ਹੋਵੇ ਤਾਂ ਵਗਾਰ ਤੋਂ ਬਚ ਰਹਿਣਗੇ । ਤਾਂ ਭਾਈ ਸਾਹਿਬ ਨੇ ਸਿੱਧੀਆਂ ਟੋਪੀਆਂ ਪੁਵਾਈਆਂ ਤੇ ਲੱਕ ਇਕਬਰਾ ਜਾਂ ਡਿਉਢਾ ਸਾਫ਼ਾ ਪਾਉਣ ਦੀ ਆਗਿਆ ਦਿੱਤੀ । 'ਜੀਵਨ ਸੀ ਸੰਤ ਰਾਮ

Digitized by Panjab Digital Library | www.panjabdigilib.org

ਕਿਸ਼ਨ ਜੀ' ਵਿਚ, ਜੋ ਸ਼ਾਇਦ ਭਾਈ ਵੀਰ ਸਿੰਘ ਜੀ ਦੀ ਕ੍ਰਿਤ ਹੈ, ਲਿਖਿਆ ਹੈ, "ਅਕਸਰ ਵੇਰ ਐਸਾ ਹੋਇਆ ਹੈ ਕਿ ਟਿਕਾਣੇ ਦੀ ਇਕ ਕੁਟੀਆ ਵਿਚ ਚਾਰ ਸਾਧੂ ਰਹਿੰਦੇ ਸਨ, ਇਕ ਇਕ ਨੁੱਕਰ ਵਿਚ ਇਕ ਇਕ ਦਾ ਡੇਰਾ ਹੈ। ਹਰ ਕੋਈ ਉੱਥੇ ਹੀ ਮੁੰਢ ਕੁੱਟ ਕੇ ਵਾਣ ਵੱਟਦਾ ਹੈ। ਟੋਪੀ ਯਾ ਜੇ ਕੇਸਾਧਾਰੀ ਹੈ ਤਾਂ ਨਿੱਕੀ ਪੱਗ, ਲੰਗੋਟੀ ਜਾਂ ਕਛਹਿਰਾ ਤੇ ਸਿਆਲ ਹੋਵੇ ਤਾਂ ਅੱਧੀਆਂ ਬਾਹਾਂ ਦੀ ਕੁੜਤੀ—ਏਹ ਸ਼ੈਆਂ ਹਰੇਕ ਦੀਆਂ ਆਪੋ ਆਪਣੀਆਂ ਵੱਖਰੀਆਂ ਹਨ, ਪਰ ਚਾਦਰਾ ਚਹੁੰਆਂ ਦਾ ਇੱਕੋ ਸਾਂਝਾ ਹੈ। ਜਿਹੜਾ ਕੋਈ ਬਾਹਰ ਕਿਸੇ ਕਾਰਜ ਜਾਂ ਮੁੰਢ ਖ਼ਰੀਦਣ ਜਾਵੇ, ਇਸ ਚਾਦਰੇ ਦੀ ਬੁੱਕਲ ਮਾਰ ਜਾਵੇ, ਫੇਰ ਆ ਕੇ ਟੰਗਣੇ ਤੇ ਧਰ ਦੇਵੇ।"

Digitized by Panjab Digital Library | www.panjabdigilib.org

ਬਲਵੰਤ ਗਾਰਗੀ

# ਭਗਤ ਸਿੰਘ

ਅਸੈਂਬਲੀ ਦੇ ਮੈਂਬਰ ਪਬਲਿਕ ਸੇਫ਼ਟੀ ਬਿੱਲ ਦੇ ਕਾਗਜ਼ਾਂ ਨੂੰ ਫੋਲ ਰਹੇ ਸਨ, ਜਦ ਤਰਮੀਮਾਂ[1] ਦੀ ਖੱਚ ਖੱਚ ਤੇ ਘੁਸਰ ਮੁਸਰ ਉੱਤੇ ਅਚਾਨਕ ।ਇਕ ਬੰਬ ਦਾ ਧਮਾਕਾ ਪਿਆ। ਸਾਰੇ ਮੈਂਬਰ ਕੰਬ ਉੱਠੇ। ਕਈ ਅੰਗਰੇਜ਼ ਮੇਜ਼ਾਂ ਹੇਠਾਂ ਲੁੱਕ ਗਏ। ਭਾਜੜ ਮੱਚ ਗਈ। ਕੁਰਸੀਆਂ ਉਲਟ ਗਈਆਂ। ਗੈਲਰੀ ਉੱਤੇ ਦੋ ਨੌਜਵਾਨ ਹੱਥ ਵਿਚ ਪਸਤੌਲ ਲਈ ਖੜੇ ਹੱਸ ਰਹੇ ਸਨ। ਇਹ ਭਗਤ ਸਿੰਘ ਤੇ ਦੱਤ ਸਨ।

ਭਗਤ ਸਿੰਘ ਨੇ ਹੱਸਦੇ ਹੋਏ ਆਖਿਆ: "ਮੈਂ ਇਨ੍ਹਾਂ ਬੋਲਿਆਂ ਨੂੰ ਆਵਾਜ਼ ਸੁਣਾਉਣ ਖ਼ਾਤਰ ਇਹ ਪਟਾਖ਼ਾ ਚਲਾਇਆ ਹੈ। ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਇਸ ਬਿੱਲ ਨੂੰ ਪਸਦ ਨਹੀਂ ਕਰਦੇ"।

ਕੁੱਝ ਮਿੰਟ ਸਿਪਾਹੀਆਂ ਨੂੰ ਵੀ ਇਨ੍ਹਾਂ ਦੇ ਨੇੜ ਆਉਣ ਦੀ ਹਿੰਮਤ ਨਾ ਹੋਈ। ਪਰ ਭਗਤ ਸਿੰਘ ਹੁਰਾਂ ਦਾ ਮੰਤਵ ਤਾਂ ਹਕੂਮਤ ਦੀਆਂ ਸਕਮਾਂ ਤੇ ਕਾਨੂੰਨਾਂ ਦਾ ਪਾਜ ਖੋਲ੍ਹਣਾ ਸੀ। ਕੁੱਝ ਚਿਰ ਪੱਛੋਂ ਜਦ ਪੁਲਸ ਨੇ ਉਨ੍ਹਾਂ ਨੂੰ ਆਪਣੀ ਹਰਾਸਤ[2] ਵਿਚ ਲੈ

Digitized by Panjab Digital Library | www.panjabdigilib.org

ਲਿਆ ਤਾਂ ਅਸੈਂਬਲੀ ਦਾ ਉਸ ਦਿਨ ਦਾ ਇਜਲਾਸ ਬਰਖ਼ਾਸਤ ਹੋ ਗਿਆ ।

੧੨ ਜੂਨ ੧੯੨੯ ਨੂੰ ਅਸੈਂਬਲੀ ਵਿਚ ਬੰਬ ਸੁੱਟਣ ਵਾਲੇ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ । ਜਦ ਅਦਾਲਤ ਨੇ ਕਾਲੇ ਪਾਣੀ ਦੀ ਸਜ਼ਾ ਸੁਣਾਈ ਤਾਂ ਭਗਤ ਸਿੰਘ ਨੇ "ਇਨਕਲਾਬ ਜ਼ਿੰਦਾਬਾਦ !" "ਡਾਊਨ ਡਾਊਨ ਯੂਨੀਯਨ ਜੈਕ" ਦੇ ਨਾਹਰਿਆਂ ਨਾਲ ਅਸਮਾਨ ਗੂੰਜਾ ਦਿੱਤਾ । ਇਸ ਪਿੱਛੋਂ ਇਨ੍ਹਾਂ ਨੂੰ ਲਾਹੌਰ ਲਿਆਂਦਾ ਗਿਆ ।

ਭਗਤ ਸਿਘ ਦਾ ਜਨਮ ੧੯੦੭ ਵਿਚ ਹੋਇਆ । ਉਸ ਦਿਨ ਉਨ੍ਹਾਂ ਦੇ ਪਿਤਾ ਸ. ਕਿਸ਼ਨ ਸਿੰਘ ਨੇਪਾਲ ਤੋਂ ਆਏ ਸਨ । ਉਨ੍ਹਾਂ ਦੇ ਚਾਚਾ ਸ. ਸੰਪੂਰਨ ਸਿਘ ਜੇਲ੍ਹ ਤੋਂ ਛੁੱਟ ਕੇ ਆਏ ਸਨ । ਉਸੇ ਦਿਨ ਖ਼ਬਰ ਮਿਲੀ ਕਿ ਉਨ੍ਹਾਂ ਦੇ ਦੂਜੇ ਚਾਚਾ ਸ. ਅਜੀਤ ਸਿੰਘ ਮਾਂਡਲੇ ਜੇਲ ਤੋਂ ਰਿਹਾ ਹੋ ਕੇ ਆ ਰਹੇ ਹਨ । ਸਾਰੇ ਲੋਕਾਂ ਨੇ ਭਗਤ ਸਿੰਘ ਨੂੰ ਭਾਗਾਂ ਵਾਲਾ ਸਮਝਿਆ । ਤੇ ਉਸ ਦਾ ਨਾਉਂ ਕਾਫ਼ੀ ਚਿਰ ਤੀਕ ਘਰ ਵਿੱਚ 'ਭਾਗਾਂ ਵਾਲਾ' ਈ ਪੱਕਿਆ ਰਿਹਾ ।

ਭਗਤ ਸਘ ਹਾਲੇ ਤਿੰਨ ਸਾਲ ਦਾ ਈ ਸੀ ਕਿ ਉਸ ਦੀ ਗੰਵਾਂਢਣ ਨੇ ਉਸ ਨੂੰ ਪੁੱਛਿਆ, 'ਭਾਗਾਂ ਵਾਲਿਆ ! ਅੱਜ ਕੱਲ ਤੁਸੀਂ ਬੀਜਦੇ ਕੀ ਓ ?' ਭਗਤ ਸਿੰਘ ਨੇ ਜਵਾਬ ਦਿੱਤਾ, "ਅਸੀਂ ਦਮੂੰਖਾਂ ਬੀਜਦੇ ਆਂ" । ਇਹ ਜਵਾਬ ਉਸ ਦੀ ਮਾਨਸਕ ਤਰਬੀਅਤ[3] ਦਾ ਪਤਾ ਦੇਂਦਾ ਹੈ । ਵੱਡਾ ਹੋ ਕੇ ਵੀ ਉਹ ਅਹਿੰਸਾ ਦੇ ਅਸੂਲ ਨੂੰ ਸਾਮਰਾਜ ਦੀ ਤਾਕਤ ਦੇ ਕੁਚਲਣ ਲਈ ਠੀਕ ਨਹੀਂ ਸੀ ਸਮਝਦਾ । ਉਹਦਾ ਵਿਸ਼ਵਾਸ਼ ਸੀ ਕਿ ਗ਼ਰੀਬਾਂ ਦਾ ਖ਼ੂਨ ਨਪੀੜਨ ਵਾਲੀ ਸਰਮਾਏਦਾਰ ਹਕੂਮਤ ਨੂੰ ਤਸ਼ੱਦਦ[4] ਅਤੇ ਮਜ਼ਦੂਰਾਂ ਦੀ ਜੱਥੇਬੰਦੀ ਦਾ ਹਥਿਆਰ ਹੀ ਤੋੜ ਸਕਦਾ ਹੈ । ਭਗਤ ਸਿੰਘ ਦਾ ਜਨਮ ਇਕ ਇਨਕਲਾਬੀ ਟੱਬਰ ਵਿਚ ਹੋਇਆ ਜਿਸ ਦੇ ਸਾਰੇ ਬੰਦੇ ਮੁਲਕ ਦੀ ਅਜ਼ਾਦੀ ਦੀ ਲੜਾਈ ਲੜ ਰਹੇ ਸਨ । ਉਸ

Digitized by Panjab Digital Library | www.panjabdigilib.org

ਉੱਤੇ ਆਪਣੇ ਚਾਚਾ ਅਜੀਤ ਸਿੰਘ ਦਾ ਬੜਾ·ਅਸਰ ਸੀ। ਜਦ ਉਸ ਨੇ ਸੁਰਤ ਸੰਭਾਲੀ ਤਾਂ ਅਜੀਤ ਸਿੰਘ ਹੁਰੀਂ ਬਾਹਰਲੇ ਮੁਲਕਾਂ ਵਿਚ ਜਾ ਚੁੱਕੇ ਸਨ। ਉਹ ਉਨ੍ਹਾਂ ਬਾਰੇ ਗੱਲਾਂ ਸੁਣਦਾ ਰਹਿੰਦਾ। ਉਨ੍ਹਾਂ ਨੂੰ ਮਿਲਣ ਦੀ ਉਸ ਨੂੰ ਬੜੀ ਖ਼ਾਹਿਸ਼ ਸੀ। ਉਹ ਸਮਝਦਾ ਸੀ ਕਿ ਮੁਲਕ ਆਜ਼ਾਦ ਹੋਣ ਤੇ ਹੀ ਉਸ ਦੇ ਚਾਚਾ ਅਜੀਤ ਸਿੰਘ ਮੁੜ ਵਾਪਸ ਹਿੰਦੁਸਤਾਨ ਆ ਸਕਦੇ ਹਨ। ਇਸ ਖ਼ਿਆਲ ਨੇ ਉਸ ਦੀ ਬੜੀ ਅਗਵਾਈ ਕੀਤੀ।

ਭਗਤ ਸਿੰਘ ਹਾਲੇ ਸਕੂਲ ਵਿਚ ਈ ਪੜ੍ਹਦਾ ਸੀ ਕਿ ਸੀ. ਆਈ. ਡੀ. ਦੇ ਸਿਪਾਹੀ ਉਸ ਦੀਆਂ ਹਰਕਤਾਂ ਤੇ ਕੜੀ ਨਿਗਾਹ ਰੱਖਣ ਲੱਗੇ। ਇੱਕ ਦੋਸਤ ਨੂੰ ਹੱਸਦੇ ਹੋਏ ਭਗਤ ਸਿੰਘ ਨੇ ਕਿਹਾ "ਮੇਰੇ ਖ਼ਾਨਦਾਨ ਨੇ ਸਰਕਾਰ ਦੀ ਬਹੁਤ ਖ਼ਿਦਮਤ ਕੀਤੀ ਹੈ। ਏਸ ਖ਼ਿਦਮਤ ਦੇ ਇਵਜ਼[5] ਵਿਚ ਸਰਕਾਰ ਨੇ ਮੇਰੇ ਲਈ ਨੌਕਰ ਰੱਖ ਛੱਡੇ ਹਨ ਤਾਂ ਜੁ ਮੈਨੂੰ ਤਕਲੀਫ਼ ਨਾ ਹੋਵੇ, ਏਥੋਂ ਤੀਕ ਕਿ ਪੁਲਸ ਦੇ ਸਿਪਾਹੀ ਹੀ ਮੇਰੀ ਸਾਈਕਲ ਵੀ ਸਾਫ਼ ਕਰਦੇ ਹਨ।"

ਸ: ਭਗਤ ਸਿੰਘ ਨੇ ੧੯੨੩ ਵਿਚ ਨੈਸ਼ਨਲ ਕਾਲਜ ਤੋਂ ਬੀ. ਏ, ਪਾਸ ਕੀਤਾ। ਏਸ ਕਾਲਜ ਵਿਚ ਸੁਖਦੇਵ, ਯਸ਼ਪਾਲ ਤੇ ਸ਼ਹੀਦ ਭਗਵਤੀ ਚਰਨ ਵੀ ਉਸ ਦੇ ਸਾਥੀ ਸਨ। ਬੀ. ਏ. ਪਾਸ ਕਰਨ ਪਿੱਛੋਂ ਘਰ ਵਾਲਿਆਂ ਨੇ ਭਗਤ ਸਿੰਘ ਨੂੰ ਸ਼ਾਦੀ ਲਈ ਮਜਬੂਰ ਕੀਤਾ ਜਿਸ ਤੋਂ ਉਹ ਘਰੋਂ ਨਿਕਲ ਕੇ ਕਾਨਪੁਰ ਚਲਿਆ ਗਿਆ ਤੇ ਫੇਰ ਕਈ ਥਾਵਾਂ ਤੇ ਅਖ਼ਬਾਰਾਂ ਵਿਚ ਕੰਮ ਕੀਤਾ। ਇਹਨੀਂ ਦਿਨੀਂ ਉਸ ਨੇ ਆਪਣਾ ਨਾਉਂ "ਬਲਵੰਤ" ਰੱਖਿਆ ਹੋਇਆ ਸੀ। ਏਸ ਦੌਰੇ ਵਿਚ ਹੀ ਉਹ ਯੂ. ਪੀ. ਤੇ ਬੰਗਾਲ ਦੇ ਮਸ਼ਹੂਰ ਇਨਕਲਾਬੀਆਂ ਨੂੰ ਮਿਲਿਆ। ਭਗਤ ਸਿੰਘ ਪਹਿਲਾ ਇਨਕਲਾਬੀ ਸੀ ਜਿਸ ਦਾ ਵਿਸ਼ਵਾਸ਼ ਦੁਨੀਆਂ ਦੀਆਂ ਇਨਕਲਾਬੀ ਤਹਿਰੀਕਾਂ ਪੜ੍ਹਨ ਤੇ ਸਮਝਣ ਦੇ ਬਾਅਦ ਬੱਝਾ ਸੀ। ਉਸ ਨੇ ਵਾਲਟੇਅਰ,

Digitized by Panjab Digital Library | www.panjabdigilib.org

ਰੂਸੋ, ਵਿਕਟਰ ਹਿਊਗੋ ਅਤੇ ਅਤੇ ਗੋਰਕੀ ਤੇ ਹੋਰ ਬਹੁਤ ਸਾਰੇ ਇਨਕਲਾਬੀ ਲਿਖਾਰੀਆਂ ਦੀਆਂ ਪੁਸਤਕਾਂ ਬੜੇ ਗਹੁ ਨਾਲ ਪੜ੍ਹੀਆਂ ਸਨ। ਅਦਾਲਤ ਵਿਚ ਦਿੱਤੇ ਉਸ ਦੇ ਬਿਆਨ ਦੁਨੀਆਂ ਦੀਆਂ ਮਸ਼ਹੂਰ ਇਨਕਲਾਬੀ ਲਿਖਤਾਂ ਵਿਚ ਗਿਣੇ ਜਾ ਸਕਦੇ ਹਨ। ਕਾਲਜ ਦੇ ਦਿਨੀਂ ਭਗਤ ਸਿੰਘ ਦੀਆਂ ਤਕਰੀਰਾਂ ਵਿਚ ਐਨਾ ਜੋਸ਼ ਹੁੰਦਾ ਸੀ ਤੇ ਉਹ ਸਰਕਾਰ ਅੰਗਰੇਜ਼ੀ ਦੇ ਐਨੀਆਂ ਵਿਰੁੱਧ ਹੁੰਦੀਆਂ ਸਨ ਕਿ ਉਸ ਦੇ ਪਿਤਾ ਜੀ ਨੇ ਇੱਕ ਵਾਰ ਉਸ ਨੂੰ ਰਤਾ ਨਾਰਾਜ਼ ਹੋ ਕੇ ਆਖਿਆ, "ਐਨੀਆਂ ਜੋਸ਼-ਭਰੀਆਂ ਤੇ ਮੁੱਢੋਂ ਇਨਕਲਾਬੀ ਤਕਰੀਰਾਂ ਨਹੀਂ ਕਰਨੀਆਂ ਚਾਹੀਦੀਆਂ। ਸੋਚਦਾ ਹੋਏਂਗਾ ਕਿ ਅਜੀਤ ਸਿੰਘ ਦਾ ਭਤੀਜਾ ਤੇ ਕਿਸ਼ਨ ਸਿੰਘ ਦਾ ਪੁੱਤ ਹੋਣ ਕਰ ਕੇ ਲੋਕ ਤੇਰੇ ਮਗਰ ਲੱਗ ਪੈਣਗੇ। ਪਰ ਇਹ ਉੱਬੜਵਾਹੀਆਂ[6] ਠੀਕ ਨਹੀਂ।" ਭਗਤ ਸਿੰਘ ਨੇ ਇਨ੍ਹਾਂ ਸ਼ਬਦਾਂ ਨੂੰ ਬਹੁਤ ਦਿਲ ਲਾਇਆ ਤੇ ਦੁਖੀ ਹੋਇਆ। ਪਰ ਕੀ ਪਤਾ ਸੀ ਕਿ ਵੇਲਾ ਲੰਘਣ ਪਿੱਛੋਂ ਲੋਕ ਭਗਤ ਸਿੰਘ ਨੂੰ ਸਰਦਾਰ ਕਿਸ਼ਨ ਸਿੰਘ ਦਾ ਸਪੁੱਤ੍ਰ ਕਰ ਕੇ ਨਹੀਂ ਸਗੋਂ ਸਰਕਾਰ ਕਿਸ਼ਨ ਸਿੰਘ ਨੂੰ ਭਗਤ ਦਾ ਪਿਤਾ ਹੋਣ ਕਰ ਕੇ ਯਾਦ ਰੱਖਣਗੇ !

ਉਨ੍ਹੀਂ ਦਿਨੀਂ ਕਾਂਗਰਸ ਦੀ ਤਹਿਰੀਕ ਦੇ ਮੱਠਾ ਪੈ ਜਾਣ ਨਾਲ ਮੁਲਕ ਦੀ ਸਿਆਸੀ ਫ਼ਿਜ਼ਾ[7] ਬੜੀ ਬਦਲੀ ਹੋਈ ਸੀ। ਕਾਂਗਰਸ ਵਿੱਚ ਫੁੱਟ ਪੈ ਚੁੱਕੀ ਸੀ। ਦੋ ਧੜੇ ਬਣ ਚੁੱਕੇ ਸਨ। ਲਾਲਾ ਲਾਜਪਤ ਰਾਏ ਨੇ ਹਿੰਦੂ ਮਹਾਂ ਸਭਾ ਨਾਲ ਰਲ ਕੇ ਸਵਰਾਜ ਪਾਰਟੀ ਦੇ ਖ਼ਿਲਾਫ਼ ੧੯੨੬ ਵਿੱਚ ਪੰਜਾਬ ਵਿੱਚ ਚੋਣਾਂ ਲੜੀਆਂ। ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਏਸ ਜਲਸੇ ਵਿਚ ਲਾਲਾ ਜੀ ਦੀ ਪਿਛਾਂਹ-ਖਿੱਚੂ ਨੀਤੀ ਦੇ ਖ਼ਿਲਾਫ਼ ਕੁੱਝ ਇਸ਼ਤਿਹਾਰ ਵੰਡੇ ਜਿਨ੍ਹਾਂ ਦੇ ਉੱਤੇ ਲਿਖਿਆ ਹੋਇਆ ਸੀ, "ਗਵਾਚਿਆ ਅਤੇ ਭੁੱਲਿਆ ਲੀਡਰ।"

Digitized by Panjab Digital Library | www.panjabdigilib.org

ਲਾਲਾ ਜੀ ਸਿਆਸੀ ਮੁਆਮਲਿਆਂ ਵਿਚ ਬੜੇ ਜਜ਼ਬਾਤੀ ਸਨ। ਸਟੇਜ ਉੱਤੇ ਖਲੋ ਕੇ ਲੈਕਚਰ ਦੇਣ ਲੱਗੇ ਤੇ ਗੁੱਸੇ ਵਿਚ ਆਖਿਆ, "ਏਥੇ ਕੁੱਝ ਨੌਜਵਾਨ ਰੌਲਾ ਪਾਈ ਜਾਂਦੇ ਹਨ। ਉਹ ਸ਼ਾਇਦ ਕਿਸੇ ਲੈਨਿਨ ਦੀ ਤਲਾਸ਼ ਵਿਚ ਫਿਰਦੇ ਹਨ। ਪਰ ਮੈਂ ਸਾਫ਼ ਦੱਸਦਾ ਹਾਂ ਉਨ੍ਹਾਂ ਨੂੰ ਕਿ ਮੈਂ ਕੋਈ ਲੈਨਿਨ ਨਹੀਂ।"

ਭਗਤ ਸਿੰਘ ਨੇ ਭਰੇ ਜਲਸੇ ਵਿਚ ਖਲੋ ਕੇ ਆਖਿਆ, "ਹਾਂ! ਸਾਨੂੰ ਲੈਨਿਨ ਵਰਗੇ ਲੀਡਰ ਚਾਹੀਦੇ ਹਨ, ਤੁਹਾਡੇ ਵਰਗੇ ਨਹੀਂ।"

ਭਗਤ ਸਿੰਘ ਦੀਆਂ ਤਕਰੀਰਾਂ, ਉਸ ਦੀ ਦਲੇਰੀ ਤੇ ਉਸ ਦੀ ਨਿੱਗਰ, ਨਿਰੋਲ ਲੋਕ-ਸੇਵਾ ਨੇ ਉਸ ਨੂੰ ਛੇਤੀ ਹੀ ਲੋਕਾਂ ਦਾ ਮਹਿਬੂਬ[8] ਲੀਡਰ ਬਣਾ ਦਿੱਤਾ। ਮੁਲਕ ਦੀ ਇੱਜ਼ਤ ਤੇ ਅਣਖ ਦੇ ਮੁਆਮਲੇ ਵਿਚ ਉਹ ਬੜਾ ਜਜ਼ਬਾਤੀ ਸੀ। ਜਦ ੧੯੨੮ ਵਿਚ ਲਾਲਾ ਲਾਜਪਤ ਰਾਏ ਨੂੰ ਸਾਈਮਨ ਕਮੀਸ਼ਨ ਦੇ ਖ਼ਿਲਾਫ਼ ਜਲੂਸ ਦੀ ਅਗਵਾਈ ਕਰਨ ਉੱਤੇ ਲਾਠੀਆਂ ਪਈਆਂ ਤਾਂ ਉਹ ਇਹ ਬਰਦਾਸ਼ਤ ਨਾ ਕਰ ਸਕਿਆ। ਉਸ ਲਈ ਇਹ ਸਾਰੀ ਕੌਮ ਦੀ ਬੇਇੱਜ਼ਤੀ ਸੀ ਕਿ ਐਨੇ ਵੱਡੇ ਲੀਡਰ ਨੂੰ ਇਸ ਤਰ੍ਹਾਂ ਮਾਰਿਆ ਜਾਏ। ਭਾਵੇਂ ਉਸ ਨੂੰ ਲਾਲਾ ਜੀ ਦੀ ਸਿਆਸੀ ਪਾਲਸੀ ਨਾਲ ਪੂਰਾ ਇਖ਼ਤਿਲਾਫ਼[9] ਸੀ, ਫੇਰ ਵੀ ਉਸ ਨੂੰ ਲਾਲਾ ਜੀ ਦੀ ਜ਼ਾਤ ਨਾਲ ਡੂੰਘੀ ਸ਼ਰਧਾ ਸੀ। ਲਾਲਾ ਜੀ ਦੀ ਮੌਤ ਤੇ ਬੜਾ ਸੋਗ ਮਨਾਇਆ ਗਿਆ, ਬਹੁਤ ਸਾਰੇ ਹਮਦਰਦੀ ਭਰੇ ਸੁਨੇਹੇ ਆਏ ਪਰ ਇਕ ਸੁਨੇਹਾ ਸੀ. ਆਰ. ਦਾਸ ਦੀ ਪਤਨੀ ਵੱਲੋਂ ਵੀ ਸੀ ਜਿਸ ਤੇ ਭਗਤ ਸਿੰਘ ਦਾ ਲੂੰ ਲੂੰ ਬਦਲਾ ਲੈਣ ਲਈ ਪੁਕਾਰ ਉੱਠਿਆ। ਇਸ ਸੁਨੇਹੇ ਵਿਚ ਛੇਕੜਲੇ ਸ਼ਬਦ ਇਹ ਸਨ: "ਕੀ ਹੁਣ ਵੀ ਮੁਲਕ ਦੇ ਨੌਜਵਾਨ ਜਿਊਂਦੇ ਹਨ? ਇਕ ਔਰਤ ਹੋ ਕੇ ਮੈਂ ਇਹ ਪੁੱਛਨੀ ਆਂ।"

ਭਗਤ ਸਿੰਘ ਲਈ ਇਨ੍ਹਾਂ ਸ਼ਬਦਾਂ ਵਿਚ ਗੁੱਝਾ ਸੁਨੇਹਾ ਸੀ, ਇਕ ਲਲਕਾਰ ਸੀ। ਭਗਤ ਸਿੰਘ ਨੇ ਉਸੇ ਦਿਨ ਏਸ ਬੇਇੱਜ਼ਤੀ

Digitized by Panjab Digital Library | www.panjabdigilib.org

ਦਾ ਬਦਲਾ ਚੁਕਾਉਣ ਦੀ ਧਾਰ ਲਈ। ਇਕ ਮੁਖ਼ਾਲਫ਼ ਨੇ ਭਗਤ ਸਿੰਘ ਨੂੰ ਆਖਿਆ, "ਤੂੰ ਤਾਂ ਲਾਲਾ ਜੀ ਦੇ ਖ਼ਿਲਾਫ਼ ਸੈਂ, ਤੂੰ ਬਦਲਾ ਕੀਕਰ ਲੈਣ ਦੀ ਸੋਚ ਲਈ ?"

ਭਗਤ ਸਿੰਘ ਨੇ ਜਵਾਬ ਦਿੱਤਾ, "ਉਹ ਸਾਡਾ ਬਾਪੂ ਸੀ। ਅਸੀਂ ਉਸ ਦੇ ਹੱਥੀਂ ਜੰਮੇ, ਪਲੇ, ਉਸ ਤੋਂ ਪੜ੍ਹੇ। ਇੱਕ ਪੁੱਤਰ ਤੇ ਪਿਉ ਵਿੱਚ ਬਹੁਤ ਸਾਰੇ ਇਖ਼ਤਿਲਾਫ਼ ਹੋ ਸਕਦੇ ਹਨ, ਪਰ ਸਾਡੇ ਬਾਪੂ ਦੀ ਕੋਈ ਬਿਗਾਨਾ ਆ ਕੇ ਏਕਰ ਪੱਤ ਲਾਹ ਜਾਵੇ ਤੇ ਉਸ ਨੂੰ ਇਸ ਤਰ੍ਹਾਂ ਮਾਰ ਸੁੱਟੇ, ਇਹ ਸਾਡੇ ਕੋਲੋਂ ਬਰਦਾਸ਼ਤ ਨਹੀਂ ਹੋ ਸਕਦਾ।"

ਲਾਲਾ ਜੀ ਦੇ ਮਰਨ ਦੇ ਪੂਰੇ ਇਕ ਮਹੀਨੇ ਪਿੱਛੋਂ ਦੁਪਹਿਰ ਦੇ ਤਿੰਨ ਵਜੇ ਜਦ ਬਾਜ਼ਾਰ, ਸੜਕਾਂ ਤੇ ਗਲੀਆਂ ਲੋਕਾਂ ਦੀ ਆਵਾਜਾਈ ਨਾਲ ਭਰੀਆਂ ਹੋਈਆਂ ਸਨ, ਜ਼ਿਲਾ ਕਚਹਿਰੀਆਂ ਖੁੱਲ੍ਹੀਆਂ ਸਨ ਤੇ ਸੁਪ੍ਰਿੰਟੈਂਡੈਂਟ ਦੇ ਦਫ਼ਤਰ ਵਿਚ ਬਾਰਾਂ ਅਫ਼ਸਰ, ਕਈ ਇੰਨਸਪੈਕਟਰ ਤੇ ਕਈ ਸਿਪਾਹੀ ਮੌਜੂਦ ਸਨ, ਜ਼ਿਲਾ ਕਚਹਿਰੀ ਦੇ ਐਨ ਨੇੜੇ, ਸੁਪ੍ਰਿੰਟੈਂਡੈਂਟ ਦੇ ਦਫ਼ਤਰ ਅੱਗੇ, ਲਾਲਾ ਜੀ ਦੀ ਮੌਤ ਦਾ ਬਦਲਾ ਲਿਆ ਗਿਆ। ਉਹ ਮਿਸਟਰ ਸਕਾਟ ਦੀ ਢੂੰਡ ਵਿੱਚ ਏਧਰ ਆਏ ਸਨ। ਗ਼ਲਤੀ ਨਾਲ ਉਨ੍ਹਾਂ ਅਸਿਸਟੈਂਟ ਸੁਪ੍ਰਿੰਟੈਂਡੈਂਟ ਪੁਲੀਸ, ਮਿਸਟਰ ਸਾਂਡਰਸ ਨੂੰ ਜੋ ਉਸ ਵੇਲੇ ਮੋਟਰ ਸਾਈਕਲ ਤੇ ਕਿਤੇ ਬਾਹਰ ਜਾਣ ਲਈ ਨਿਕਲਿਆ ਸੀ, ਸਕਾਟ ਸਮਝ ਲਿਆ ਤੇ ਉਸ ਤੇ ਗੋਲੀਆਂ ਚਲਾ ਕੇ ਉਸ ਨੂੰ ਉੱਥੇ ਈ ਮਾਰ ਦਿੱਤਾ।

ਸਾਂਡਰਸ ਨੂੰ ਮਾਰਨ ਪਿੱਛੋਂ ਭਗਤ ਸਿੰਘ ਤੇ ਉਸ ਦੇ ਸਾਥੀ ਕੋਰਟ ਸਟਰੀਟ ਵੱਲੋਂ ਨਿਕਲ ਕੇ ਦੌੜੇ। ਹੈੱਡ ਕਾਨਸਟੇਬਲ ਚੰਨਣ ਸਿੰਘ ਤੇ ਇੱਕ ਟਰੈਫ਼ਿਕ ਇਨਸਪੈਕਟਰ ਨੇ ਉਨ੍ਹਾਂ ਦਾ ਪਿੱਛਾ ਕੀਤਾ। ਡੀ. ਏ. ਵੀ. ਕਾਲਜ ਦੀ ਗਰਾਊਂਡ ਵਿਚ ਘੁਸਣ ਸਾਰ ਚੰਦਰ ਸ਼ੇਖਰ ਆਜ਼ਾਦ ਨੇ ਚੰਨਣ ਸਿੰਘ ਤੇ ਗੋਲੀ ਚਲਾਈ

Digitized by Panjab Digital Library | www.panjabdigilib.org

ਤੇ ਉਹ ਉੱਥੇ ਈ ਡਿਗ ਪਿਆ । ਇਸ ਪਿੱਛੋਂ ਭਗਤ ਸਿੰਘ ਤੇ ਉਹਦੇ ਸਾਥੀ ਉੱਥੋਂ ਗ਼ਾਇਬ ਹੋ ਗਏ । ਚੇਨਣ ਸਿੰਘ ਦੇ ਡਿੱਗਣ ਤੋਂ ਕਾਫ਼ੀ ਚਿਰ ਪਿੱਛੋਂ ਤੱਕ ਕਿਸੇ ਪੁਲਸ ਅਫ਼ਸਰ ਦੀ ਹਿੰਮਤ ਨਾ ਹੋਈ ਕਿ ਬਾਹਰ ਨਿਕਲੇ । ਕੁੱਝ ਚਿਰ ਪਿੱਛੋਂ ਮਿਸਟਰ ਸਕਾਟ ਪੁਲਸ ਦੀ ਇਕ ਗਾਰਦ ਲੈ ਕੇ ਡੀ. ਏ. ਵੀ. ਕਾਲਜ ਵੱਲ ਗਏ ਤੇ ਉੱਥੋਂ ਪ੍ਰਿੰਸੀਪਲ ਤੋਂ ਪੁੱਛਿਆ ਕਿ ਉੱਧਰ ਕੋਈ ਨੌਜਵਾਨ ਇਸ ਤਰ੍ਹਾਂ ਕਤਲ ਕਰ ਕੇ ਤੇ ਨਹੀਂ ਦੌੜੇ । ਪ੍ਰਿੰਸੀਪਲ ਨੇ ਆਖਿਆ, "ਹਾਂ ਏਧਰ ਕੁੱਝ ਨੌਜਵਾਨ ਗਏ ਹਨ ।" ਤਾਂ ਮਿਸਟਰ ਸਕਾਟ ਉਨ੍ਹਾਂ ਦੇ ਪਿੱਛੇ ਪਿੱਛੇ ਟੁਰ ਪਏ । ਪਰ ਹਾਲੇ ਥੋੜ੍ਹੀ ਦੂਰ ਹੀ ਗਏ ਹੋਣਗੇ ਕਿ ਉਹ ਘਬਰਾ ਕੇ ਉੱਥੇ ਹੀ ਖੜੇ ਹੋ ਗਏ ਤੇ ਆਖਣ ਲੱਗੇ, "ਪਰ ਉਹਨਾਂ ਸਭਨਾਂ ਕੋਲ ਵੀ ਤਾਂ ਹਥਿਆਰ ਹਨ ।"

ਭਗਤ ਸਿੰਘ ਨੇ ਹੁਲੀਆ ਬਦਲਣ ਲਈ ਕੇਸ ਕਟਵਾ ਦਿੱਤੇ ਤੇ ਅੰਗ੍ਰੇਜ਼ੀ ਸੂਟ ਪਹਿਨ ਕੇ ਸਿਰ ਤੇ ਹੈਟ ਰੱਖ ਲਿਆ ਤੇ ਲਾਹੌਰ ਤੋਂ ਨਿਕਲ ਗਿਆ । ਇਸ ਪਿੱਛੋਂ ਅੰਗ੍ਰੇਜ਼ੀ ਹਕੂਮਤ ਦੇ ਕੰਨ ਖੋਲ੍ਹਣ ਲਈ ਉਸ ਨੇ ਆਪਣੇ ਸਾਥੀ ਦੱਤ ਨਾਲ ਅਸੈਂਬਲੀ ਹਾਲ ਵਿਚ ਡੇਢ ਸਾਲ ਪਿੱਛੋਂ ਅਚਾਨਕ ਇਕ ਦਿਨ ਆ ਕੇ ਬੰਬ ਸੁੱਟਿਆ, ਜਿਸ ਤੋਂ ਸਾਮਰਾਜੀ ਹਕੂਮਤ ਦਾ ਸਾਰਾ ਤਖ਼ਤ ਕੰਬ ਉੱਠਿਆ ।

ਭਗਤ ਸਿੰਘ ਮੁਕੱਦਮੇ ਦੇ ਫ਼ੈਸਲੇ ਪਿੱਛੋਂ ਲਾਹੌਰ ਲਿਆਂਦਾ ਗਿਆ । ਉਸ ਦੇ ਬਿਆਨ ਦੀਆਂ ਲੱਖਾਂ ਕਾਪੀਆਂ ਮੁਲਕ ਵਿੱਚ ਵੰਡੀਆਂ ਗਈਆਂ ਤੇ ਉਹ ਮੁਲਕ ਦੇ ਕੋਨੇ ਕੋਨੇ ਵਿਚ ਮਸ਼ਹੂਰ ਹੋ ਗਿਆ । ਚਿਤ੍ਰਕਾਰਾਂ ਨੇ ਉਸ ਦੀਆਂ ਤਸਵੀਰਾਂ ਵਾਹੀਆਂ ਤੇ ਕਵੀਆਂ ਨੇ ਗੀਤ ਲਿਖੇ । ਉਨ੍ਹੀਂ ਦਿਨੀਂ ਇਕ ਗੀਤ ਬੜਾ ਮਸ਼ਹੂਰ ਸੀ । "ਜੰਞ ਚੜ੍ਹ ਗਈ ਭਗਤ ਸਿੰਘ ਦੱਤ ਦੀ, ਜੰਞ ਚੜ੍ਹ ਗਈ ।" ਉਨ੍ਹਾਂ ਦਾ ਜਿਹਲ ਜਾਣਾ ਇਕ ਤਰ੍ਹਾਂ ਦਾ ਸਹੁਰੇ ਘਰ ਢੁੱਕਣਾ ਸਮਝਿਆ ਗਿਆ ।

Digitized by Panjab Digital Library | www.panjabdigilib.org

ਜਦ ਭਗਤ ਸਿੰਘ ਨੇ ਹਾਈ ਕੋਰਟ ਲਾਹੌਰ ਵਿੱਚ ਆਪਣੇ ਮੁਕੱਦਮੇ ਦੀ ਆਪ ਬਹਿਸ ਕੀਤੀ ਤਾਂ ਹਾਈ ਕੋਰਟ ਦੇ ਜੱਜ ਨੇ ਕਿਹਾ, "ਭਗਤ ਸਿੰਘ ਬਹੁਤ ਇਨਕਲਾਬੀ ਆਦਮੀ ਹੈ।"

ਸਾਂਡਰਸ ਦੇ ਕਤਲ ਵਿਚ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਮਿਲੀ। ਸਾਰੇ ਮੁਲਕ ਵਿਚ ਹਾਹਾਕਾਰ ਮੱਚ ਗਈ ਕਿ ਕਿਸੇ ਨਾ ਕਿਸ ਤਰ੍ਹਾਂ ਇਨ੍ਹਾਂ ਨੌਜਵਾਨਾਂ ਨੂੰ ਬਚਾਇਆ ਜਾਏ। ਭਗਤ ਸਿੰਘ ਦੇ ਪਿਤਾ ਜੀ ਨੇ ਸਭ ਤੋਂ ਵੱਡੇ ਵਕੀਲਾਂ ਦਾ ਇੰਤਜ਼ਾਮ ਕੀਤਾ ਤੇ ਟਰੀਬੂਨਲ[10] ਅੱਗੇ ਸਫ਼ਾਈ ਪੇਸ਼ ਕਰਨ ਦੀ ਅਰਜ਼ੀ ਦਿੱਤੀ। ਪਰ ਭਗਤ ਸਿੰਘ ਨੇ ਆਪਣੇ ਪਿਤਾ ਜੀ ਨੂੰ ਲਿਖਿਆ: "ਮੈਨੂੰ ਤੁਹਾਡਾ ਪੁੱਤਰ ਹੋਣ ਦਾ ਪੂਰਾ ਪੂਰਾ ਅਹਿਸਾਸ ਹੈ। ਨਹੀਂ ਤਾਂ ਜੇ ਤੁਹਾਡੀ ਜਗ੍ਹਾ ਕੋਈ ਹੋਰ ਹੁੰਦਾ ਤਾਂ ਮੈਂ ਉਸ ਨੂੰ ਆਪਣਾ ਦੁਸ਼ਮਣ ਸਮਝਦਾ। ਜੋ ਕੁਝ ਤੁਸੀਂ ਕਰ ਰਹੇ ਹੋ, ਇਹ ਉੱਕਾ ਗ਼ੱਦਾਰੀ ਹੈ। ਮੈਂ ਤੇ ਮੇਰੇ ਸਾਥੀ ਇਸ ਸਾਮਰਾਜੀ ਅਦਾਲਤ ਅੱਗੇ ਕੋਈ ਸਫ਼ਾਈ ਪੇਸ਼ ਨਹੀਂ ਕਰਨਾ ਚਾਹੁੰਦੇ, ਕਿਉਂਕਿ ਸਾਨੂੰ ਇਸ ਤੇ ਕੋਈ ਇਤਬਾਰ ਨਹੀਂ।"

ਉਨ੍ਹੀਂ ਦਿਨੀਂ ਉਹ ਅਦਾਲਤ ਵਿਚ ਆ ਕੇ ਐਜੀਟੇਸ਼ਨ[11] ਕਰਨ ਲਈ ਸਿਰਫ਼ ਗੀਤ ਗਾਉਂਦੇ ਸਨ। "ਸਰਫ਼ਰੋਸ਼ੀ[12] ਕੀ ਤਮੰਨਾ[13] ਅਬ ਹਮਾਰੇ ਦਿਲ ਮੇਂ ਹੈ।" ਭਗਤ ਸਿੰਘ ਨੇ ਇੱਕ ਵਾਰ ਅਦਾਲਤ ਵਿੱਚ ਸੁਲਤਾਨੀ[14] ਗਵਾਹ ਨੂੰ, ਕੁਰਸੀ ਤੋਂ ਉੱਠ ਕੇ, ਹੌਲੀ ਜਿਹੀ ਆਖਿਆ, "ਜਿਸ ਪਿਸਤੌਲ ਦੀ ਗਵਾਹ ਸ਼ਨਾਖ਼ਤ[15] ਕਰ ਰਿਹਾ ਏ, ਰਤੀ ਮੈਨੂੰ ਵੀ ਵਿਖਾਣਾ" ਤੇ ਅਦਾਲਤ ਵਿਚ ਖਲਬਲੀ ਮੱਚ ਗਈ ਤੇ ਇੱਕ ਅੰਗਰੇਜ਼ ਅਫ਼ਸਰ ਬੇਹੋਸ਼ ਹੋ ਗਿਆ।

ਜਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਦਾ ਹੁਕਮ ਸੁਣਾਇਆ ਗਿਆ, ਤਾਂ ਭਗਤ ਸਿੰਘ ਨੇ ਹੱਸ ਕੇ ਇਹ ਸ਼ੇਅਰ ਪੜ੍ਹਿਆ, "ਤੇਗ਼ੋਂ[16] ਕੇ ਸਾਏ ਮੇਂ ਹਮ ਪਲ ਕਰ ਜਵਾਂ ਹੁਏ ਹੈਂ।
ਇਕ ਖੇਲ ਜਾਨਤੇ ਹੈਂ, ਫ਼ਾਂਸੀ ਪੇ ਝੂਲ ਜਾਨਾ।"

Digitized by Panjab Digital Library | www.panjabdigilib.org

ਭਗਤ ਸਿੰਘ ਨੇ ਜੇਲ੍ਹ 'ਚੋਂ ਗਵਰਨਰ ਪੰਜਾਬ ਦੇ ਨਾਉਂ ਖ਼ਤ ਲਿਖਿਆ, ਜਿਸ ਵਿਚ ਉਸ ਨੇ ਇਨ੍ਹਾਂ ਗੱਲਾਂ ਤੇ ਜ਼ੋਰ ਦਿੱਤਾ, "ਅਸੀਂ ਇਹ ਕਹਿਣਾ ਚਾਹੁੰਦੇ ਆਂ ਕਿ ਜੰਗ ਛਿੜੀ ਹੋਈ ਹੈ ਅਤੇ ਸਾਡੀ ਇਹ ਜੰਗ ਉਸ ਵੇਲੇ ਤੱਕ ਜਾਰੀ ਰਹੇਗੀ ਜਦ ਤੀਕ ਤਾਕਤਵਰ ਲੋਕ ਹਿੰਦੁਸਤਾਨੀ ਜਨਤਾ ਤੇ ਮਜ਼ਦੂਰਾਂ ਦੀ ਆਮਦਨੀ ਉੱਤੇ ਪਲ ਰਹੇ ਹਨ। ਤੁਹਾਡੀ ਅਦਾਲਤ ਦੇ ਫ਼ੈਸਲੇ ਦੇ ਮੁਤਾਬਕ ਸਾਡੇ ਖ਼ਿਲਾਫ਼ ਇਹ ਜੰਗ ਜਾਰੀ ਰੱਖਣ ਦਾ ਇਲਜ਼ਾਮ ਹੈ। ਏਸ ਹਿਸਾਬ ਅਸੀਂ ਜੰਗੀ ਕੈਦੀ ਸਾਂ। ਏਸ ਲਈ ਸਾਨੂੰ ਫ਼ਾਂਸੀ ਦੇਣ ਦੀ ਥਾਂ ਗੋਲੀ ਨਾਲ ਉਡਾਇਆ ਜਾਏ" ਪਰ ਹਕੂਮਤ ਐਨੀ ਬੁਜ਼ਦਿਲ[17] ਸੀ ਕਿ ਉਨ੍ਹਾਂ ਦੀ ਇਸ ਜਾਇਜ਼[18] ਤੇ ਦਲੇਰ ਖ਼ਾਹਿਸ਼ ਨੂੰ ਵੀ ਪੂਰਾ ਨਹੀਂ ਕਰ ਸੱਕੀ।

ਭਗਤ ਸਿੰਘ ਜੇਲ੍ਹ ਵਿੱਚ ਖ਼ੁਸ਼ ਰਹਿੰਦਾ। ਉਸ ਦੇ ਮੱਥੇ ਤੇ ਕਦੇ ਆਪਣੀ ਜ਼ਿੰਦਗੀ ਨੂੰ ਗਵਾ ਦੇਣ ਦੇ ਦੁੱਖ ਦੀ ਛਾਂ ਨਹੀਂ ਸੀ ਆਈ। ਉਨ੍ਹੀਂ ਦਿਨੀਂ ਇਕ ਮਸ਼ਹੂਰ ਲੀਡਰ ਭਗਤ ਸਿੰਘ ਨੂੰ ਜੇਲ ਵਿਚ ਮਿਲਣ ਲਈ ਗਏ। ਹਾਲੇ ਫਾਂਸੀ ਵਿਚ ਕੁੱਝ ਦਿਨ ਰਹਿੰਦੇ ਸਨ। ਉਨ੍ਹਾਂ ਭਗਤ ਸਿੰਘ ਨੂੰ ਪੁੱਛਿਆ ਕਿ ਤੇਰੀ ਛੇਕੜਲੀ ਖ਼ਾਹਿਸ਼ ਕੀ ਹੈ। ਭਗਤ ਸਿੰਘ ਨੇ ਬੜੇ ਠਰ੍ਹੰਮੇਂ ਨਾਲ ਜਵਾਬ ਦਿੱਤਾ, "ਇਕ ਤਾਂ ਮੈਂ ਚਾਹੁੰਨਾ ਹਾਂ ਕਿ ਮੇਰੇ ਚਾਚਾ ਅਜੀਤ ਸਿੰਘ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਾਹਰਲੇ ਮੁਲਕਾਂ 'ਚੋਂ ਆਪਣੇ ਦੇਸ਼ ਵਿੱਚ ਮੋੜ ਲਿਆਓ। ਉਹ ਏਥੇ ਤਦੇ ਆਉਣਗੇ ਜਦ ਸਾਡਾ ਮੁਲਕ ਆਜ਼ਾਦ ਹੋਵੇਗਾ। ਏਸ ਲਈ ਆਜ਼ਾਦੀ ਦੀ ਲੜਾਈ ਜਾਰੀ ਰੱਖੋ। ਦੂਜੀ ਇਹ ਕਿ ਮਨੂੰ ਇਕ ਵਧੀਆ ਮੋਮੀਂ ਤਾਸ਼ ਭੇਜ ਦੇਣਾ।"

ਸੂਰਜ ਡੁੱਬ ਚੁੱਕਿਆ ਸੀ। ਜੇਲ੍ਹ ਖ਼ਾਨਾ ਬੰਦ ਕਰ ਦਿੱਤਾ ਗਿਆ ਤੇ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਰਾਤ ਦੇ ਹਨੇਰੇ ਵਿਚ ਆਖਿਆ ਗਿਆ ਕਿ ਫਾਂਸੀ ਤੇ ਚੜ੍ਹਨ ਲਈ ਤਿਆਰ ਹੋ ਜਾਓ। ਫ਼ਾਂਸੀ ਤੋਂ ਕੁੱਝ ਚਿਰ ਪਹਿਲਾਂ ਵੱਡੇ ਦਰੋਗ਼ਾ ਜੇਲ੍ਹ ਨੇ ਭਗਤ ਸਿੰਘ

Digitized by Panjab Digital Library | www.panjabdigilib.org

ਨੂੰ ਆਖਿਆ ਕਿ ਉਹ ਧਾਰਮਕ ਗ੍ਰੰਥਾਂ 'ਚੋਂ ਕੁੱਝ ਸ਼ਲੋਕ ਪੜ੍ਹ ਲਵੇ ਤੇ ਈਸ਼ਵਰ ਨੂੰ ਯਾਦ ਕਰੇ। ਭਗਤ ਸਿੰਘ ਉੱਚੀ ਸਾਰੀ ਹੱਸ ਪਿਆ ਤੇ ਆਖਣ ਲੱਗਾ, "ਮੇਰੇ ਪਿਆਰੇ ਦੋਸਤ, ਮੈਂ ਸਾਰੀ ਜ਼ਿੰਦਗੀ ਰੱਬ ਤੇ ਵਿਸ਼ਵਾਸ਼ ਨਹੀਂ ਕੀਤਾ। ਹੁਣ ਫ਼ਾਂਸੀ ਤੋਂ ਕੁੱਝ ਚਿਰ ਪਹਿਲਾਂ ਜੇ ਮੈਂ ਤੇਰੀ ਗੱਲ ਮੰਨ ਲਵਾਂ ਤਾਂ ਤੂੰ ਮੈਨੂੰ ਅੱਵਲ ਦਰਜੇ ਦਾ ਬੁਜ਼ਦਿਲ ਸਮਝੇਂਗਾ। ਮੈਂ ਇੱਕ ਆਸਤਕ ਬੁਜ਼ਦਿਲ ਦੀ ਥਾਂ ਇਕ ਦਲੇਰ ਨਾਸਤਕ ਵਾਂਗ ਮਰਨਾ ਬਿਹਤਰ ਸਮਝਾਂਗਾ।"

ਛੇਕੜਲੇ ਵਕਤ ਤਕ ਭਗਤ ਸਿੰਘ ਤੇ ਉਸ ਦੇ ਸਾਥੀ ਖ਼ੁਸ਼ ਸਨ। ਜਦ ਉਹਨਾਂ ਦੇ ਹੱਥ ਪਿੱਠ ਪਿੱਛੇ ਬੰਨ੍ਹ ਕੇ ਫ਼ਾਂਸੀ ਦੇ ਤਖ਼ਤੇ ਵਲ ਲਿਜਾਇਆ ਗਿਆ, ਤਾਂ ਉਨ੍ਹਾਂ ਨੇ "ਇਨਕਲਾਬ ਜ਼ਿੰਦਾਬਾਦ" ਦਾ ਨਾਹਰਾ ਲਾਇਆ ਜਿਸ ਨਾਲ ਜੇਲ੍ਹ ਦੀਆਂ ਠੰਢੀਆਂ ਕੰਧਾਂ ਗੂੰਜ ਉਠੀਆਂ। ਉਨ੍ਹਾਂ ਨ ਫ਼ਾਂਸੀ ਦੇ ਰੱਸੇ ਨੂੰ ਚੁੰਮਿਆ ਅਤੇ ਰੱਸਾ ਗਲ ਵਿਚ ਪਾਉਣ ਦੇ ਵਕਤ ਉਹ ਬਿਲਕੁਲ ਨਾ ਡੋਲੇ। ਕਿੰਨੀ ਦਲੇਰੀ ਸੀ ਭਗਤ ਸਿੰਘ ਵਿਚ! ਆਉਣ ਵਾਲੀਆਂ ਨਸਲਾਂ ਉਸ ਨੂੰ ਸਦਾ ਯਾਦ ਰੱਖਣਗੀਆਂ।

ਗੋਰੇ ਫ਼ੌਜੀਆਂ ਨੇ ਇਹਨਾਂ ਤਿੰਨਾਂ ਦਲੇਰ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਕੱਟ ਕੇ ਟੁਕੜੇ ਟੁਕੜੇ ਕੀਤਾ ਅਤੇ ਟਰੱਕ ਵਿਚ ਭਰ ਕੇ ਚੋਰ ਦਰਵਾਜ਼ਿਉਂ ਨਿਕਲ ਰਾਤੋ ਰਾਤ ਸਤਲੁਜ ਦੇ ਕੰਢੇ ਲਿਜਾ ਕੇ ਮਿੱਟੀ ਦੇ ਤੇਲ ਨਾਲ ਫੂਕ ਸੁੱਟਿਆ। ਉਸੇ ਥਾਂ ਜਿੱਥੇ ਸਭਰਾਵਾਂ ਦੀ ਜੰਗ ਲੜੀ ਗਈ ਸੀ, ਜਿੱਥੇ ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੀ ਬਲੀ ਦਿੱਤੀ ਸੀ ਅਤੇ ਜਿੱਥੇ ਅਣਗਿਣਤ ਸਿੱਖ ਸੂਰਬੀਰ ਅੰਗਰੇਜ਼ਾਂ ਦੇ ਖ਼ਿਲਾਫ਼ ਲੜਦੇ ਸਤਲੁਜ ਵਿਚ ਸ਼ਹੀਦ ਹੋਏ ਸਨ। ਟੱਣੀ ਨੇ ਸ਼ਹੀਦ ਭਗਤ ਸਿੰਘ ਲਈ ਵੀ ਏਹੀ ਸ਼ਹੀਦਾਂ ਦੀ ਥਾਂ ਚੁਣੀ, ਉਹੀ ਸਤਲੁਜ ਦਾ ਕੰਢਾ ਜਿੱਥੇ ਯਾਦਗਾਰ ਦੇ ਉੱਚੇ ਮਿਨਾਰਾਂ ਤੇ ਬੁਰਜਾਂ ਨੂੰ ਉਸਾਰਨ ਦੀ ਲੋੜ ਨਹੀਂ, ਸਗੋਂ ਜੋ ਆਪਣੇ ਆਪ ਵਿੱਚ ਸਾਡੇ ਮੁਲਕ ਦੀ ਆਜ਼ਾਦੀ ਦੀ ਜੰਗ ਦਾ ਇੱਕ ਵੱਡਾ ਚਿੰਨ੍ਹ ਹੈ, ਇੱਕ ਵੱਡਾ ਗੜ੍ਹ ਹੈ, ਇੱਕ ਉੱਚਾ ਬੁਰਜ ਹੈ।

Digitized by Panjab Digital Library | www.panjabdigilib.org

# ਲੇਖਕਾਂ ਨਾਲ ਜਾਣ ਪਛਾਣ

## ਗਿਆਨੀ ਗਿਆਨ ਸਿੰਘ

੧੮੨੨ ਈ.—੧੯੨੭ ਈ.

ਗਿਆਨੀ ਗਿਆਨ ਸਿੰਘ ਜੀ ਦਾ ਜਨਮ ਮਾਲਵੇ ਦੇ ਇਕ ਪਿੰਡ ਲੌਂਗੋਵਾਲ (ਪਟਿਆਲਾ) ਵਿਚ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਭਾਈ ਭਾਗ ਸਿੰਘ ਸੀ ਜੋ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਖ਼ਾਨਦਾਨ ਵਿੱਚੋਂ ਸਨ। ਗਿਆਨੀ ਜੀ ਨੂੰ ਛੋਟੀ ਉਮਰ ਵਿਚ ਹੀ ਸਿੱਖ ਇਤਿਹਾਸ ਦਾ ਮਸਾਲਾ ਇਕੱਤਰ ਕਰਨ ਦੀ ਲਗਨ ਲਗ ਗਈ ਸੀ ਤੇ ਕੁਦਰਤ ਵੱਲੋਂ ਉਮਰ ਵੀ ਬੜੀ ਲੰਮੀ ਮਿਲੀ, ਇਸ ਲਈ ਉਹ ਪੰਜਾਬੀ ਵਿੱਚ ਇਤਿਹਾਸ ਸੰਬੰਧੀ ਸਭ ਤੋਂ ਵੱਧ ਤੇ ਵੱਡੀਆਂ ਕਿਤਾਬਾਂ ਲਿਖਣ ਵਿੱਚ ਸਫਲ ਹੋਏ। ਹਿੰਦੀ ਕਵਿਤਾ ਤੇ ਪੰਜਾਬੀ ਵਾਰਤਕ ਉੱਤੇ ਉਨ੍ਹਾਂ ਦੀ ਕਲਮ ਨੂੰ ਖ਼ਾਸ ਅਧਿਕਾਰ ਪ੍ਰਾਪਤ ਸੀ। ਉਨ੍ਹਾਂ ਦੀਆਂ ਕੁੱਝ ਪੁਸਤਕਾਂ ਦੇ ਨਾਂ ਇਹ ਹਨ:—

(੨) ਤਵਾਰੀਖ਼ ਗੁਰੂ ਖ਼ਾਲਸਾ। (੨) ਤਵਾਰੀਖ਼ ਸ਼ਮਸ਼ੀਰ ਖ਼ਾਲਸਾ। (੩) ਤਵਾਰੀਖ਼ ਰਾਜ ਖ਼ਾਲਸਾ। (੪) ਤਵਾਰੀਖ਼ ਸਰਦਾਰ ਖ਼ਾਲਸਾ। (੫) ਤਵਾਰੀਖ਼ ਪੰਥ ਖ਼ਾਲਸਾ। (੬) ਸੂਰਜ ਪ੍ਰਕਾਸ਼ ਵਾਰਤਕ (੩ ਭਾਗ)। (੭) ਪੰਥ ਪ੍ਰਕਾਸ਼। (੮) ਗੁਰਧਾਮ ਸੰਗ੍ਰਿਹ। (੯) ਰਿਪੁਦਮਨ ਪ੍ਰਕਾਸ਼। (੧੦) ਤਵਾਰੀਖ਼ ਲਾਹੌਰ। (੧੧) ਤਵਾਰੀਖ਼ ਸ੍ਰੀ ਅੰਮ੍ਰਿਤਸਰ। (੧੨) ਨਿਰਮਲ ਪੰਥ ਪ੍ਰਦੀਪਕਾ। (੧੩) ਇਤਿਹਾਸ ਭਾਈ ਰੂਪ ਚੰਦ, ਆਦਿ।

'ਸਰਹੰਦ ਦੀ ਫ਼ਤਿਹ' ਵਾਲਾ ਲੇਖ 'ਸ਼ਮਸ਼ੀਰ ਖ਼ਾਲਸਾ' ਵਿੱਚੋਂ ਲਿਆ ਗਿਆ ਹੈ।

Digitized by Panjab Digital Library | www.panjabdigilib.org

## ਪੰਡਿਤ ਸ਼ਰਧਾ ਰਾਮ

੧੮੩੭ ਈ.—੧੮੮੧ ਈ.

ਪੰਡਿਤ ਸ਼ਰਧਾ ਰਾਮ ਦੋਆਬੇ ਦੇ ਮਸ਼ਹੂਰ ਨਗਰ ਫਲੌਰ ਵਿੱਚ ਪੰਡਿਤ ਜੈ ਦਿਆਲ ਜੋਸ਼ੀ ਦੇ ਘਰ ਵਿੱਚ ਜਨਮੇ। ਸੰਸਕ੍ਰਿਤ ਦੇ ਅੱਛੇ ਵਿਦਵਾਨ ਸਨ ਤੇ ਪੰਜਾਬੀ ਤੋਂ ਬਿਨਾਂ ਹਿੰਦੀ ਤੇ ਉਰਦੂ ਵੀ ਕਾਫ਼ੀ ਜਾਣਦੇ ਸਨ। ਸਾਰੀ ਉਮਰ ਸੁਆਮੀ ਦਇਆਨੰਦ ਜੀ ਤੇ ਉਨ੍ਹਾਂ ਦੇ ਆਰੀਆ ਸਮਾਜ ਦਾ ਡਟ ਕੇ ਵਿਰੋਧ ਤੇ ਸਨਾਤਨ ਧਰਮ ਦਾ ਪਰਚਾਰ ਕੀਤਾ ਪਰ ਅੰਤਲੇ ਦਿਨਾਂ ਵਿਚ ਉਨ੍ਹਾਂ ਦਾ ਝੁਕਾ ਨਾਸਤਕਤਾ ਵੱਲ ਹੋ ਗਿਆ ਸੀ। ਉਸ ਸਮੇਂ ਕੀਰਤਨ, ਕਥਾ, ਭਾਸ਼ਣ ਜਾਂ ਸ਼ਾਸਤ੍ਰਾਰਥ ਵਿੱਚ ਇਨ੍ਹਾਂ ਦੀ ਟੱਕਰ ਦੇ ਬੰਦੇ ਬੜੇ ਘੱਟ ਸਨ। ਇਨ੍ਹਾਂ ਨੇ ਆਪਣੀਆਂ ਪੰਜਾਬੀ ਕਿਤਾਬਾਂ ਅੰਗ੍ਰੇਜ਼ ਅਫ਼ਸਰਾਂ ਜਾਂ ਪਾਦਰੀਆਂ ਦੇ ਕਹਿਣ ਉੱਤੇ ਅੰਗ੍ਰੇਜ਼ਾਂ ਨੂੰ ਪੰਜਾਬੀ ਸਿਖਾਉਣ ਦੇ ਆਸ਼ੇ ਨਾਲ ਤਿਆਰ ਕੀਤੀਆਂ। ਇਨ੍ਹਾਂ ਦੀਆਂ ਕੁਝ ਕਿਤਾਬਾਂ ਦੇ ਨਾਂ ਇਹ ਹਨ :

ਹਿੰਦੀ : ਸਤ ਧਰਮ ਮੁਕਤਾਵਲੀ, ਭਾਗਜਵਤੀ, ਸ਼ਤੋਪਦੇਸ਼, ਸਤਜਾਮ੍ਰਿਤਪ੍ਰਵਾਹ, ਆਦਿ।

ਉਰਦੂ : ਧਰਮ ਕਸੌਟੀ, ਧਰਮ ਰਕਸ਼ਾ, ਧਰਮ ਸੰਬਾਦ, ਉਪਦੇਸ਼ ਸਗ੍ਰਿਹ, ਆਦਿ।

ਪੰਜਾਬੀ : ਸਿੱਖਾਂ ਦੇ ਰਾਜ ਦੀ ਵਿਥਿਆ, ਪੰਜਾਬੀ ਬਾਤ ਚੀਤ।

'ਗੰਗਾ ਇਸ਼ਨਾਨ' ਲੇਖ 'ਪੰਜਾਬੀ ਬਾਤ ਚੀਤ' ਵਿਚੋਂ ਲਿਆ ਗਿਆ ਹੈ। ਇਸ ਦੀ ਬੋਲੀ ਨੂੰ ਅਸੀਂ ਜਿਉਂ ਦਾ ਤਿਉਂ ਰਹਿਣ ਦਿੱਤਾ ਹੈ।

## ਡਾਕਟਰ ਚਰਨ ਸਿੰਘ

੧੮੫੩ ਈ.—੧੯੦੮ ਈ.

ਡਾ: ਚਰਨ ਸਿੰਘ ਜੀ ਦਾ ਜਨਮ ਬਾਬਾ ਕਾਹਨ ਸਿੰਘ ਦੇ ਘਰ ਅੰਮ੍ਰਿਤਸਰ ਵਿਚ ਹੋਇਆ। ਆਪ ਸਿੰਘ ਸਭਾ ਲਹਿਰ ਦੇ ਉਨ੍ਹਾਂ ਆਗੂਆਂ ਵਿਚੋਂ ਸਨ ਜਿਨ੍ਹਾਂ ਨੂੰ ਸਾਹਿੱਤ-ਰਚਨਾ ਦਾ ਕਾਫ਼ੀ ਸ਼ੌਕ ਸੀ। ਪੰਜਾਬੀ ਜਗਤ ਨੂੰ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਭਾਈ ਵੀਰ ਸਿੰਘ ਹੈ। ਉਨ੍ਹਾਂ

Digitized by Panjab Digital Library | www.panjabdigilib.org

ਦੀਆਂ ਪੁਸਤਕਾਂ ਵਿਚੋਂ ਮਹਾਰਾਣੀ ਸ਼ਰਾਬ ਕੌਰ ਤੋਂ ਬਿਨਾਂ ਕਾਲੀਦਾਸ ਦੇ ਨਾਟਕ 'ਸ਼ਕੁੰਤਲਾ' ਦਾ ਪੰਜਾਬੀ ਅਨੁਵਾਦ ਤੇ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਇਕ ਖੋਜ-ਭਰੀ ਪੁਸਤਕ (ਬਾਣੀ ਬਿਉਰਾ) ਖ਼ਾਸ ਜ਼ਿਕਰ ਦੇ ਯੋਗ ਹਨ । ਉਨ੍ਹਾਂ ਦੇ ਛੋਟੇ ਸਪੁੱਤਰ ਡਾ: ਬਲਬੀਰ ਸਿੰਘ ਨੇ ਉਨ੍ਹਾਂ ਦੀ ਸਾਰੀ ਰਚਨਾ ਨੂੰ ਇੱਕੋ ਜਿਲਦ ਵਿਚ, 'ਸ੍ਰੀ ਚਰਣਹਰਿ ਵਿਸਥਾਰ' ਨਾਂ ਹੇਠ ਛਪਵਾ ਦਿੱਤਾ ਹੈ ।

'ਪੋਸਤੀ ਦੀ ਕਮਾਈ' ਵਾਲਾ ਲੇਖ ਨਸ਼ਿਆਂ ਦੇ ਵਿਰੁੱਧ ਲਿਖੀ ਪ੍ਰਸਿੱਧ ਪੁਸਤਕ 'ਮਹਾਰਾਣੀ ਸ਼ਰਾਬ ਕੌਰ' ਵਿਚੋਂ ਲਿਆ ਗਿਆ ਹੈ ।

## ਭਾਈ ਵੀਰ ਸਿੰਘ

### ੧੮੭੨ ਈ.—੧੯੫੭ ਈ.

ਭਾਈ ਵੀਰ ਸਿੰਘ ਡਾ: ਚਰਨ ਸਿੰਘ ਜੀ ਦੇ ਵੱਡੇ ਸਪੁੱਤਰ ਸਨ । ਇਨ੍ਹਾਂ ਨੂੰ ਆਧੁਨਿਕ ਪੰਜਾਬੀ ਸਾਹਿੱਤ ਦਾ ਜਨਮ-ਦਾਤਾ ਮੰਨਿਆ ਜਾਂਦਾ ਹੈ । ਇਨ੍ਹਾਂ ਨੂੰ ਜੀਊਂਦੇ ਜੀ ਕਲਮੀ ਸੇਵਾ ਦੇ ਬਦਲੇ, ਕੀ ਲੋਕਾਂ ਵੱਲੋਂ ਤੇ ਕੀ ਸਰਕਾਰ ਵੱਲੋਂ, ਬੜਾ ਸਤਕਾਰ ਮਿਲਿਆ । ਪੰਜਾਬ ਯੂਨੀਵਰਸਿਟੀ ਨੇ ਆਪ ਨੂੰ ਡਾਕਟਰ ਔਫ਼ ਓਰੀਐਂਟਲ ਲਰਨਿੰਗ ਦੀ ਡਿਗਰੀ ਪੇਸ਼ ਕੀਤੀ । ਆਪ ਨੂੰ ਪੰਜਾਬ ਲੈਜਿਸਲੇਟਿਵ ਕਾਊਂਸਲ ਤੇ ਭਾਰਤ ਸਾਹਿੱਤ ਅਕਾਡਮੀ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ । ਸਾਹਿੱਤ ਅਕਾਡਮੀ ਵੱਲੋਂ ਆਪ ਦੀ ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਪੰਜ ਹਜ਼ਾਰ ਰੁਪੈ ਦਾ ਇਨਾਮ ਦਿੱਤਾ ਗਿਆ । ਇਨ੍ਹਾਂ ਦੀਆਂ ਪੁਸਤਕਾਂ ਦੀ ਸੂਚੀ ਅਸੀਂ ਹੇਠਾਂ ਦੇਂਦੇ ਹਾਂ :—

ਕਵਿਤਾ : ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਪ੍ਰੀਤ ਵੀਣਾਂ, ਕੰਬਦੀ ਕਲਾਈ, ਮੇਰੇ ਸਾਈਆਂ ਜੀਓ ।

ਨਾਵਲ : ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ ।

Digitized by Panjab Digital Library | www.panjabdigilib.org

ਵਾਰਤਕ : ਕਲਗੀਧਰ ਚਮਤਕਾਰ, ਗੁਰੂ ਨਾਨਕ ਚਮਤਕਾਰ, ਅਸ਼ਟਗੁਰ ਚਮਤਕਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ, ਆਦਿ ।

ਸੰਪਾਦਨ : ਸ੍ਰੀ ਗੁਰੂ ਗ੍ਰੰਥ ਕੋਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੁਰਾਤਨ ਜਨਮ ਸਾਖੀ, ਆਦਿ ।

'ਨਾਲੇ ਗੁਰ ਬੰਧਪ ਨਾਲੇ ਗੁਰ ਭਾਈ' ਵਾਲਾ ਲੇਖ 'ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ' ਵਿੱਚੋਂ ਹੈ ।

## ਸ. ਲਾਲ ਸਿੰਘ 'ਕਮਲਾ ਅਕਾਲੀ'

੧੮੯੯ ਈ.—

ਥਾਣਾ ਦਾਖਾ, ਜ਼ਿਲਾ ਲੁਧਿਆਣਾ ਦੇ ਇਕ ਪਿੰਡ ਭਨੋਹੜ ਵਿਚ ਸ: ਲਾਲ ਸਿੰਘ ਜੀ ਦਾ ਜਨਮ ਸ. ਬ. ਭਗਵਾਨ ਸਿੰਘ ਦੇ ਘਰ ਹੋਇਆ । ੧੯੨੦–੨੧ ਵਿੱਚ ਇਨ੍ਹਾਂ ਨੇ ਇਕ ਟ੍ਰੈਕਟ 'ਕਮਲਾ ਅਕਾਲੀ' ਲਿਖਿਆ, ਜਿਸ ਤੋਂ ਇਨ੍ਹਾਂ ਦਾ ਨਾਂ 'ਕਮਲਾ ਅਕਾਲੀ' ਪੈ ਗਿਆ । ੧੯੨੭ ਤੋਂ ੧੯੨੯ ਤੱਕ ਆਪ ਇਮਪੀਰੀਅਲ ਕਾਲਜ ਔਫ਼ ਸਾਇੰਸ, ਲੰਡਨ ਦੇ ਵਿਦਿਆਰਥੀ ਰਹੇ ਤੇ ਐਮ. ਐਸ ਸੀ. ਦੀ ਡਿਗਰੀ ਪ੍ਰਾਪਤ ਕੀਤੀ । ੧੯੩੬ ਵਿਚ ਲੁਧਿਆਣੇ ਦੇ ਇਕ ਪੇਂਡੂ ਹਲਕੇ ਵੱਲੋਂ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਚੁਣੇ ਗਏ ਸਨ । ਅੱਜਕੱਲ ਆਪ ਦਾ ਰੁਝੇਵਾਂ ਖੇਤੀ ਬਾੜੀ ਹੈ ।

ਪੁਸਤਕਾਂ :—ਮੇਰਾ ਵਲੈਤੀ ਸਫ਼ਰ ਨਾਮਾ, ਮੌਤ ਰਾਣੀ ਦਾ ਘੁੰਡ, ਜੀਵਨ ਨੀਤੀ, ਸੈਲਾਨੀ ਦੇਸ਼ ਭਗਤ, ਵਿਗਿਆਨਕ ਲੇਖ, ਆਦਿ ।

'ਸਿਆਮੀ ਜੰਗਲਾਂ ਵਿਚ', 'ਸੈਲਾਨੀ ਦੇਸ਼ ਭਗਤ' ਦਾ ਇਕ ਕਾਂਡ ਹੈ ।

## ਪ੍ਰਿੰਸੀਪਲ ਤੇਜਾ ਸਿੰਘ

੧੮੯੩ ਈ.—੧੯੫੭ ਈ.

ਪਿਤਾ ਦਾ ਨਾਂ ਭਾਈ ਭਲਾਕਰ ਸਿੰਘ; ਜਨਮ ਅਡਿਆਲਾ, ਜ਼ਿਲਾ ਰਾਵਲਪਿੰਡੀ । ਬੜੀ ਦੇਰ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਪ੍ਰੋਫ਼ੈਸਰੀ

Digitized by Panjab Digital Library | www.panjabdigilib.org

ਕਰਨ ਪਿੱਛੋਂ, ਖ਼ਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਬਣੇ । ਉਸ ਤੋਂ ਪਿੱਛੋਂ ਕੁਝ ਚਿਰ ਪੰਜਾਬ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਦੀ ਸਕੱਤਰੀ ਤੇ ਮਹਿੰਦਰ ਕਾਲਜ, ਪਟਿਆਲਾ ਦੀ ਪ੍ਰਿੰਸੀਪਲੀ ਕੀਤੀ। ਆਪ ਪੰਜਾਬੀ ਤੋਂ ਬਿਨਾਂ ਅੰਗ੍ਰੇਜ਼ੀ ਦੇ ਵੀ ਅੱਛੇ ਲੇਖਕ ਸਨ ।

ਭਾਰਤੀ ਸਾਹਿੱਤ ਅਕਾਡਮੀ ਨੇ ਪੰਜਾਬੀ ਲਈ ਆਪ ਨੂੰ ਆਪਣਾ ਸਲਾਹਕਾਰ ਬਣਾਇਆ ਹੋਇਆ ਸੀ ।

ਪੁਸਤਕਾਂ : ਟੀਕਾ ਜਪੁਜੀ, ਟੀਕਾ ਆਸਾ ਦੀ ਵਾਰ, ਸ਼ਬਦਾਰਥ, ਸ਼ਬਦਾਂਤਕ ਲਗਾਂ ਮਾਤਰਾਂ, ਨਵੀਆਂ ਸੋਚਾਂ, ਸਭਿਆਚਾਰ, ਸਹਿਜ ਸੁਭਾ, ਆਰਸੀ, ਪੰਜਾਬੀ ਕਿਵੇਂ ਲਿਖੀਏ ? ਆਦਿ ।

'ਸਾਊਪੁਣਾ' ਆਪ ਦੀ ਪੁਸਤਕ 'ਪ੍ਰਿ. ਤੇਜਾ ਸਿੰਘ ਦੇ ਚੋਣਵੇਂ ਲੇਖ' ਵਿੱਚੋਂ ਹੈ ।

## ਪ੍ਰੋਫ਼ੈਸਰ ਸਾਹਿਬ ਸਿੰਘ

੧੮੯੫ ਈ.—

ਜਨਮ ਪਿੰਡ ਫੱਤੇਵਾਲੀ, ਜ਼ਿਲਾ ਸਿਆਲਕੋਟ ਵਿਚ, ਭਾਈ ਹੀਰਾ ਨੰਦ ਦੇ ਘਰ । ਦਸਵੀਂ ਪਾਸ ਕਰ ਕੇ ਖ਼ਾਲਸਾ ਮਿਡਲ ਸਕੂਲ ਸਾਂਗਲੇ ਵਿੱਚ ਕੁੱਝ ਮਹੀਨੇ ਅਧਿਆਪਕ ਰਹੇ, ਫੇਰ ਡਾਕਖ਼ਾਨੇ ਵਿੱਚ ਕਲਰਕੀ ਮਿਲ ਗਈ ਪਰ ਇਕ ਵਰ੍ਹੇ ਪਿੱਛੋਂ ਨੌਕਰੀ ਛੱਡ ਕੇ ਕਾਲਜ ਵਿਚ ਦਾਖ਼ਲ ਹੋ ਗਏ । ਬੀ. ਏ. ਪਾਸ ਕਰਨ ਤੋਂ ਬਾਦ ਕੁੱਝ ਚਿਰ ਮਾਸਟਰੀ ਕੀਤੀ, ਉਪਰੰਤ ਗੁ. ਨਾ. ਖ਼ਾਲਸਾ ਕਾਲਜ, ਗੁਜਰਾਂਵਾਲੇ ਵਿੱਚ ਸੰਸਕ੍ਰਿਤ ਤੇ ਸਿੱਖ ਧਰਮ ਦੇ ਅਧਿਆਪਕ ਲਗ ਗਏ । ਓਥੋਂ ਸ਼੍ਰੋ. ਗੁ. ਪ੍ਰ. ਕਮੇਟੀ ਦੇ ਦਫ਼ਤਰ ਵਿੱਚ ਮੀਤ ਸਕੱਤਰ ਬਣ ਕੇ ਅੰਮ੍ਰਿਤਸਰ ਆ ਗਏ । ਵਰਕਿੰਗ ਕਮੇਟੀ ਦੇ ਮੈਂਬਰਾਂ ਦੇ ਨਾਲ ਇਨ੍ਹਾਂ ਨੂੰ ਵੀ ਦੋ ਵਾਰ ਜੇਲ ਜਾਣਾ ਪਿਆ । ੧੯੨੯ ਵਿੱਚ ਇਨ੍ਹਾਂ ਨੂੰ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਪੰਜਾਬੀ ਤੇ ਸਿੱਖ ਧਰਮ ਦਾ ਲੇਕਚਰਾਰ ਲਾਇਆ ਗਿਆ, ਅੱਜਕੱਲ ਆਪ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਲੱਗੇ ਹੋਏ ਹਨ ।

ਪੁਸਤਕਾਂ : ਭੱਟਾਂ ਦੇ ਸਵੱਈਏ, ਜਪੁਜੀ, ਆਸਾ ਦੀ ਵਾਰ, ਸਦੁ, ਸੁਖਮਨੀ, ਜਾਪੁ, ਸਲੋਕ ਬਾਬਾ ਫ਼ਰੀਦ, ਸਲੋਕ ਭਗਤ

Digitized by Panjab Digital Library | www.panjabdigilib.org

ਕਬੀਰ, ਦਸ ਵਾਰਾਂ, ਸਿੱਧ ਗੋਸ਼ਟ, ਤੇ ਕੁੱਝ ਹੋਰ ਬਾਣੀਆਂ ਦੇ ਟੀਕੇ, ਧਾਰਮਿਕ ਲੇਖ, ਕੁੱਝ ਹੋਰ ਧਾਰਮਿਕ ਲੇਖ, ਗੁਰਮਤ ਪ੍ਰਕਾਸ਼, ਸਰਬੱਤ ਦਾ ਭਲਾ, ਆਦਿ ।

'ਰੋਜ਼ਾਨਾ ਮਨੁੱਖਾ ਜੀਵਨ ਤੇ ਧਰਮ' ਵਾਲਾ ਲੇਖ ਇਨ੍ਹਾਂ ਦੀ ਪੁਸਤਕ 'ਧਾਰਮਿਕ ਲੇਖ' ਵਿੱਚੋਂ ਲਿਆ ਗਿਆ ਹੈ ।

## ਪ੍ਰੋਫ਼ੈਸਰ ਬ੍ਰਿਜ ਲਾਲ ਸ਼ਾਸਤ੍ਰੀ

੧੮੯੪ ਈ.—

ਜਨਮ ਬੜਾ ਪਿੰਡ ਲੋਧੀਆਂ, ਤਹਿਸੀਲ ਸ਼ਕਰਗੜ੍ਹ, ਜ਼ਿਲਾ ਗੁਰਦਾਸਪੁਰ ਵਿਚ ਲਾਲਾ ਅਮਰ ਚੰਦ ਮਹਾਜਨ ਦੇ ਘਰ ਹੋਇਆ । ਸੰਸਕ੍ਰਿਤ ਦਾ ਐਮ. ਏ. ਪਾਸ ਕਰ ਕੇ ਡੀ. ਏ. ਵੀ. ਕਾਲਜ, ਲਾਹੌਰ ਵਿੱਚ ਪ੍ਰੋਫ਼ੈਸਰ ਲਗ ਗਏ । ੧੯੨੦ ਤੋਂ ੧੯੨੬ ਤਕ ਪੰਜਾਬ ਟੈਕਸਟ ਬੁੱਕ ਕਮੇਟੀ, ਲਾਹੌਰ ਵਿਚ ਪੁਸਤਕਾਂ ਦੇ ਐਡੀਟਰ ਰਹੇ । ਉਸ ਤੋਂ ਪਿੱਛੋਂ ਸੰਸਕ੍ਰਿਤ ਦੇ ਪ੍ਰੋਫ਼ੈਸਰ ਦੀ ਹੈਸੀਅਤ ਵਿਚ ਸਰਕਾਰੀ ਮੁਲਾਜ਼ਮਤ ਵਿਚ ਚਲੇ ਗਏ । ਅੱਜਕਲ ਆਪ ਰੀਟਾਇਰ ਹੋ ਕੇ ਰੋਪੜ ਵਿੱਚ ਰਹਿੰਦੇ ਹਨ ।

ਰਚਨਾ : ਪੂਰਨ, ਪ੍ਰਤਿਗਿਆ, ਵਾਸਵ ਦੱਤ, ਸਾਵਿਤ੍ਰੀ ਸੁਕੰਨਿਆਂ } ਨਾਟਕ

ਬਾਲਕਾਂ ਦੇ ਗੀਤ, ਕੁਣਾਲ, ਸੰਧਿਆ ਸੰਗੀਤ, ਰਾਮ ਗੀਤ ਆਦਿ । } ਕਵਿਤਾ

ਪ੍ਰੇਮ ਪੀਂਘਾਂ—ਨਾਵਲ

ਰਾਮ ਕਥਾ—ਵਾਰਤਕ

'ਰਾਵਣ ਦਾ ਅੰਤ', 'ਰਾਮ ਕਥਾ' ਵਿਚੋਂ ਲਿਆ ਗਿਆ ਹੈ ।

## ਸ. ਗੁਰਬਖਸ਼ ਸਿੰਘ

੧੮੯੫ ਈ.—

ਸ: ਗੁਰਬਖਸ਼ ਸਿੰਘ ਦਾ ਜਨਮ ਸਿਆਲਕੋਟ ਸ਼ਹਿਰ ਵਿਚ ਹੋਇਆ । ਇਨ੍ਹਾਂ ਨੇ ਆਪਣਾ ਜੀਵਨ ਕਲਰਕੀ ਤੋਂ ਸ਼ੁਰੂ ਕੀਤਾ, ਪਰ ਤਰੱਕੀ ਦੀ ਰੀਝ ਨੇ ਓਵਰਸੀਅਰੀ ਵਾਲੇ ਪਾਸੇ ਲਾ ਦਿੱਤਾ । ਰੁੜਕੀ ਤੋਂ ਓਵਰਸੀਅਰ

Digitized by Panjab Digital Library | www.panjabdigilib.org

ਬਣ ਕੇ ਫ਼ੌਜ ਵਿਚ ਭਰਤੀ ਹੋ ਗਏ ਤੇ ਬਸਰੇ, ਬਗ਼ਦਾਦ ਤੇ ਈਰਾਨ ਵੱਲ ਡਿਊਟੀ ਉੱਤੇ ਰਹੇ। ਫੇਰ ਅਮ੍ਰੀਕਾ ਜਾ ਕੇ ਇੰਜਨੀਅਰਿੰਗ ਦੀ ਉਚੇਰੀ ਸਿੱਖਿਆ ਪ੍ਰਾਪਤ ਕੀਤੀ। ਕੁੱਝ ਚਿਰ ਨੌਕਰੀ ਕਰਨ ਤੋਂ ਪਿੱਛੋਂ ਪਹਿਲਾਂ ਖੇਤੀ ਤੇ ਪਿੱਛੋਂ ਪੱਤਰਕਾਰੀ ਦਾ ਕੰਮ ਸ਼ੁਰੂ ਕੀਤਾ ਜੋ ਆਪ ਹੁਣ ਤੱਕ ਬੜੀ ਸਰਗਰਮੀ ਨਾਲ ਕਰ ਰਹੇ ਹਨ, ਇਨ੍ਹਾਂ ਦੇ ਰਿਸਾਲੇ ਦਾ ਨਾਂ 'ਪ੍ਰੀਤ-ਲੜੀ ਹੈ ਜਿਸ ਨੂੰ ਉਹ ਆਪ-ਵਸਾਏ ਪ੍ਰੀਤ-ਨਗਰ (ਜ਼ਿਲਾ ਅੰਮ੍ਰਿਤਸਰ) ਤੋਂ ਪ੍ਰਕਾਸ਼ਿਤ ਕਰਦੇ ਹਨ। ਆਪ ਰੂਸ, ਚੀਨ ਤੇ ਕਈ ਹੋਰ ਯੂਰਪੀ ਤੇ ਏਸ਼ੀਆਈ ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ।

ਆਪ ਵੀ ਪੰਜਾਬੀ ਲਈ, ਭਾਰਤੀ ਸਾਹਿੱਤ ਅਕਾਡਮੀ ਦੇ ਸਲਾਹਕਾਰ ਹਨ।

ਪੁਸਤਕ ਸੂਚੀ :—

ਕਹਾਣੀਆਂ : ਪ੍ਰੀਤ ਕਹਾਣੀਆਂ, ਨਾਗ ਪ੍ਰੀਤ ਦਾ ਜਾਦੂ, ਅਨੋਖੇ ਤੇ ਇਕੱਲੇ, ਵੀਣਾ ਵਿਨੋਦ, ਸ਼ਬਨਮ, ਭਾਬੀ ਮੈਨਾ ਤੇ ਹੋਰ ਕਹਾਣੀਆਂ, ਆਦਿ।

ਨਾਵਲ : ਅਣਵਿਆਹੀ ਮਾਂ।

ਨਾਟਕ : ਰਾਜਕੁਮਾਰੀ ਲਤਿਕਾ, ਪ੍ਰੀਤ ਮੁਕਟ, ਪੂਰਬ-ਪੱਛਮ, ਪ੍ਰੀਤ ਮਣੀ, ਆਦਿ।

ਲੇਖ : ਸਾਂਵੀਂ ਪੱਧਰੀ ਜ਼ਿੰਦਗੀ, ਸੁਖਾਂਵੀਂ ਸੁਧਰੀ ਜ਼ਿੰਦਗੀ, ਮਨੋਹਰ ਸ਼ਖ਼ਸੀਅਤ, ਕੁਦਰਤੀ ਮਜ਼ਹਬ, ਪਰਮ ਮਨੁੱਖ, ਚੰਗੇਰੀ ਦੁਨੀਆਂ, ਜ਼ਿੰਦਗੀ ਦੀ ਰਾਸ, ਆਦਿ।

'ਜ਼ਿੰਦਗੀ ਦਾ ਹੱਸਦਾ ਪਾਸਾ' ਵਾਲਾ ਲੇਖ 'ਚੰਗੇਰੀ ਦੁਨੀਆਂ' ਵਿਚੋਂ ਲਿਆ ਗਿਆ ਹੈ।

## ਡਾਕਟਰ ਗੰਡਾ ਸਿੰਘ

੧੯੦੧ ਈ.—

ਜਨਮ : ਪਿੰਡ ਹਰਿਆਨਾ, ਜ਼ਿਲਾ ਹੁਸ਼ਿਆਰਪੁਰ ਵਿੱਚ। ਪਿਤਾ ਦਾ ਨਾਂ: ਸਰਦਾਰ ਜੁਆਲਾ ਸਿੰਘ। ੧੯੧੯ ਤੋਂ ੧੯੨੧ ਤੱਕ ਫ਼ੌਜ ਵਿੱਚ

Digitized by Panjab Digital Library | www.panjabdigilib.org

ਭਰਤੀ ਹੋ ਕੇ ਉੱਤਰ-ਪੱਛਮੀ ਸੀਮਾਂਤ ਪ੍ਰਾਂਤ, ਇਰਾਕ ਤੇ ਈਰਾਨ ਵਿੱਚ ਰਹੇ, ੧੯੨੧ ਤੋਂ ੧੯੩੦ ਤੱਕ ਐਂਗਲੋ ਈਰਾਨੀਅਨ ਔਇਲ ਕੰਪਨੀ ਈਰਾਨ ਵਿੱਚ ਨੌਕਰੀ ਕੀਤੀ; ੧੯੩੧ ਤੋਂ ੧੯੪੯ ਤੱਕ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਸਿੱਖ ਇਤਿਹਾਸ ਦੀ ਖੋਜ ਦੇ ਮਹਿਕਮੇ ਦੇ ਇਨਚਾਰਜ ਰਹੇ ਤੇ ੧੯੪੯ ਵਿੱਚ ਪੈਪਸੂ ਦੇ ਮਹਿਕਮਾ ਅਰਕਾਈਵਜ਼ ਦੇ ਡਾਇਰੈਕਟਰ ਬਣ ਕੇ ਪਟਿਆਲੇ ਪਹੁੰਚ ਗਏ। ਅੱਜਕੱਲ ਆਪ ਰੀਟਾਇਰ ਹੋ ਕੇ ਪਟਿਆਲੇ ਵਿੱਚ ਹੀ ਰਹਿੰਦੇ ਹਨ। ਇਨ੍ਹਾਂ ਨੇ ਪੰਜਾਬੀ ਤੋਂ ਬਿਨਾਂ ਅੰਗ੍ਰੇਜ਼ੀ, ਉਰਦੂ ਤੇ ਹਿੰਦੀ ਵਿੱਚ ਵੀ ਕਈ ਪੁਸਤਕਾਂ ਲਿਖੀਆਂ ਹਨ।

ਰਚਨਾਵਾਂ : ਮਹਾਰਾਜਾ ਕੌੜਾ ਮੱਲ ਬਹਾਦੁਰ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਕੂਕਿਆਂ ਦੀ ਵਿਥਿਆ, ਸਿੱਖ ਇਤਿਹਾਸ ਬਾਰੇ, ਸਿੱਖ ਇਤਿਹਾਸ ਵੱਲ, ਪੰਜਾਬ ਦੀਆਂ ਵਾਰਾਂ (ਸੰਪਾਦਿਤ), ਪੰਜਾਬ ਉੱਤੇ ਅੰਗ੍ਰੇਜ਼ਾਂ ਦਾ ਕਬਜ਼ਾ, ਆਦਿ।

'ਸਭਰਾਵਾਂ ਦੀ ਲੜਾਈ', 'ਸ਼ਾਮ ਸਿੰਘ ਅਟਾਰੀਵਾਲਾ' ਵਿਚ ਆਉਂਦੀ ਹੈ।

## ਗਿਆਨੀ ਹਰਿੰਦਰ ਸਿੰਘ 'ਰੂਪ'

੧੯੦੭ ਈ.—੧੯੫੪ ਈ.

'ਰੂਪ' ਜੀ, ਗਿਆਨੀ ਗੁਰਬਖ਼ਸ਼ ਸਿੰਘ ਬੈਰਿਸਟਰ ਦੇ ਘਰ, ਅੰਮ੍ਰਿਤਸਰ ਵਿੱਚ ਪੈਦਾ ਹੋਏ। ਹਿੰਦੂ ਸਭਾ ਸਕੂਲ, ਅੰਮ੍ਰਿਤਸਰ ਵਿੱਚ ਪੜ੍ਹਨੇ ਪਏ, ਪਰ ਹਿਸਾਬ ਤੋਂ ਡਰ ਕੇ ਪੜ੍ਹਾਈ ਛੱਡ ਦਿੱਤੀ। ਪੰਜਾਬੀ, ਹਿੰਦੀ, ਉਰਦੂ ਤੇ ਕੁੱਝ ਕੁੱਝ ਫ਼ਾਰਸੀ ਤੇ ਅੰਗ੍ਰੇਜ਼ੀ ਆਪਣੇ ਘਰ ਬੈਠ ਕੇ ਪੜ੍ਹੀਆਂ। ਉਨ੍ਹਾਂ ਨੂੰ ਮੁਕੱਦਮੇਬਾਜ਼ੀ ਦਾ ਬੜਾ ਸ਼ੌਕ ਸੀ ਅਤੇ ਜਾਇਦਾਦ ਦੇ ਝਗੜਿਆਂ ਤੇ ਮੁਕੱਦਮੇਬਾਜ਼ੀਆਂ ਨੇ ਹੀ ਅਖ਼ੀਰ ਉਨ੍ਹਾਂ ਦੀ ਜਾਨ ਲਈ। ਭਰਾ ਦੇ ਪਿਸਤੌਲ ਦੀ ਇੱਕ ਗੋਲੀ ਨੇ ਉਨ੍ਹਾਂ ਨੂੰ ਸਦਾ ਦੀ ਨੀਂਦਰ ਸਵਾ ਦਿੱਤਾ।

ਪੁਸਤਕ-ਸੂਚੀ :—

ਕਵਿਤਾ : ਨਵੇਂ ਪੰਧ, ਡੂੰਘੇ ਵਹਿਣ, ਸ਼ਾਨਾਂ ਮੇਰੇ ਪੰਜਾਬ ਦੀਆਂ, ਰੂਪ ਲੇਖਾ, ਲੋਕ-ਵਾਰਾਂ, ਮਨੁੱਖ ਦੀ ਵਾਰ, ਹਿਮਾਲਾ ਦੀ ਵਾਰ।

Digitized by Panjab Digital Library | www.panjabdigilib.org

ਵਾਰਤਕ : ਰੂਪ ਰੰਗ, ਚੰਙਾਂ ਪਹੁੰਚੇ, ਸਿੱਖ ਤੇ ਸਿੱਖੀ, ਭਾਈ ਗੁਰਦਾਸ, ਆਦਿ ।

'ਸੱਪ', 'ਰੂਪ ਰੰਗ' ਵਿੱਚੋਂ ਲਿਆ ਗਿਆ ਹੈ ।

## ਪ੍ਰੋਫ਼ੈਸਰ ਸੰਤ ਸਿੰਘ ਸੇਖੋਂ

੧੯੦੮ ਈ.—

ਪਿਤਾ ਦਾ ਨਾਂ ਸ: ਹੁਕਮ ਸਿੰਘ; ਜਨਮ ਚੱਕ ਨੰਬਰ ੭੦ ਜੇ. ਬੀ., ਜ਼ਿਲਾ ਲਾਇਲਪੁਰ ਵਿੱਚ । ਪ੍ਰੋਫ਼ੈਸਰੀ ਤੋਂ ਠੇਕੇਦਾਰੀ, ਠੇਕੇਦਾਰੀ ਤੋਂ ਪੱਤਰਕਾਰੀ ਤੇ ਪੱਤਰਕਾਰੀ ਤੋਂ ਫੇਰ ਪ੍ਰੋਫ਼ੈਸਰੀ ਵੱਲ ਮੁੜਨ ਵਾਲੇ ਪ੍ਰੋ: ਸੰਤ ਸਿੰਘ ਰਾਜਨੀਤੀ ਦੇ ਮੈਦਾਨ ਵਿੱਚ ਨਿੱਤਰਨ ਲਈ ਬੜਾ ਹੰਭਲਾ ਮਾਰਦੇ ਰਹੇ ਹਨ (ਉਹ ਦੋ ਵਾਰੀ ਵਿਧਾਨ ਸਭਾ ਦੀ ਮੈਂਬਰੀ ਲਈ ਚੋਣ ਲੜ ਚੁੱਕੇ ਹਨ) ਪਰ ਸਫਲ ਨਹੀਂ ਹੋ ਸਕੇ । ਅਸੀਂ ਸਮਝਦੇ ਹਾਂ ਕਿ ਰਾਜਨੀਤਕ ਖੇਤਰ ਵਿਚ ਪ੍ਰੋਫ਼ੈਸਰ ਸਾਹਿਬ ਦੀ ਅਸਫਲਤਾ ਪੰਜਾਬੀ ਸਾਹਿੱਤ ਵਾਸਤੇ ਲਾਭਕਾਰੀ ਸਾਬਤ ਹੋਈ ਹੈ ਕਿਉਂਕਿ ਇਸ ਤਰ੍ਹਾਂ ਉਨ੍ਹਾਂ ਨੂੰ ਸਾਹਿੱਤ-ਰਚਨਾ ਵੱਲ ਵਧੇਰੇ ਧਿਆਨ ਦੇਣ ਦਾ ਸਮਾਂ ਮਿਲ ਗਿਆ ਹੈ ।

ਅੱਜਕੱਲ ਆਪ ਖ਼ਾਲਸਾ ਕਾਲਜ, ਗੁਰੂ ਸਰ ਸਧਾਰ ਵਿੱਚ ਅੰਗ੍ਰੇਜ਼ੀ ਦੇ ਮੁਖ-ਅਧਿਆਪਕ ਹਨ । ਆਪ ਭਾਰਤੀ ਸਾਹਿੱਤ ਅਕਾਡਮੀ ਦੇ ਸਲਾਹਕਾਰਾਂ ਵਿੱਚੋਂ ਹਨ ।

ਪੁਸਤਕ ਸੂਚੀ—

ਕਵਿਤਾ : ਕਾਵਿ ਦੂਤ ।

ਨਾਟਕ : ਛੇ ਘਰ, ਕਲਾਕਾਰ, ਤਪਿਆ ਕਿਉਂ ਖਪਿਆ ?, ਨਾਰਕੀ, ਨਾਟ ਸੁਨੇਹੇ, ਭੂਦਾਨ, ਵਾਰਿਸ, ਬੇੜਾ ਬੰਧ ਨਾ ਸਕਿਓ, ਮੋਇਆਂ ਸਾਰ ਨਾ ਕਾਈ, ਆਦਿ ।

ਕਹਾਣੀਆਂ : ਸਮਾਚਾਰ, ਕਾਮੇ ਤੇ ਯੋਧੇ, ਅੱਧੀ ਵਾਟ, ਆਦਿ ।

ਨਾਵਲ : ਲਹੂ ਮਿੱਟੀ ।

ਵਾਰਤਕ : ਪ੍ਰਗਤੀ ਪੰਧ, ਸਾਹਿਤਿਆਰਥ ।

'ਹਜ਼ਰਤ ਮੁਹੰਮਦ' ਵਾਲਾ ਲੇਖ 'ਪ੍ਰਗਤੀ ਪੰਧ' ਵਿੱਚੋਂ ਲਿਆ ਗਿਆ ਹੈ ।

Digitized by Panjab Digital Library | www.panjabdigilib.org

## ਸ. ਈਸ਼ਵਰ ਸਿੰਘ ਚਿਤ੍ਰਕਾਰ

੧੯੧੨ ਈ.—

ਕਈ ਸਕੂਲਾਂ ਵਿੱਚ ਡਰਾਇੰਗ ਮਾਸਟਰੀ ਕਰਨ ਤੋਂ ਪਿੱਛੋਂ ਈਸ਼ਵਰ ਸਿੰਘ ਜੀ ਨੂੰ ਕੇਂਦਰੀ ਸਰਕਾਰ ਦੇ ਸੂਚਨਾ ਵਿਭਾਗ ਵਿੱਚ ਸੀਨੀਅਰ ਆਰਟਿਸਟ ਦੀ ਅਸਾਮੀ ਮਿਲ ਗਈ। ਹੁਣ ਉਹ ਦਿੱਲੀ ਵਿੱਚ ਇਸੇ ਅਸਾਮੀ ਉੱਤੇ ਲੱਗੇ ਹੋਏ ਹਨ। ਆਪਣੇ ਅਸਲ ਪੇਸ਼ੇ, ਚਿਤ੍ਰਕਾਰੀ ਵਿੱਚ, ਈਸ਼ਵਰ ਸਿੰਘ ਜੀ ਨੂੰ ਕਾਫ਼ੀ ਪ੍ਰਸਿੱਧੀ ਪ੍ਰਾਪਤ ਹੈ। ਪੰਜਾਬੀ ਵਿੱਚ ਕਵਿਤਾ ਤੇ ਵਾਰਤਕ ਦੁਹਾਂ ਦੀ ਰਚਨਾ ਕੀਤੀ ਹੈ।

ਕਵਿਤਾ : ਸੂਲ ਸੁਰਾਹੀ, ਭਖਦੀਆਂ ਲਹਿਰਾਂ।

ਵਾਰਤਕ : ਕਲਮ ਦੀ ਆਵਾਜ਼, ਗੱਲਬਾਤ।

'ਬਰਾਗੀ', 'ਗੱਲਬਾਤ' ਵਿੱਚੋਂ ਲਿਆ ਹੈ।

## ਪ੍ਰੋ. ਪ੍ਰੀਤਮ ਸਿੰਘ

੧੯੧੮ ਈ.—

ਪਿਤਾ ਦਾ ਨਾਂ, ਸ. ਚਾਨਣ ਸਿੰਘ; ਜਨਮ, ਪਟਿਆਲੇ ਵਿੱਚ। ਤੁਹਾਡੇ ਹੱਥਾਂ ਵਿਚਲੀ ਕਿਤਾਬ ਦਾ ਸੰਪਾਦਕ ਮਹਿੰਦਰ ਕਾਲਜ, ਪਟਿਆਲੇ ਵਿੱਚ ਪੰਜਾਬੀ ਦਾ ਅਧਿਆਪਕ ਹੈ। ਉਸ ਦੀਆਂ ਕੁੱਝ ਕਿਤਾਬਾਂ ਦੇ ਨਾਂ ਇਹ ਹਨ :

(੧) ਪੰਜਾਬੀ ਕਾਵਿ-ਧਾਰਾ [ਸੰਪਾਦਿਤ]। (੨) ਪਾਰਸ ਭਾਗ [ਸੰਪਾਦਿਤ]। (੩) ਸਿੱਖਾਂ ਦੇ ਰਾਜ ਦੀ ਵਿੱਥਿਆ [ਸੰਪਾਦਿਤ]। (੪) ਡਾਕਟਰ ਮੋਹਨ ਸਿੰਘ, ਜੀਵਨ ਤੇ ਰਚਨਾ। (੫) ਹਾਸ਼ਮ ਬਾਰੇ।

ਪ੍ਰੀਤਮ ਸਿੰਘ ਭਾਰਤੀ ਸਾਹਿੱਤ ਅਕਾਡਮੀ ਦੇ ਪੰਜਾਬੀ ਸਲਾਹਕਾਰ ਬੋਰਡ ਦਾ ਮੈਂਬਰ ਹੈ।

'ਸੇਵਾ ਪੰਥ', 'ਪਾਰਸ ਭਾਗ' ਕਿਤਾਬ ਦੀ ਭੂਮਿਕਾ ਵਿੱਚੋਂ ਲਿਆ ਗਿਆ ਹੈ।

Digitized by Panjab Digital Library | www.panjabdigilib.org

## ਸ੍ਰੀ ਬਲਵੰਤ ਗਾਰਗੀ

ੳ੯੧੮ ਈ:—

ਬਲਵੰਤ ਗਾਰਗੀ ਜੀ ਦਾ ਜਨਮ ਸਹਾਣਾ, ਜ਼ਿਲਾ ਫ਼ੀਰੋਜ਼ਪੁਰ ਵਿੱਚ ਸ੍ਰੀ ਸ਼ਿਬ ਚੰਦ ਜੀ ਦੇ ਘਰ ਹੋਇਆ। ਕੁੱਝ ਦੇਰ ਆਲ ਇੰਡੀਆ ਰੇਡੀਓ ਦੀ ਨੌਕਰੀ ਕੀਤੀ, ਪਰ ਛੇਤੀ ਹੀ ਛੱਡ ਦਿੱਤੀ। ਹੁਣ ਗਾਰਗੀ ਜੀ ਉਨ੍ਹਾਂ ਥੋੜ੍ਹੇ ਜਿਹੇ ਪੰਜਾਬੀ ਲੇਖਕਾਂ ਵਿਚੋਂ ਇੱਕ ਹਨ ਜਿਹੜੇ ਆਪਣੀ ਕਲਮ ਦੇ ਆਸਰੇ ਜੀਉਂਦੇ ਹਨ। ਇਨ੍ਹਾਂ ਨੇ ਏਸ਼ੀਆ ਤੇ ਯੂਰਮ ਦੇ ਬਹੁਤ ਦੇਸ਼ਾਂ ਦੀ ਯਾਤਰਾ ਕੀਤੀ ਹੋਈ ਹੈ। ਇਨ੍ਹਾਂ ਦੇ ਨਾਟਕ ਕਈ ਦੇਸੀ ਤੇ ਬਦੇਸੀ ਬੋਲੀਆਂ ਵਿੱਚ ਉਲਥਾਏ ਜਾ ਚੁੱਕੇ ਹਨ ਤੇ ਆਪਣੇ ਦੇਸ਼ ਤੋਂ ਬਾਹਰ ਵੀ ਖੇਡੇ ਗਏ ਹਨ।

ਰਚਨਾਵਾਂ :—

ਨਾਟਕ : ਲੋਹਾ ਕੁੱਟ, ਕੁਆਰੀ ਟੀਸੀ, ਦੋ ਪਾਸੇ, ਬੇਬੇ, ਸੈਲ ਪੱਥਰ, ਦਸਵੰਧ, ਨਵਾਂ ਮੁੱਢ, ਪੱਤਣ ਦੀ ਬੇੜੀ, ਕੇਸਰੋ, ਘੁੱਗੀ, ਕਣਕ ਦੀ ਬੱਲੀ, ਆਦਿ।

ਨਾਵਲ : ਕੱਕਾ ਰੇਤਾ।

ਕਹਾਣੀਆਂ : ਡੁੱਲ੍ਹੇ ਬੇਰ।

'ਭਗਤ ਸਿੰਘ' ਵਾਲਾ ਲੇਖ 'ਪੰਜ ਦਰਿਆ' ਰਿਸਾਲੇ ਵਿੱਚ ਛਪਿਆ ਸੀ।

Digitized by Panjab Digital Library | www.panjabdigilib.org

# ਸ਼ਬਦਾਰਥ

## ਸਰਹੰਦ ਦੀ ਫ਼ਤਿਹ

੧. ਦਹੀਂ ਦੇ ਧਖੇ ਕਪਾਹ ਖਾਣਾ : ਦਿੱਸਦੀ ਸਮਾਨਤਾ ਤੋਂ ਧੋਖਾ ਖਾਣਾ ।

੨. ਆਢਾ ਲਾਉਣਾ : ਅੜ ਖਲੋਣਾ, ਟੱਕਰ ਲੈਣੀ ।

੩. ਗੰਜੀ ਗੁਟਾਰ, ਟੀਸੀ ਆਲ੍ਹਣਾ : ਉੱਚੀ ਪਦਵੀ ਲਈ ਅਯੋਗ ਤੇ ਅਸਲੋਂ ਅਣ ਢੁਕਦਾ ਦਾਅਵਾ ਕਰਨਾ ।

੪. ਰਾਵ ਰੰਕ : ਅਮੀਰ ਗ਼ਰੀਬ ।

੫. ਦੂਰਬੀਨੀ : ਦੂਰ-ਅੰਦੇਸ਼ੀ, ਲੰਮੀ ਸੋਚ, ਦੂਰ ਦਰਸ਼ਤਾ ।

੬. ਅਲੀਮਾ ਲੈਣਾ : ਦੇਖ ਭਾਲ ਕਰਨੀ, ਮੁਆਇਨਾ ਕਰਨਾ ।

੭. ਖਲੜ੍ਹ : ਚਮੜੇ ਦਾ ਝੋਲਾ ।

੮. ਗ਼ਾਜ਼ੀ : 'ਗ਼ਜ਼ਾ' ਦੇ ਅਰਥ ਅਰਬੀ ਵਿੱਚ 'ਲੜਾਈ' ਹਨ । ਇਸੇ ਤੋਂ 'ਗ਼ਾਜ਼ੀ' ਸ਼ਬਦ ਬਣਿਆਂ ਹੈ ।' ਅਰਥ ਹਨ : ਲੜਨ ਵਾਲਾ; ਖ਼ਾਸ ਕਰ ਕੇ ਧਰਮ ਦਾ ਯੁੱਧ ਕਰਨ ਵਾਲਾ ਸੂਰਮਾ ।

੯. ਗਾਂਢਵੀਂ ਧਾੜ : ਗੰਢ ਤੁਪ ਕਰ ਕੇ ਇਕੱਠੇ ਕੀਤੇ ਲੋਕ; ਬੇਜ਼ਾਬਤਾ ਜਾਂ ਬੇਤਰਤੀਬ ਲਸ਼ਕਰ ।

੧੦. ਭੰਗੇਰਾ : ਅਰਥ ਹਨ, ਭੰਗ ਵੇਚਣ ਵਾਲਾ; ਪਰ ਇਸ ਥਾਂ ਗਿਆਨੀ ਜੀ ਨੇ 'ਭੰਗੜ' ਦੇ ਅਰਥਾਂ ਵਿੱਚ ਵਰਤਿਆ ਹੈ ।

Digitized by Panjab Digital Library | www.panjabdigilib.org

੧੧. ਫ਼ਸਲੀ ਬਟੇਰਾ: ਮੌਕਾ ਤਾੜੂ, ਸੁਾਰਥੀ ਬੰਦਾ।

੧੨. ਤਾਬੇ: ਅਧੀਨ, ਮਾਤਹਿਤ।

੧੩. ਬੀਰ: ਬੰਵਜਾ ਅਦਿੱਖ ਜੀਵ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਮੰਤਰਾਂ ਤੰਤਰਾਂ ਨਾਲ ਵੱਸ ਹੋ ਜਾਂਦੇ ਹਨ।

੧੪. ਉਪੱਦ੍ਰਵ: ਉਪੱਦਰ, ਖ਼ਰਾਬੀ, ਫ਼ਸਾਦ, ਹਲਚਲ।

੧੫. ਜੰਬੂਰਾ: ਉੱਠ ਉੱਤੇ ਲੱਦੀ ਜਾਣ ਵਾਲੀ ਛੋਟੀ ਤੋਪ।

੧੬. ਰੈਹਕਲਾ: ਛੋਟੀ ਤੋਪ।

੧੭. ਲਾਂਗੋ ਟੇਰ: ਲਾਂਗਾਟੇਰ, ਲੰਮ ਸਲੰਮਾ।

੧੮. ਬਾੜ ਝਾੜਨਾ: ਇਕੋ ਵਾਰੀ ਵਿੱਚ ਬਹੁਤ ਸਾਰੀਆਂ ਤੋਪਾਂ ਚਲਾਉਣੀਆਂ।

੧੯. ਗੁਬਾਰਾ: ਛੋਟੀ ਤੋਪ।

੨੦. ਕੰਪਾਇਮਾਨ: ਕੰਬਦਾ ਹੋਇਆ।

੨੧. ਸਿਪਾਹ: ਫ਼ੌਜ।

੨੨. ਬੱਧਿਆਂ ਚੱਟੀ ਭਰਨਾ: ਮਜਬੂਰੀ ਵਿੱਚ ਅਣ-ਚਾਹਿਆ ਕੰਮ ਕਰਨਾ।

੨੩. ਰਾਬਾ: ਬੁਛਾੜ; 'ਬਾੜ' (ਨੰਬਰ ੧੮) ਵਾਲੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ।

੨੪. ਸਾਰ: ਲੋਹਾ।

੨੫. ਨਿਗਰਾਨ: ਦੇਖ ਰੇਖ ਕਰਨ ਵਾਲਾ, ਅੱਖ ਹੇਠ ਰੱਖਣ ਵਾਲਾ।

੨੬. ਤੁਫ਼ੰਗ: ਬੰਦੂਕ।

੨੭. ਮਦ੍ਹਾ: ਸ਼ਰਾਬ।

੨੮. ਸਿਰ ਕਾਇਮ, ਜੰਗ ਦਾਇਮ: ਦਾਇਮ-ਹਮੇਸ਼ਾ; ਜੀਉਂਦੇ ਜੀ ਸਦਾ ਮੁਕਾਬਲੇ ਵਿਚ ਡਟਿਆ ਜਾ ਸਕਦਾ ਹੈ।

੨੯. ਸੁਖਿਆਰਾ: ਸੁਖ-ਰਹਿਣਾ।

Digitized by Panjab Digital Library | www.panjabdigilib.org

੩੦. ਝੋਕ : ਹੱਲਾ, ਧਾਵਾ ।

੩੧. ਤੁਰਕਾਨੀ : ਤੁਰਕ ਫ਼ੌਜ, ਇਸਲਾਮੀ ਫ਼ੌਜ ।

੩੨. ਸੁਹਾਗਵੰਤੀ : ਜਿਸ ਲਾੜੀ ਦਾ ਪਤੀ ਜੀਉਂਦਾ ਹੋਵੇ, ਸੁਹਾਗ ਦਾ ਲਾਲ ਰੰਗ ਨਾਲ ਬੜਾ ਮੇਲ ਮੰਨਿਆ ਗਿਆ ਹੈ, ਇਸ ਲਈ ਇੱਥੇ ਇਸ ਦਾ ਭਾਵ 'ਸੂਹੀ ਸੁਹਾਵੀ' ਮੰਨਿਆ ਜਾਣਾ ਚਾਹੀਦਾ ਹੈ ।

੩੩. ਕਾਰਦਾਰ : ਨੌਕਰ, ਕਾਰਿੰਦਾ, ਸਰਕਾਰੀ ਕਰਮਚਾਰੀ ।

---

## ਗੰਗਾ ਇਸ਼ਨਾਨ

੧. ਦਦੇਹਸ : ਸੱਸ ਦੀ ਸੱਸ, ਪਤੀ ਦੀ ਦਾਦੀ ।

੨. ਪਤੇਹਸ : ਪਤੀ ਦੀ ਚਾਚੀ ਜਾਂ ਤਾਈ ।

੩. ਫੁਫੇਹਸ : ਪਤੀ ਦੀ ਭੂਆ ।

੪. ਦਦਿਅਹੁਰਾ : ਪਤੀ ਦਾ ਦਾਦਾ ।

੫. ਪਤਿਅਹੁਰਾ : ਪਤੀ ਦਾ ਚਾਚਾ ਜਾਂ ਤਾਇਆ ।

੬. ਅਲੋਕਾਰੀ : ਅਲੋਕਾਰ-ਅਜੀਬ; ਏਥੇ, ਅਨੋਖੀ, ਜੱਗੋਂ ਬਾਹਰੀ ਗੱਲ ।

੭. ਚੋਲੇ ਸੀਉਂਦਿਆਂ ਉੱਧਲਨਾ / ਚੋਲੇ ਸੀਤੀ ਉੱਧਲਨਾ } ਰੱਜੇ ਪੁੱਜੇ ਹੋਣ ਦੇ ਬਾਵਜੂਦ ਘਰ ਤੋਂ ਜੀ ਉਪਰਾਮ ਕਰ ਲੈਣਾ, ਅਕਾਰਨ ਵਿਗੜ ਬਹਿਣਾ ।

੮. ਕਹਾਣਾ : ਅਖਾਣ ।

੯. ਕਿਸੇ ਦੀ ਮਰਨੀ ਮਰਨਾ : ਦੂਜੇ ਦੀ ਥਾਂ ਆਪਣੀ ਜਾਨ ਵਾਰਨ ਲਈ ਤਿਆਰ ਰਹਿਣਾ, ਸਦਕੇ ਜਾਣਾ ।

੧੦. ਸੁਰਤ ਚੱਲਣੀ : ਧਿਆਨ ਜਾਣਾ, ਮਨ ਦਾ ਦੌੜਨਾ ।

੧੧. ਸਾਤੇ : ਅਸਾਂ ਤੇ, ਸਾਥੋਂ ।

Digitized by Panjab Digital Library | www.panjabdigilib.org

੧੨. ਪੈਂਚੀ : ਵੀਣੀ ਦਾ ਇਕ ਗਹਿਣਾ ।
੧੩. ਜਾਂਦੂ : ਨਾ ਰਹਿਣਹਾਰ, ਮੌਤ-ਪੈਣਾ ।
੧੪. ਧਨੇਸੜੀ ਦੇਣਾ : ਮਾਰ ਕੁੱਟ ਕਰਨਾ, ਧਾਨਾਂ ਵਾਂਗੂੰ ਛੜਨਾ ।
੧੫. ਛਿੱਦ ਲੈਣਾ : ਤੀਰਥ ਯਾਤਰਾ ਤੋਂ ਵਾਪਸ ਆ ਕੇ ਬ੍ਰਾਹਮਣਾਂ ਨੂੰ ਰੋਟੀ ਖਵਾ, ਉਨ੍ਹਾਂ ਪਾਸੋਂ ਮੰਜੇ ਉੱਤੇ ਸੌਣ ਦੀ ਆਗਿਆ ਲੈਣਾ ।
੧੬. ਨੇਉਂਦ ਦੇਣਾ : ਰਟੋ ਆਖਣਾ ।
੧੭. ਪੁਰਤਾਣੀ : ਪਰੋਹਤਾਣੀ, ਪਰੋਹਤ ਦੀ ਪਤਨੀ ।
੧੮. ਜੁਮਾਲਨਾ : ਖਵਾਉਣਾ ।
੧੯. ਭੱਦਣਾ : ਸਿਰ ਮੁੰਨਣਾ, ਝੰਡ ਲਾਹੁਣਾ ।
੨੦. ਨਦੀਦ : ਜਿਸ ਨੇ ਕਦੀ ਕੁੱਝ ਨਾ ਦੇਖਿਆ ਹੋਵੇ, ਭੁੱਖੜ, ਲੋਭੀ ।

## ਪੋਸਤੀ ਦੀ ਕਮਾਈ

੧. ਨਿਘੇਰ ਜਾਣਾ : ਅੰਦਰ ਸੁੱਟਣਾ, ਲੰਘਾ ਜਾਣਾ ।
੨. ਪਿਣਕ : ਪੀਣਕ, ਅਫ਼ੀਮ ਦੇ ਨਸ਼ੇ ਦੀ ਝੋਕ ।
੩. ਆਹਰ : ਰੁਝੇਵਾਂ, ਫ਼ਿਕਰ, ਉੱਦਮ ।
੪. ਜ਼ਮੀਨ ਆਸਮਾਨ ਦੇ ਕੁਲਾਬੇ ਮਿਲਾਉਣਾ : ਬੜੀਆਂ ਵੱਡੀਆਂ ਗੱਪਾਂ ਮਾਰਨੀਆਂ ।
੫. ਚੱਕੀਰਾਹਾ : ਇਕ ਪੰਛੀ ।
੬. ਝੋਕ : ਪੀਣਕ, ਝੂਟਾ ।
੭. ਪਤੰਗ ਦੀ ਗੋਤ : ਪਤੰਗ ਦਾ ਹੇਠਾਂ ਵੱਲ ਝੁਕਾਉ ।
੮. ਸੋਹਲੇ ਸੁਣਾਉਣਾ : ਬੁਰਾ ਭਲਾ ਕਹਿਣਾ, ਗਾਲ੍ਹਾਂ ਕੱਢਣੀਆਂ ।

Digitized by Panjab Digital Library | www.panjabdigilib.org

੯. ਖਿੱਲੀ ਪਾਉਣਾ : ਹਾਸਾ ਮਖ਼ੌਲ ਕਰਨਾ ।
੧੦. ਦੁਮ ਦਬਾ ਕੇ : ਦੜ ਵੱਟ ਕ, ਡਰ ਕੇ ।
੧੧. ਟੋਟ : ਅਮਲ ਦੇ ਲੱਥੇ ਹੋਣ ਵਾਲੀ ਹਾਲਤ ।
੧੨. ਡਾਬੂ ਲੈਣਾ ਭੁੱਖ ਨਾਲ ਡੋਬ ਪੈਣੇ, ਅੰਦਰ ਧੂਹ ਪੈਣੀ।
੧੩. ਵੇਲੇ ਨੂੰ ਓਢਰ ਦਿੱਤਾ : ਡੰਗ ਟਪਾਇਆ ।
੧੪. ਚਿੱਘੀਆਂ ਕਰਨਾ : ਮਖ਼ੌਲ ਉਡਾਉਣਾ ।
੧੫. ਬੰਨ੍ਹ : ਭਾਰ ।
੧੬. ਕਿੱਕਰ : ਕਿਵੇਂ ।
੧੭. ਪਦਾਰਥ : ਧਨ ਦੌਲਤ ।
੧੮. ਵਿਰਲਾਪ : ਰੋਣ, ਵੈਣ ।
੧੯. ਠੱਟ ਕੇ : ਤਕੜੇ ਹੋ ਕੇ, ਠਾਠ ਨਾਲ ।
੨੦. ਧਿਰਾਸ : ਧਰਵਾਸ, ਧੀਰਜ ।
੨੧. ਚਾਰ ਜਾਮਾ : ਤਾਹਰੂ ।
੨੨. ਤਣੀਣਾਂ ਦੇਣਾ : ਜ਼ੋਰ ਨਾਲ ਖਿੱਚਣਾ, ਜ਼ੋਰ ਲਾਉਣਾ।
੨੩. ਹਜ਼ਾਰਾ : ਪੋਸਤ ਦਾ ਵੱਡਾ ਫੁੱਲ ।
੨੪. ਆਥਣ : ਸ਼ਾਮ ਦਾ ਸਮਾਂ, ਸੂਰਜ ਦੇ ਡੁੱਬਣ ਦਾ ਸਮਾਂ।
੨੫. ਜਮਾਦਾਰੀ : 'ਮਹਾਰਾਣੀ ਸ਼ਰਾਬ ਕੌਰ' ਕਿਤਾਬ ਵਿਚ ਪੋਸਤ ਨੂੰ ਸ਼ਰਾਬ ਰਾਣੀ ਦਾ ਜਮਾਦਾਰ ਬਣਾ ਕੇ ਪੇਸ਼ ਕੀਤਾ ਹੈ । ਏਥੇ ਇਸੇ ਗੱਲ ਵੱਲ ਇਸ਼ਾਰਾ ਹੈ ।

---

## ਨਾਲੇ ਗੁਰ ਬੰਧਪ ਨਾਲੇ ਗੁਰ ਸਿੱਖ

੧. ਬੰਧਪ : ਭਰਾ ਭਾਈ ।
੨. ਪਿਆਰ-ਪਜ : ਪਿਆਰ ਦਾ ਖ਼ਜ਼ਾਨਾ ।
੩. ਦੈਵੀ : ਦੇਵਤਿਆਂ ਵਰਗਾ, ਰੱਬੀ ।
੪. ਲਖਣਾ : ਪਛਾਣਨਾ, ਸਮਝਣਾ ।

Digitized by Panjab Digital Library | www.panjabdigilib.org

੫. ਅਭਿਆਗਤ-ਪਾਲਣਾ : ਸਾਧੂ ਸੇਵਾ (ਏਥੇ 'ਸੱਚੇ ਸੌਦੇ' ਦੀ ਕਹਾਣੀ ਵੱਲ ਇਸ਼ਾਰਾ ਹੈ)
੬. ਪਾਰਬ੍ਰਹਮ : ਪਰਮਾਤਮਾ ।
੭. ਅਰਸ਼ ਕੁਰਸ਼ : ਅਰਸ਼-ਆਸਮਾਨ, ਬੈਕੁੰਠ । ਕੁਰਸ਼ : (ਅਰਬੀ ਵਿਚ ਕੁਰਸ) ਸੂਰਜ ਜਾਂ ਚੰਦ ਦੀ ਟਿੱਕੀ । 'ਅਰਸ਼ ਕੁਰਸ਼' ਜਦੋਂ ਇਕੱਠੇ ਵਰਤੇ ਜਾਣ ਤਾਂ ਰੂਹਾਨੀ ਦੇਸ ਜਾਂ ਆਤਮ-ਮੰਡਲ ਦੇ ਅਰਥ ਦੇਂਦੇ ਹਨ ।
੮. ਕ੍ਰੋਧ-ਦ੍ਰਿਸ਼ਟੀ : ਗੁੱਸੇ ਨਾਲ ਭਰੀ ਹੋਈ ਨਜ਼ਰ ।
੯. ਵਲਿੱਖਾਂ ਚੀਰਨਾਂ : ਦੂਰ ਦਾ ਪੈਂਡਾ ਝਾਗ ਕੇ ਆਉਣਾ ।
੧੦. ਗਿਰਾ ਅਲਾਈ : ਗਿਰਾ-ਬਾਣੀ, ਗੱਲ । ਅਲਾਈ-ਕਹੀ ।
੧੧. ਭਗਨੀ : ਭੈਣ ।
੧੨. ਸੁਧਿ : ਖ਼ਬਰ ਸਾਰ ।
੧੩. ਜੀਅ-ਦਾਨ : ਜੀਵਨ-ਦਾਨ ਜਾਂ ਆਤਮਾ ਦਾ ਦਾਨ ।
੧੪. ਬਿਰਦ-ਪਾਲਕ : ਭਗਤਾਂ ਦੀ ਰੱਖਿਆ ਕਰਨ ਵਾਲਾ ।
੧੫. ਭਵ-ਸਿੰਧ : ਸੰਸਾਰ ਦਾ ਸਮੁੰਦਰ ।
੧੬. ਸਾਰ : ਸੁਰਤ ।
੧੭. ਕਰੁਣਾ : ਤਰਸ; ਰਹਿਮ ।
੧੮. ਨਿੱਜ : ਆਪਣਾ ।
੧੯. ਉਬਾਰਨਹਾਰ : ਡੁਬਦਿਆਂ ਨੂੰ ਬਚਾਉਣ ਵਾਲਾ, ਤਾਰਨ ਵਾਲਾ ।
੨੦. ਗੱਚ ਬੱਧਾ ਰੋਣ : ਭਰੇ ਹੋਏ ਗਲੇ ਨਾਲ ਰੋਣਾ ।
੨੧. ਲੱਜਜਾ : ਸ਼ਰਮ ।
੨੨. ਕਤ : ਪਤੀ ।
੨੩. ਬਿਰਹਾ : ਵਿਛੋੜਾ ।
੨੪. ਦਰਸ : ਦਰਸ਼ਨ ।

Digitized by Panjab Digital Library | www.panjabdigilib.org

੨੫. ਬੁੱਕੀਂ ਛੱਜੀਂ ਰੋਣਾ : ਜ਼ਾਰ ਜ਼ਾਰ ਰੋਣਾ ।
੨੬. ਦੇਹ ਧਾਰੀ : ਸਰੀਰ ਵਾਲਾ, ਜੀਵ ।
੨੭. ਥਿਰ : ਪੱਕਾ, ਅਟੱਲ ।
੨੮. ਉੱਧਾਰ : ਬਚਾਉ, ਮੁਕਤੀ ।
੨੯. ਸੀਹੜਾ : ਹੱਠ, ਤਪ ।
੩੦. ਕੁੰਢ : ਮੂਰਖ, ਬੇਸਮਝ ।
੩੧. ਕੌਤਕ : ਚਮਤਕਾਰ, ਤਮਾਸ਼ਾ ।
੩੨. ਸੰਤਾਪ : ਪੀੜ, ਕਸ਼ਟ ।
੩੩. ਮਾਇਆ : ਅਗਿਆਨ, ਭਰਮ ।
੩੪. ਚਿੜੀ ਚੁਹਕੀ.....ਨਾਮਹਿ ਰੰਗਾ : ਚਿੜੀ ਬੋਲੀ, ਅੰਮ੍ਰਿਤ ਵੇਲਾ ਹੋਇਆ ਬਹੁਤ ਲਹਿਰਾਂ ਉੱਠ ਰਹੀਆਂ ਹਨ; ਸੰਤ ਲੋਕ ਨਾਮ ਦੇ ਪਿਆਰ ਵਿੱਚ ਇਕ ਅਜੀਬ ਸਮਾਂ ਬੰਨ੍ਹ ਲੈਂਦੇ ਹਨ ।
੩੫. ਜਗ-ਤਾਰਕ : ਦੁਨੀਆਂ ਨੂੰ ਤਾਰਨ ਵਾਲਾ ।
੩੬. ਵੇਗ : ਵਹਾਉ, ਹੁਲਾਰਾ ।
੩੭. ਏਕਾਗ੍ਰਤਾ : ਧਿਆਨ ਦਾ ਟਿਕਾਉ, ਇਕਸੁਰਤਾ ।
੩੮. ਅਰਧੰਗੀ : ਪਤਨੀ ।
੩੯. ਸ਼ੁੱਭ ਲੱਖਣ : ਚੰਗੇ ਲੱਛਣ ।
੪੦. ਮਾਇਆ-ਵੇੜ੍ਹਿਆ : ਮਾਇਆ ਵਿਚ ਘਿਰਿਆ ਹੋਇਆ ।
੪੧. ਸਤੋਗੁਣੀ : ਚੰਗੇ ਗੁਣਾਂ ਵਾਲਾ, ਸਾਂਵੇਂ ਸੁਭਾ ਵਾਲਾ ।
੪੨. ਮੰਗਲ : ਖ਼ੁਸ਼ੀ, ਮੌਜ ਮੇਲਾ ।

---

## ਸਿਆਮੀ ਜੰਗਲਾਂ ਵਿਚ

੧. ਡਾਕਰ : ਉਪਜਾਊ ਧਰਤੀ ਜੋ ਰੇਤੇ ਅਤੇ ਪੀਲਕ ਤੋਂ ਬਿਨਾਂ ਹੁੰਦੀ ਹੈ ।

Digitized by Panjab Digital Library | www.panjabdigilib.org

੨. ਝੱਬ : ਝਟ ਪਟ, ਛੇਤੀ ।

੩. ਸਲੀਕਾ : ਜੁਗਤ, ਢੰਗ ।

੪. ਰੁੰਬਲਾ : ਖੇਤ ਵਿਚ ਜਿੱਥੇ ਰੇਹ ਦੀ ਢੇਰੀ ਪਈ ਰਹੇ ਉਸ ਥਾਂ ਦੀ ਫ਼ਸਲ ਵਧੇਰੇ ਸੰਘਣੀ ਤੇ ਉੱਚੀ ਹੁੰਦੀ ਹੈ, ਉਸ ਭਾਗ ਨੂੰ ਰੁੰਬਲਾ ਜਾਂ ਰੁੰਭਲਾ ਕਹਿੰਦੇ ਹਨ ।

੫. ਮਿਰਕਣ : ਅਮਰੀਕਾ ।

੬. ਹੱਥਾਂ ਪੈਰਾਂ ਦਾ ਝੂਠਾ ਪੈਣਾ : ਥਕਾਵਟ ਕਰ ਕੇ ਸੁਸਤ ਹੋ ਜਾਣਾ, ਸਿੱਥਲਤਾ ਆ ਜਾਣੀ ।

੭. ਤਸਕੀਨ : ਤਸੱਲੀ, ਚੈਨ ।

੮. ਸੁਰਾਲ : ਵੱਡੀ ਦੇਹ ਦਾ ਸੱਪ ।

੯. ਅਯਦਹਾ : ਸਰਾਲ, ਵੱਡਾ ਸੱਪ ।

੧੦. ਚੌਪਾਯਾ : ਚਾਰ ਪੈਰਾਂ ਵਾਲਾ, ਚੌਖੁਰਾ ।

੧੧. ਸਕਤ : ਸ਼ਕਤੀ, ਬਲ ।

---

## ਸਾਊਪੁਣਾ

੧. ਵਾਚਕ : ਸੂਚਕ, ਲਖਾਇਕ ।

੨. ਭੁਈਂ ਨਈਂ ਦੇ ਸਾਂਈਂ : ਜ਼ਮੀਨਾਂ ਤੇ ਨਦੀਆਂ ਦੇ ਮਾਲਕ, ਵੱਡੇ ਜ਼ਿਮੀਂਦਾਰ ।

੩. ਅਬਰੋ : ਆਬਰੂ, ਇੱਜ਼ਤ, ਪੱਤ ।

੪. ਅਵੈੜ : ਕੱਬਾ, ਪੁੱਠਾ, ਬਦਤਮੀਜ਼ ।

੫. ਸ਼ਖ਼ਸੀ : ਸ਼ਖ਼ਸ-ਵਿਅਕਤੀ; ਇਸ ਲਈ, ਸ਼ਖ਼ਸੀ-ਵਿਅਕਤੀ-ਗਤ; ਜ਼ਾਤੀ, ਨਿੱਜੀ ।

੬. ਸਭਿਅਤਾ : ਤਹਿਜ਼ੀਬ, ਸਾਊ ਜੀਵਨ ।

੭. ਉਤਾਵਲ : ਕਾਹਲ, ਤੇਜ਼ੀ ।

Digitized by Panjab Digital Library | www.panjabdigilib.org

੮. ਭਰਾਵੱਲੀ : ਭਰੱਪਣ, ਬਰਾਦਰੀ ।

੯. ਲੋਕਾਚਾਰ : ਲੋਕਾਂ ਦਾ ਰਿਵਾਜ, ਭਾਈਚਾਰੇ ਦੀ ਮਰਯਾਦਾ ।

੧੦. ਦ੍ਰਿੜ੍ਹਤਾ : ਪਕਿਆਈ ।

੧੧. ਹਗਤਾ : ਹੰਕਾਰ, ਹਉਮੈਂ ।

੧੨. ਚਾਪਲੂਸੀ : ਖ਼ੁਸ਼ਾਮਦ ।

੧੩. ਹੇਚ : ਤੁੱਛ, ਘਟੀਆ ।

੧੪. ਸਿਖਾਂਦਰੂ : ਸਿੱਖਣ ਵਾਲਾ, ਵਿਦਿਆਰਥੀ ।

੧੫. ਸਭਨਾ..ਮਚਾਂਗਵਾ : ਸਭ ਦਾ ਹਿਰਦਾ ਰਤਨ ਵਰਗਾ ਹੁੰਦਾ ਹੈ ; ਇਸ ਲਈ ਉਸ ਨੂੰ ਤੋੜਨਾ ਚੰਗਾ ਨਹੀਂ ।

੧੬. ਮਿਠਤਿ.....ਤਤੁ : ਮਿੱਠਾ ਬੋਲ ਤ ਨਿਮਰਤਾ ਸਭ ਚੰਗਿਆ-ਈਆਂ ਦੇ ਨਿਚੋੜ ਹਨ ।

੧੭. ਸਾਹਦੀ : ਈਰਾਨ ਦਾ ਮਸ਼ਹੂਰ ਸ਼ਾਇਰ ਜਿਸ ਦੀਆਂ ਦੋ ਰਚਨਾਵਾਂ ਗੁਲਿਸਤਾਂ ਤੇ ਬੋਸਤਾਂ ਜਗਤ-ਪ੍ਰਸਿੱਧ ਹਨ ।

੧੮. ਹਲੀਮੀ : ਨਿਮਰਤਾ, ਸਹਿਣ-ਸ਼ੀਲਤਾ ।

੧੯. ਨਬੀ : ਪੈਗ਼ੰਬਰ, ਹਜ਼ਰਤ ਮੁਹੰਮਦ ਸਾਹਿਬ ।

੨੦. ਰਸੂਲ ਕਰੀਮ : ਰਸੂਲ-ਪੈਗ਼ੰਬਰ; ਕਰੀਮ-ਮਹਾਨ ।

੨੧. ਸਗ : ਕੁੱਤਾ ।

੨੨. ਸਜਣ ਸੇਈ.....ਦਸੰਨਿ : ਮਿੱਤਰ ਉਹੀ ਹੁੰਦੇ ਹਨ ਜੋ ਜਿੱਥੇ ਜਾਈਏ ਸਾਥੀ ਬਣ ਕੇ ਨਾਲ ਜਾਣ, ਉਹ ਜਿੱਥੇ ਚਾਹੋ ਖੜੇ ਖੜੋਤੇ ਲੇਖਾ ਦੱਸ ਦਿੰਦੇ ਹਨ । (ਭਾਵ ਉਨ੍ਹਾਂ ਦਾ ਲੇਖਾ ਹਰ ਵੇਲੇ ਸਾਫ਼ ਹੁੰਦਾ ਹੈ ।)

੨੩. ਬਦਕਾਰੀ : ਦੁਰਾਚਾਰ, ਬਦਚਲਨੀ ।

੨੪. ਆਹਰ : ਦੇਖੋ 'ਪੋਸਤੀ ਦੀ ਕਮਾਈ' ਦਾ ਨੰਬਰ ੩ ।

੨੫. ਸ਼ਬਦ-ਭੇਟ : ਰਾਗੀ ਨੂੰ ਦਾਨ ਵਿੱਚ ਦਿੱਤੀ ਗਈ ਰਕਮ ਜੋ ਸ਼ਬਦ ਦੀ ਕਦਰ ਵਜੋਂ ਸਮਝੀ ਜਾਂਦੀ ਹੈ ।

Digitized by Panjab Digital Library | www.panjabdigilib.org

੨੬. ਰਵਾਦਾਰੀ : ਨਿਆਂ, ਸਚਾਈ, ਲਿਹਾਜ਼।

੨੭. ਹਾਫ਼ਜ਼ : ਜਿਸ ਨੂੰ ਸਾਰਾ ਕੁਰਾਨ ਯਾਦ ਹੋਵੇ ਉਸ ਨੂੰ 'ਹਾਫ਼ਿਜ਼' ਕਹਿੰਦੇ ਹਨ।

੨੮. ਮਜੀਦ : ਵੱਡਾ, ਅਦਬ ਕਰ ਕੇ ਕੁਰਾਨ ਨੂੰ 'ਕੁਰਾਨ ਸ਼ਰੀਫ਼' ਜਾਂ 'ਕੁਰਾਨ ਮਜੀਦ' ਕਿਹਾ ਜਾਂਦਾ ਹੈ।

੨੯. ਸ੍ਰੋਤਾ : ਸੁਣਨ ਵਾਲਾ।

੩੦. ਸ਼ਿਕਸਤਾ : ਜਲਦੀ ਦੀ ਲਿਖਤ ਜਿਸ ਵਿਚ ਅੱਖਰ ਸਾਬਤ ਨਹੀਂ ਰਹਿੰਦੇ।

---

## ਰੋਜ਼ਾਨਾ ਮਨੁੱਖਾ ਜੀਵਨ ਤੇ ਧਰਮ

੧. ਨਾਮਾ......ਮੀਤ : ਭਗਤ ਤ੍ਰਿਲੋਚਨ ਨਾਮ ਦੇਵ ਨੂੰ ਕਹਿੰਦਾ ਹੈ ਕਿ ਤੈਨੂੰ ਸੰਸਾਰੀ ਲਾਲਚਾਂ ਨੇ ਗ੍ਰੱਸ ਲਿਆ ਹੈ।

੨. ਕਾਹੇ......ਚੀਤ : ਛੀਟਾਂ ਕਿਉਂ ਪਿਆ ਛਿੰਬਦਾ ਹੈਂ ? ਰਾਮ ਵੱਲ ਦਿਲ ਕਿਉਂ ਨਹੀਂ ਮੋੜਦਾ ?

੩. ਨਾਮਾ......ਸਮਾਲਿ : ਨਾਮਾ ਤ੍ਰਿਲੋਚਨ ਨੂੰ ਉੱਤਰ ਦਿੰਦਾ ਹੈ ਕਿ ਮੂੰਹ ਤੋਂ ਰਾਮ ਨੂੰ ਯਾਦ ਕਰ।

੪. ਹਾਥ......ਨਾਲਿ : ਹਥਾਂ ਪੈਰਾਂ ਨਾਲ ਕੰਮ ਕਰ ਤੇ ਚਿੱਤ ਮਾਇਆ ਰਹਿਤ ਹਰੀ ਨਾਲ ਲਾ।

੫. ਗੋਸ਼ਾ : ਗਠ, ਨੁੱਕਰ।

੬. ਡੱਡੇਲਿੱਕਾ......ਸਰੀਤਾ : ਨਿੱਮੋਝੂਣ ਹੋ ਕੇ ਮਾਂ ਨੂੰ ਪੁੱਛਣ ਲੱਗਾ, "ਤੂੰ ਰਾਣੀ ਹੈਂ ਕਿ ਰਖੇਲੀ ?" ਸਾਵਾਣੀ-ਸਾਊ ਇਸਤਰੀ, ਉੱਚੇ ਖ਼ਾਨਦਾਨ ਵਾਲੀ। ਸੁਰੀਤਾ (ਅਰਬੀ)-ਚੋਰੀ ਰੱਖੀ ਹੋਈ ਇਸਤਰੀ।

੭. ਸਾਵਾਣੀ......ਦ੍ਰਿੜੀਤਾ : (ਮਾਂ ਨੇ ਕਿਹਾ) ਮੈਂ ਜਨਮ ਦੀ ਤਾਂ ਸਵਾਣੀ ਹਾਂ ਪਰ ਨਾਮ ਤੇ ਭਗਤੀ ਵਾਲਾ ਕੰਮ ਨਹੀਂ ਕੀਤਾ।

Digitized by Panjab Digital Library | www.panjabdigilib.org

੮. ਕਿਸ......ਮੀਤਾ : (ਧਰੂ ਨੇ ਮਾਂ ਨੂੰ ਪੁੱਛਿਆ) ਕਿਸ ਜਤਨ ਨਾਲ ਰਾਜ ਮਿਲੇ ਤੇ ਦੁਸ਼ਮਨ ਮਿੱਤਰ ਬਣ ਜਾਣ ?

੯. ਪਰਮੇਸਰੁ......ਪੁਨੀਤਾ : (ਮਾਂ ਨੇ ਉੱਤਰ ਦਿੱਤਾ) ਪਰਮੇਸ਼ਰ ਨੂੰ ਆਰਾਧਣਾ ਚਾਹੀਦਾ ਹੈ ਤਾਂ ਜੋ ਪਤਿਤ ਤੋਂ ਪਵਿੱਤਰ ਬਣਿਆ ਜਾ ਸਕੇ ।

੧੦. ਬਾਹਰਿ......ਅਤੀਤਾ : (ਇਹ ਸੁਣ ਕੇ ਧਰੂ) ਬਾਹਰ ਤਪ ਕਰਨ ਤੁਰ ਪਿਆ ਤੇ ਉਸ ਦਾ ਮਨ ਬੈਰਾਗੀ ਤੇ ਉਦਾਸ ਹੋ ਗਿਆ ।

੧੧. ਚੰਦ-ਰੋਜ਼ਾ : ਥੋੜ੍ਹਾ ਚਿਰ ਲਈ ਰਹਿਣ ਵਾਲੀ ।

੧੨. ਫ਼ਰੀਦਾ......ਕਰੇਉ : ਹੇ ਫ਼ਰੀਦ ! ਮੈਂ ਆਪਣੇ ਰੇਸ਼ਮੀ ਕਪੜੇ ਪਾੜ ਕੇ ਕਾਲੀ ਕੰਬਲੀ ਪਾ ਲਵਾਂ ਤੇ ਜਿਸ ਭੇਖ ਨਾਲ ਵੀ ਪਤੀ ਪਰਮਾਤਮਾ ਮਿਲਦਾ ਹੋਵੇ, ਮੈਂ ਉਹੀ ਧਾਰਨ ਕਰਾਂ ।

੧੩. ਤਨੁ......ਮਿਲੰਨਿ : ਮੇਰਾ ਸਰੀਰ ਤੰਦੂਰ ਵਾਂਗ ਤਪੇ ਤੇ ਬਾਲਣ ਦੀ ਥਾਂ ਹੱਡੀਆਂ ਬਲ ਜਾਣ; ਜੇ ਪੈਰਾਂ ਨਾਲ ਤੁਰਦਾ ਥੱਕ ਜਾਵਾਂ ਤਾਂ ਸਿਰ ਨਾਲ ਤੁਰਾਂ, ਸ਼ਾਇਦ ਕਿਤੇ ਮੇਰਾ ਪਿਆਰਾ ਮਿਲ ਪਵੇ !

੧੪. ਨਾਮੁਮਕਿਨ : ਜੋ ਹੋ ਹੀ ਨਹੀਂ ਸਕਦਾ, ਅਸੰਭਵ ।

੧੫. ਨਜ਼ਾਮ : (ਅਰਬੀ ਵਿੱਚ 'ਨਿਜ਼ਾਮ') ਪ੍ਰਬੰਧ ।

੧੬. ਪੰਜ-ਭੌਤਿਕ : ਪੰਜਾਂ ਭੂਤਾਂ ਦੀ ਬਣੀ ਹੋਈ; ਭੂਤ-ਮੂਲ ਦ੍ਰਵ ਜਿਨ੍ਹਾਂ ਦੀ ਮਦਦ ਨਾਲ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੋਈ ਹੈ ।

੧੭. ਸੈਲ......ਧਰਿਆ : ਪੱਥਰਾਂ ਵਿਚ ਜੀਵ ਪੈਦਾ ਕੀਤੇ ਤਾਂ ਉਨ੍ਹਾਂ ਦੇ ਖਾਣ ਪੀਣ ਦਾ ਸਾਮਾਨ ਵੀ ਪਹਿਲਾਂ ਪੈਦਾ ਕਰ ਦਿੱਤਾ ।

੧੮. ਸਈਆਰਾ : ਸੈਲਾਨੀ ਤਾਰਾ, ਗ੍ਰਹਿ ।

Digitized by Panjab Digital Library | www.panjabdigilib.org

## ਰਾਵਣ ਦਾ ਅੰਤ

੧. ਇੰਦਰ ਜੀਤ : ਰਾਵਣ ਦਾ ਪੁੱਤਰ ਜਿਸ ਦਾ ਦੂਜਾ ਨਾਂ ਮੇਘਨਾਦ ਸੀ।
੨. ਤਿੰਨ ਲੋਕ : ਸ੍ਵਰਗ, ਪ੍ਰਿਥਵੀ ਤੇ ਪਾਤਾਲ।
੩. ਵਿਭੀਖਣ : ਰਾਵਣ ਦਾ ਛੋਟਾ ਭਰਾ, ਜੋ ਸ੍ਰੀ ਰਾਮ ਚੰਦਰ ਜੀ ਦਾ ਪੱਖੀ ਸੀ।
੪. ਧਨੁਖ : ਕਮਾਨ।
੫. ਝਵਿਆ : ਝਉਂ ਗਿਆ; ਝਉਂਣਾ-ਕੁਮਲਾਉਣਾ।
੬. ਕਵਚ : ਸੰਜੋ, ਬਖ਼ਤਰ।
੭. ਦਾਨਵ : ਰਾਕਸ਼, ਦੈਂਤ।
੮. ਲੀਲੜੀ : ਗਰੜ।
੯. ਭੱਥਾ : ਤੀਰਾਂ ਵਾਲਾ ਥੈਲਾ।
੧੦. ਸਿੰਘ : ਸ਼ੇਰ।
੧੧. ਅਸਤ੍ਰ : ਦੂਰ ਮਾਰ ਕਰਨ ਵਾਲਾ ਸ਼ਸਤਰ।
੧੨. ਕੁਬੇਰ : ਧਨ ਦਾ ਦੇਵਤਾ।
੧੩. ਰੁਦ੍ਰ : ਸ਼ਿਵ ਜੀ ਦਾ ਇਕ ਰੂਪ।
੧੪. ਵਰੁਣ : ਜਲ ਦਾ ਦੇਵਤਾ।
੧੫. ਪਰਲੈ : ਪਰਲੋ, ਕਿਆਮਤ।
੧੬. ਅਸੁਰ : ਦੈਂਤ, ਰਾਕਸ਼।
੧੭. ਸ਼ੀਂਹ : ਸ਼ੇਰ।
੧੮. ਹਿੰਦਵਾਣਾ : ਮਤੀਰਾ।
੧੯. ਕੁਲ : ਨਸਲ, ਬੰਸ, ਜਾਤ।
੨੦. ਅਲਖ ਮੁਕਾਉਣੀ : ਖ਼ਾਤਮਾ ਕਰਨਾ।
੨੧. ਗੂਰਨਾ : ਉੱਗਰਨਾ, ਵਾਰ ਕਰਨ ਲਈ ਉੱਚਾ ਕਰਨਾ ਜਾਂ ਉਲਾਰਨਾ।

Digitized by Panjab Digital Library | www.panjabdigilib.org

੨੨. ਮੋਹਰੀ : ਫ਼ੌਜ ਦਾ ਮੂਹਰਲਾ ਹਿੱਸਾ, ਹਰਾਵਲ ਦਾ ਦਸਤਾ।
੨੩. ਵਰਿਆਮੀ : ਬਹਾਦਰੀ।
੨੪. ਪੂਜਾ ਕਰ ਰਹੇ ਸਨ : (ਉਲ ੇ ਅਰਥਾਂ ਵਿਚ ਵਰਤਿਆ ਹੈ) ਆਹੂ ਲਾਹ ਰਹੇ ਸਨ, ਭੁਗਤ ਸਵਾਰ ਰਹੇ ਸਨ।
੨੫. ਮਾਲੀ : ਮੱਲ ਦਾ ਇਨਾਮ, ਟਰੌਫ਼ੀ।
੨੬. ਤੀਰ ਹੋਣਾ : ਭੱਜ ਜਾਣਾ, ਖਿਸਕ ਜਾਣਾ।
੨੭. ਮੁਝਿਆ ਹੋਇਆ : ਮੁਰਝਾਇਆ ਹੋਇਆ, ਉਦਾਸ, ਝੁੰਵਿਆਂ ਹੋਇਆ।
੨੮. ਭੂਈਂ : ਧਰਤੀ।
੨੯. ਛਹਿਬਰ : ਮੀਂਹ, ਝੜੀ।
੩੦. ਸੂਲ : ਬਰਛਾ।
੩੧. ਅਮੋਘ : ਨਿਸਫਲ ਨਾ ਜਾਣ ਵਾਲਾ, ਅਚੂਕ।
੩੨. ਧਨੁਰ ਵੇਦ : ਉਹ ਸ਼ਾਸਤਰ ਜਿਸ ਵਿਚ ਤੀਰ-ਅੰਦਾਜ਼ੀ ਦੀ ਵਿਦਿਆ ਮਿਲਦੀ ਹੈ।
੩੩. ਕਲਪ-ਰੁੱਖ : ਸ੍ਵਰਗ ਦਾ ਇਕ ਦਰਖ਼ਤ ਜੋ ਸਭ ਇੱਛਾਵਾਂ ਪੂਰੀਆਂ ਕਰਦਾ ਮੰਨਿਆ ਗਿਆ ਹੈ।
੩੪. ਛਾਤਰ : ਛੱਤਰੀਆਂ ਜਾਂ ਕਸ਼ਤਰੀਆਂ ਦਾ।
੩੫. ਦਾਹ ਕਰਨਾ : ਫੂਕਣਾ, ਅੱਗ ਦੀ ਭੇਟ ਕਰਨਾ।
੩੬. ਕਾਹੀਆ : ਵਿਰਲਾਪ।
੩੭. ਮਾਣਕ : ਲਾਲ ਰੰਗ ਦਾ ਇਕ ਰਤਨ।
੩੮. ਅਰੁੰਧਤੀ : ਮਹਾਰਿਸ਼ੀ ਵਸ਼ਿਸ਼ਠ ਦੀ ਪਤਨੀ।
੩੯. ਰੋਹਿਣੀ : ਵਸੁਦੇਵ ਦੀ ਪਤਨੀ ਤੇ ਬਲਰਾਮ ਦੀ ਮਾਤਾ।

## ਜ਼ਿੰਦਗੀ ਦਾ ਹੱਸਦਾ ਪਾਸਾ

੧. ਕਸ਼ਮਕਸ਼ : ਘੋਲ, ਖਿੱਚਾ ਖਿੱਚੀ।
੨. ਹਸਰਤ : ਅਫ਼ਸੋਸ, ਦੁਖ, ਅਰਮਾਨ।

Digitized by Panjab Digital Library | www.panjabdigilib.org

੩. ਮਾਯੂਸੀ : ਨਿਰਾਸਾ ।
੪. ਖ਼ਿਜ਼ਾਂ : ਪਤ-ਝੜ ।
੫. ਸ਼ਾਮਲਾਤ : ਪਿੰਡ ਦੀ ਸਾਂਝੀ ਜ਼ਮੀਨ ।
੬. ਰੁਚਿਤ : ਰੁਚੀ ਵਾਲ਼ਾ ।
੭. ਮਹਿਫ਼ਲ : ਸਭਾ, ਸੱਥ ।
੮. ਮਕਬੂਲ : ਪਿਆਰਾ, ਪਸੰਦ, ਪਰਵਾਣਿਤ ।
੯. ਪਾਰਸਾਈ : ਪਵਿੱਤਰ, ਧਰਮਾਤਮਪੁਣਾ ।
੧੦. ਨਮੋਸ਼ੀ : ਸ਼ਰਮਿੰਦਗੀ ।
੧੧. ਜੁਜ਼ : ਹਿੱਸਾ, ਖੰਡ ।
੧੨. ਪ੍ਰਕ੍ਰਿਤੀ : ਸੁਭਾ ।
੧੩. ਮਸਨੂਈ : ਨਕਲੀ, ਝੂਠੀ ।
੧੪. ਬੇਤਾਬੀ : ਬੇਚੈਨੀ ।
੧੫. ਭਿਆਲ : ਭਾਈਵਾਲ, ਸੀਰੀ, ਸਾਥੀ ।
੧੬. ਵਫ਼ਾ : ਮਨੁੱਖੀ ਸੰਬੰਧਾਂ ਵਿਚ ਪਕਿਆਈ ਜਾਂ ਸਚਾਈ ।
੧੭. ਕਾਊਂਟਰ : ਮੇਜ਼, ਲੇਖੇ ਵਾਲੀ ਥਾਂ ।
੧੮. ਮਹਾਤਮ : ਵਡਿਆਈ ਜਾਂ ਮਹਿਮਾ ।
੧੯. ਮਰਸੀਆ : ਸੋਗੀ ਕਵਿਤਾ, ਸ਼ੋਕ-ਸੂਚਕ ਕਵਿਤਾ ।
੨੦. ਜਨੂਬੀ : ਦੱਖਣੀ ।
੨੧. ਖ਼ੁਤਬਾ : (ਅਰਬੀ ਵਿਚ 'ਕਤਬਾ'; 'ਖ਼ੁਤਬਾ' ਦੇ ਅਰਥ ਹੋਰ ਹੁੰਦੇ ਹਨ ਜੋ ਏਥੇ ਨਹੀਂ ਲਗਦੇ) ਕਬਰ ਉੱਤੇ ਲਿਖੀ ਹੋਈ ਯਾਦਗਾਰੀ ਲਿਖਤ ।
੨੨. ਮੁਸ਼ੱਕਤ : ਘਾਲ, ਮਿਹਨਤ ।
੨੩. ਆਮੀਨ : ਰੱਬ ਕਰੇ ਇਉਂ ਹੀ ਹੋਵੇ !

Digitized by Panjab Digital Library | www.panjabdigilib.org

## ਸਭਰਾਵਾਂ ਦੀ ਲੜਾਈ

੧. ਸਰ ਕਰਨਾ : ਫ਼ਤਿਹ ਕਰਨਾ ।
੨. ਟਕਾ ਪੰਥੀ : ਪੈਸੇ ਨੂੰ ਸਭ ਕੁੱਝ ਸਮਝਣ ਵਾਲਾ ।
੩. ਭਾੜੇ ਦਾ ਟੱਟੂ : ਪੈਸੇ ਦੇ ਲਾਲਚ ਵਿਚ ਕੰਮ ਕਰਨ ਵਾਲਾ ।
੪. ਨਮਕ ਹਰਾਮੀ : ਜਿਸ ਦਾ ਖਾਵੇ ਉਸੇ ਨਾਲ ਧੋਖਾ ਕਰਨ ਵਾਲਾ ।
੫. ਨਿੰਦਨੀਯ : ਨਿੰਦਣ-ਯੋਗ ।
੬. ਬਾਣਾ : ਪੋਸ਼ਾਕ, ਕਪੜੇ ।
੭. ਪੁਰਜ਼ਾ ਪੁਰਜ਼ਾ ਹੋਣਾ : ਟੁਕੜੇ ਟੁਕੜੇ ਹੋਣਾ ।
੮. ਭਾਂਜ : ਹਾਰ ।
੯. ਤੇਗ਼ : ਤਲਵਾਰ ।
੧੦. ਅੰਬਾਰੀ : ਹਾਥੀ ਦੇ ਉੱਪਰ ਟਿਕਾਈ ਜਾਣ ਵਾਲੀ ਪਾਲਕੀ ।
੧੧. ਜੌਹਰ : ਹੁਨਰ ।
੧੨. ਅਸ਼ ਅਸ਼ ਕਰ ਉੱਠਣਾ : ਪ੍ਰਸੰਸਾ ਵਿਚ ਵਾਹ ਵਾਹ ਕਰ ਉੱਠਣਾ ।
੧੩. ਗਹਿ-ਗੱਚ : ਘਮਸਾਨ (ਦੀ) ।
੧੪. ਗੀਧੀ : ਗੀਦੀ, ਪਾਜੀ, ਬੁਜ਼ਦਿਲ ।
੧੫. ਚਰਚ : ਚਰਚਾ ।
੧੬. ਬਿਫਰ ਕੇ : ਵਿਗੜ ਕੇ, ਭਖ ਕੇ ; ਗੁੱਸੇ ਵਿਚ ਆ ਕੇ ।
੧੭. ਸਨਮੁਖ : ਸਾਹਮਣੇ ।
੧੮. ਸ਼ਮਸ਼ੀਰ : ਤਲਵਾਰ ।
੧੯. ਹੁਕਮ ਸਤਿ ਕਰ ਜਾਣਾ : ਮਰ ਜਾਣਾ ।
੨੦. ਬਾਤਰੀਆਂ : (ਅੰਗ੍ਰੇਜ਼ੀ-'ਬੈਟਰੀ') ਤੋਪਾਂ ।
੨੧. ਵਿਜਈ : ਜੇਤੂ ।
੨੨. ਪ੍ਰਸੰਸਨੀਯ : ਸ਼ਲਾਘਾ-ਯੋਗ ।
੨੩. ਢੰਢਾ ਢੇਰ ।

Digitized by Panjab Digital Library | www.panjabdigilib.org

## ਸੱਪ

੧. ਸੱਪੇ.....ਸੱਟੇ : ਸੱਪ ਨੂੰ ਭਾਂਵੇਂ ਦੁੱਧ ਕਿਉਂ ਨਾ ਪਿਆਈਏ, ਉਹ ਆਪਣੇ ਮੂਹ ਵਿੱਚੋਂ ਜ਼ਹਿਰ ਹੀ ਕੱਢੇਗਾ

੨. ਦੁਧਾਲਾ : ਦੁੱਧ ਵਾਲਾ, ਦੁੱਧ ਦਾ ।

੩. ਜੌਂ-ਸਿਰਾ ਜੌਂ ਵਰਗੇ ਸਿਰ ਵਾਲਾ ।

੪. ਮਾਦਾ : ਮਦੀਨ ।

੫. ਨੇਮਣ : ਨਿਯਮ ਨਾਲ ਕਰਨ ਵਾਲੀ, ਬਾਕਾਇਦਾ ਕਰਨ ਵਾਲੀ ।

੬. ਜਾਨ ਦਾ ਖੌ ਬਣਨਾ : ਜਾਨ ਲਈ ਭੈ ਬਣ ਜਾਣਾ ।

੭. ਲਫ਼ਜ਼ਈ : ਲਫ਼ਜ਼ਾਂ ਦਾ ।

੮. ਮੂਜ਼ੀ : ਦੁਸ਼ਟ, ਕਸ਼ਟ ਦੇਣ ਵਾਲਾ ।

੯. ਬਾਜੂਬੰਦ : ਬਾਂਹ ਉਤੇ ਬੰਨ੍ਹਿਆ ਜਾਣ ਵਾਲਾ ਇਕ ਜ਼ਨਾਨਾ ਗਹਿਣਾ ।

੧੦. ਖੁਤਖੁਤੀ : ਤੜਫਣੀ, ਚਿੰਤਾ, ਫ਼ਿਕਰ ।

੧੧. ਦ੍ਰਿਸ਼ਟਾਂਤ : ਮਿਸਾਲ, ਉਦਾਹਰਣ ।

੧੨. ਇਲਮੀਅਤ : ਵਿਦਵਤਾ, ਲਿਆਕਤ ।

੧੩. ਸੰਧੀ : ਕਿਸੇ ਸ਼ਬਦ ਵਿਚ ਦੋ ਕੋਲੋਂ ਕੋਲ ਆਉਣ ਵਾਲੇ ਅੱਖਰਾਂ ਦਾ ਇਕ ਦੂਜੇ ਨਾਲ ਮਿਲ ਕੇ ਕੁੱਝ ਬਦਲ ਜਾਣਾ ਵਿਆਕਰਣ ਵਿਚ 'ਸੰਧੀ' ਅਖਵਾਉਂਦਾ ਹੈ, ਜਿਵੇਂ ਗੁਪਤ ਈਸ਼੍ਵਰ-ਗੁਪਤੇਸ਼੍ਵਰ ।

੧੪. ਨੱਕਾਸ਼ : ਨੱਕਾਸ਼ੀ ਕਰਨ ਵਾਲਾ, ਚਿਤਰਕਾਰ ।

੧੫. ਭਲਵਾਨ : ਪਹਿਲਵਾਨ, ਮੱਲ ।

੧੬. ਅਸਰਾਲ : ਵੇਖੋ 'ਸਿਆਮੀ ਜੰਗਲਾਂ ਵਿਚ' ਦਾ ਨੰਬਰ ੮ ।

੧੭. ਬਸੰਤ : ਵਸਨੀਕ ।

੧੮. ਸੰਜੋ : ਵੇਖੋ 'ਰਾਵਣ ਦਾ ਅੰਤ' ਦਾ ਨੰਬਰ ੬ ।

੧੯. ਫਹੁਬਾਜ਼ : ਝੂਠਾ, ਛਲੀਆ ।

Digitized by Panjab Digital Library / www.panjabdigilib.org

੨੦. ਯਥਾ ਸ਼ਕਤੀ : ਜਿੰਨਾ ਹੋ ਸਕਿਆ, ਲਗਦੀ ਵਾਹ, ਬਲ ਅਨੁਸਾਰ ।
੨੧. ਜਬ੍ਹਾ : ਦਬਦਬਾ, ਦਹਿਸ਼ਤ ।
੨੨. ਭੋਇੰ : ਧਰਤੀ ।
੨੩. ਰਾਹਕਾਰ : ਚਾਲਾਕ, ਖਚਰਾ ।
੨੪. ਘੱਟੇ ਕੌਡੀ ਰੁਲਾਉਣਾ : ਅਜਾਈਂ ਗਵਾਉਣਾ ।
੨੫. ਝਲਕਾਰ : ਝਲਕ, ਚਮਕ ਦਮਕ ।
੨੬. ਘੁੰਆਂ : ਮੀਸਣਾ, ਚੁੱਪੂ ।
੨੭. ਕੁਵਾਸ਼ਨੀਆ : ਭੈੜੀ ਵਾਸ਼ਨਾ ਵਾਲਾ (ਏਥੇ ਕਾਮ-ਵਾਸ਼ਨਾ ਵੱਲ ਇਸ਼ਾਰਾ ਹੈ ।)

## ਹਜ਼ਰਤ ਮੁਹੰਮਦ

੧. ਗੌਰਵ : ਵਡਿਆਈ, ਸਨਮਾਨ ।
੨. ਉਪਜੀਵਕਾ : ਰੋਜ਼ੀ ।
੩. ਚਿੰਤਾਤੁਰ : ਫ਼ਿਕਰਮੰਦ ।
੪. ਛੱਪਾ : ਦਬਾਉ, ਸਹਿਮ ।
੫. ਕਰ : ਟੈਕਸ ।
੬. ਨਜ਼ਰਾਨਾ : ਭੇਟ ।
੭. ਉਪਾਸ਼ਨਾ : ਪੂਜਾ, ਭਗਤੀ ।
੮. ਸਰਵੱਤਰੀ : ਹਰ ਥਾਂ ਮੌਜੂਦ ।
੯. ਸੰਕਲਪ : ਖ਼ਿਆਲ, ਤਸਵੱਰ ।
੧੦. ਵਿਸਾਹ ਘਾਤ : ਭਰੋਸਾ ਦੇ ਕੇ ਧੋਖੇ ਨਾਲ ਮਾਰਨਾ ।
੧੧. ਅਨੁਸਾਰੀ : ਪਿੱਛੇ ਤੁਰਨ ਵਾਲਾ, ਚੇਲਾ, ਸਾਥੀ ।
੧੨. ਸੰਗਠਿਤ : ਜੱਥੇਬੰਦ ।

Digitized by Panjab Digital Library | www.panjabdigilib.org

੧੩. ਪ੍ਰਤਿਭਾ : ਅਸਾਧਾਰਣ ਕਾਬਲੀਅਤ ।
੧੪. ਨਿਕਟ-ਵਰਤੀ : ਨੇੜੇ ਦਾ ।
੨੫. ਪਾਸਾਰ : ਖਿਲਾਰਾ, ਘੇਰਾ ।
੧੬. ਪਰਤਗਾਮੀ : ਉਲਟਾ ਤੁਰਨ ਵਾਲਾ, ਪਿਛਾਂਹ ਵੱਲ ਤੁਰਨ ਵਾਲਾ ।
੧੭. ਪ੍ਰਗਤੀ : ਅੱਗੇ ਵੱਲ ਵਧਣਾ, ਉੱਨਤੀ ।
੧੮. ਵਿਵਰਜਤ : ਮਨਾ ਹੋਈ ਹੋਈ ।
੧੯. ਹਰਮ : ਜ਼ਨਾਨ ਖ਼ਾਨਾ ।
੨੦, ਮਰਯਾਦਾ : ਨਿਯਮ ।
੨੧. ਅਗਰਗਾਮੀ : ਅੱਗੇ ਵੱਲ ਤੁਰਨ ਵਾਲਾ, ਤਰੱਕੀ-ਪਸੰਦ ।

## ਬਰਾਗੀ

੧. ਅਲਫ਼ : ਅਰਬੀ, ਫ਼ਾਰਸੀ ਆਦਿ ਅੱਖਰ-ਮਾਲਾਵਾਂ ਦੇ ਪਹਿਲੇ ਅੱਖਰ ਵਾਂਗ ਬਿਲਕੁਲ ਸਿੱਧਾ ।
੨. ਨਿਚੱਲਾ : ਜੋ ਟਿਕ ਕੇ ਨ ਬੈਠੇ ।
੩. ਠੰਢੀ : ਮਾਤਾ, ਚੀਚਕ ।
੪. ਖਾਉਪੀਏ : ਡੂੰਘੀ ਸ਼ਾਮ ਦਾ ਸਮਾਂ ।
੫. ਅਮਲਨਾਮਾ : ਇਸ ਥਾਂ ਇਸ ਸ਼ਬਦ ਦਾ ਭਾਵ 'ਅਮਲਾਂ ਜਾਂ ਕਰਮਾਂ ਦੀ ਸੂਚੀ' ਜਾਂ 'ਕਾਰਗੁਜ਼ਾਰੀ ਦਾ ਚਿੱਠਾ' ਹੈ ।
੬, ਪੱਤਰਾ ਵਾਚ ਜਾਣਾ : ਖਿਸਕ ਜਾਣਾ, ਨੱਸ ਜਾਣਾ ।

## ਸੇਵਾ ਪੰਥ

੧. ਸੰਪਰਦਾ : ਫ਼ਿਰਕਾ, ਮਤ ।
੨. ਇਸ਼ਟ-ਸਮਾਨ : ਗੁਰੂ ਵਾਂਗ ।

Digitized by Panjab Digital Library | www.panjabdigilib.org

੩. ਨਾਮ-ਅਭਿਆਸ : ਨਾਮ ਦਾ ਜਾਪ, ਨਾਮ ਜਪਣ ਦੀ ਮਸ਼ਕ ।
੪. ਪਾਨ ਕਰਨਾ : ਪੀਣਾ ।
੫. ਅਨਿੰਨ : (ਸੰਸਕ੍ਰਿਤ ਵਿਚ ਅਨਨਯ) ਜੋ ਕਿਸੇ ਹੋਰ ਨਾਲ ਸੰਬੰਧ ਨਾ ਰੱਖੇ, ਇੱਕੋ ਵਿਚ ਲੀਨ ਹੋਣ ਵਾਲਾ ।
੬. ਅਨੁਆਈ : ਪਿੱਛੇ ਤੁਰਨ ਵਾਲਾ, ਅਨੁਸਾਰੀ ।
੭. ਸਦਗੁਣ : ਅੱਛਾ ਗੁਣ ।
੮. ਮੁਰੀਦ-ਬਿਰਤੀ : ਸ਼ਰਧਾਲੂਆਂ ਵਾਲਾ ਸੁਭਾ ।
੯. ਸਨਾਤਨੀ : ਪੁਰਾਣੀ ਰੀਤ ਦਾ ਅਨੁਸਾਰੀ ।
੧੦. ਪਰਸੁਆਰਥੀ : ਪਰਉਪਕਾਰੀ, ਦੂਜਿਆਂ ਦਾ ਕੰਮ ਸੁਆਰਨ ਵਾਲਾ ।
੧੧. ਅਭਿਆਸੀ : ਅਭਿਆਸ ਕਰਨ ਵਾਲਾ, ਸਾਧਕ ।
੧੨. ਹੱਕੀ : ਸੱਚਾ, ਅਸਲੀ ।
੧੩. ਗੋਬਿੰਦ-ਰੂਪ : ਪਰਤਾਮਾ ਦਾ ਰੂਪ ।
੧੪. ਹਲਾਲ-ਖ਼ੋਰ : ਚੂਹੜਾ ।
੧੫. ਨਿਰਵਾਸ਼ਨਾ : ਨਿਸ਼ਕਾਮ, ਬੇ ਗ਼ਰਜ਼ ।
੧੬. ਉਪਰਾਮ ਬਿਰਤੀ : ਉਦਾਸੀ ਜਾਂ ਤਿਆਗ ਵਾਲਾ ਸੁਭਾ ।
੧੭. ਸਾਰਗ੍ਰਾਹੀ : ਸੱਚ ਦਾ ਗਾਹਕ, ਤੱਤਵੇਤਾ ।
੧੮, ਅਵੱਸ : ਬੇਇਖ਼ਤਿਆਰ, ਬੇਵੱਸ ।
੧੯. ਜਗਿਆਸੂ : ਖੋਜੀ, ਜਾਣਨ ਜਾਂ ਸਿੱਖਣ ਦੀ ਇੱਛਾ ਰੱਖਣ ਵਾਲਾ ।
੨੦. ਤੁੱਖਣੀ ਦੇਣਾ : ਚੁੱਕ ਦੇਣੀ ।
੨੧. ਅਤੀਤ : ਸੰਨਿਆਸੀ, ਤਿਆਗੀ, ਸਾਧੂ ।
੨੨. ਤਜਣਾ : ਛੱਡਣਾ, ਤਿਆਗ ਦੇਣਾ ।
੨੩. ਉਕਾਬੀ : ਉਕਾਬ ਵਾਲਾ ਜਾਂ ਵਰਗਾ, ਉੱਚਾ ।
੨੪. ਅਲਖ ਗਜਾਉਣਾ : ਜੋਗੀਆਂ ਦਾ ਬੋਲਾ, ਜੋਗੀਆਂ ਦਾ ਮੰਗਣ ਸਮੇਂ ਅਲੱਖ, ਅਲੱਖ ਦਾ ਆਵਾਜ਼ਾ ਦੇਣਾ ।

Digitized by Panjab Digital Library | www.panjabdigilib.org

੨੫. ਮੂੜੀ : ਰਾਸ, ਪੂੰਜੀ ।
੨੬. ਸਾਧਗੀਰੀ : ਫ਼ਕੀਰੀ, ਸਾਧਪੁਣਾ ।
੨੭. ਜੱਕੋ ਤੱਕਾ : ਦੋ ਚਿੱਤੀ ।
੨੮. ਤਿਰੀਆ ਤ੍ਰਿਸਕਾਰ : ਇਸਤਰੀ ਦਾ ਅਪਮਾਨ ।
੨੯. ਟਿਭ ਜਾਣਾ : ਖਿਸਕ ਜਾਣਾ ।
੩੦. ਮੱਠ-ਵਾਸੀ : ਘਰ ਬਾਰ ਛੱਡ ਕੇ ਡੇਰੇ ਵਿਚ ਰਹਿਣ ਵਾਲਾ ਸਾਧੂ ।
੩੧. ਮੱਧ ਕਾਲ : ਪ੍ਰਾਚੀਨ ਤੇ ਵਰਤਮਾਨ ਇਤਿਹਾਸ ਦੇ ਵਿਚਕਾਰ ਦਾ ਸਮਾਂ ।
੩੨. ਦੁਰਾਚਾਰ : ਬਦ ਚਲਨੀ ।

---

## ਭਗਤ ਸਿੰਘ

੧. ਤਰਮੀਮ : ਸੋਧ, ਸੰਸ਼ੋਧਨ ।
੨. ਹਰਾਸਤ : ਕੈਦ, ਰੱਖਿਆ ।
੩. ਤਰਬੀਅਤ : ਸਿਖਲਾਈ, ਪਾਲ ਪੋਸ ।
੪. ਤਸ਼ੱਦਦ : ਸਖ਼ਤ ਹੋਣਾ ਜਾਂ ਸਖ਼ਤੀ ਕਰਨੀ, ਹਿੰਸਕ ਕਰਮ ।
੫. ਖ਼ਿਦਮਤ ਦੇ ਇਵਜ਼ : ਸੇਵਾ ਦੇ ਬਦਲੇ ਵਿਚ ।
੬. ਉੱਬੜਵਾਹੀਆਂ : ਸੁਤ-ਜਾਗੇ ਵਿਚ ਕੀਤੀਆਂ ਗੱਲਾਂ, ਬੇ-ਥਵ੍ਹੀਆਂ ।
੭. ਸਿਆਸੀ ਫ਼ਿਜ਼ਾ : ਰਾਜਸੀ ਵਾਤਾਵਰਣ, ਰਾਜਨੀਤਕ ਆਲਾ ਦੁਆਲਾ ।
੮. ਮਹਿਬੂਬ : ਪਿਆਰਾ ।
੯. ਇਖ਼ਤਿਲਾਫ਼ : ਵਿਰੋਧ, ਭੇਦ ।

Digitized by Panjab Digital Library | www.panjabdigilib.org

੧੦. ਟਰੀਬੂਨਲ : ਅਦਾਲਤ ।

੧੧. ਐਜੀਟੇਸ਼ਨ ਕਰਨਾ : ਹਲਚਲ ਮਚਾਉਣੀ, ਉਕਸਾਉਣਾ ਜਾਂ ਭੜਕਾਉਣਾ ।

੧੨. ਸਰਫ਼ਰੋਸ਼ੀ : ਆਪਾ ਵਾਰਨਾ ।

੧੩. ਤਮੰਨਾ : ਇੱਛਾ ।

੧੪. ਸੁਲਤਾਨੀ ਗਵਾਹ : ਸਰਕਾਰੀ ਗਵਾਹ ।

੧੫. ਸ਼ਨਾਖ਼ਤ : ਪਛਾਣ ।

੧੬. ਤੇਗ਼ : 'ਸਭਰਾਵਾਂ ਦੀ ਲੜਾਈ' ਦਾ ਨੰਬਰ ੯ ਵੇਖੋ ।

੧੭. ਬੁਜ਼ਦਿਲ : ਡਰਾਕਲ ।

੧੮. ਜਾਇਜ਼ : ਯੋਗ, ਵਾਜਬ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

[illegible]

[illegible]

B-1543

Digitized by Panjab Digital Library | www.panjabdigilib.org

Digitized by Panjab Digital Library | www.panjabdigilib.org